ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ

SADE LOK sadelok.com

28 ਜਨਵਰੀ ਤੋਂ 3 ਫਰਵਰੀ 2026

ਸਾਲ 17ਵਾਂ - ਅੰਕ 5
email : info@sadelok.com

Ph. : 510-706-1300
Fax : 925-373-1300

ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਪਾਵਨ ਪਵਿੱਤਰ ਪ੍ਰਕਾਸ਼ ਦਿਵਸ ਦੀਆਂ



## ਲੱਖ-ਲੱਖ ਵਧਾਈਆਂ

(ਦੇਖੋ ਸਫ਼ਾ 40-46 'ਤੇ)

## ਸਾਬਕਾ ਮੁੱਖ ਮੰਤਰੀ ਬੀਬੀ ਰਾਜਿੰਦਰ ਕੌਰ ਭੱਠਲ ਦਾ ਇੰਟਰਵਿਊ ਸਪਸ਼ਟ ਕਰਦਾ ਹੈ ਕਿ ਉਸ ਖ਼ੂਨੀ ਦੌਰ ਦੌਰਾਨ ਪੰਜਾਬ 'ਚ ਹੋਏ ਰੇਲ ਗੱਡੀਆਂ 'ਚ ਬੰਬ ਧਮਾਕੇ ਅਤੇ ਹਿੰਦੂਆਂ ਦੇ ਕਤਲ ਪਿਛੇ ਭਾਰਤੀ ਖੁਫ਼ੀਆ ਏਜੰਸੀਆਂ ਦਾ ਹੱਥ ਸੀ



ਚੰਡੀਗੜ੍ਹ : ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ ਨੇ ਇੱਕ ਇੰਟਰਵਿਊ ਦੌਰਾਨ ਵੱਡਾ ਦਾਅਵਾ ਕੀਤਾ ਸੀ ਕਿ ਮੇਰੀ ਸਰਕਾਰ ਵੇਲੇ ਮਾੜੀ ਪ੍ਰੋਪੋਜ਼ਲ ਆਈ ਸੀ। ਉਨ੍ਹਾਂ ਕਿਹਾ ਕਿ 'ਮੈਨੂੰ ਅਫ਼ਸਰਾਂ ਨੇ ਕਿਹਾ ਸੀ, ਸਰਕਾਰ ਦੁਬਾਰਾ ਬਣ ਜਾਵੇਗੀ।' ਉਨ੍ਹਾਂ ਕਿਹਾ ਕਿ 'ਅਫ਼ਸਰਾਂ ਨੇ ਕਿਹਾ ਸੀ ਟਰੇਨਾਂ ਅਤੇ ਬਜ਼ਾਰਾਂ 'ਚ ਬੰਬ ਚਲਾ ਕੇ ਦਹਿਸ਼ਤ ਫੈਲਾਵਾਂਗੇ।' ਭੱਠਲ ਨੇ ਆਖਿਆ ਕਿ ਲੋਕਾਂ

(ਦੇਖੋ ਸਫ਼ਾ 32 'ਤੇ)

## 77ਵਾਂ ਗਣਤੰਤਰ ਦਿਵਸ: ਕਰਤੱਵਯਾ ਪੱਥ 'ਤੇ ਪੰਜਾਬ 'ਚ ਦਿਖਾਇਆ 'ਹਿੰਦ ਦੀ ਚਾਦਰ' ਦਾ ਲਾਸਾਨੀ ਇਤਿਹਾਸ

### ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਨੂੰ ਸਮਰਪਿਤ ਰਹੀ ਪੰਜਾਬ ਦੀ ਝਾਕੀ

ਨਵੀਂ ਦਿੱਲੀ : ਭਾਰਤ ਦੇ 77ਵੇਂ ਗਣਤੰਤਰ ਦਿਵਸ ਮੌਕੇ ਕਰਤੱਵਯਾ ਪੱਥ 'ਤੇ ਪੰਜਾਬ ਦੀ ਝਾਕੀ ਖਿੱਚ ਦਾ ਕੇਂਦਰ ਰਹੀ, ਜੋ ਕਿ ਮਨੁੱਖਤਾ ਦੇ ਰਹਿਬਰ ਨੌਵੇਂ ਸਿੱਖ ਗੁਰੂ, ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਨੂੰ ਸਮਰਪਿਤ ਸੀ। ਝਾਕੀ ਰਾਹੀਂ ਗੁਰੂ ਸਾਹਿਬ ਦੀ ਧਾਰਮਿਕ ਆਜ਼ਾਦੀ, ਨਿਆਂ ਅਤੇ ਮਨੁੱਖੀ ਅਧਿਕਾਰਾਂ ਲਈ ਦਿੱਤੀ ਗਈ ਲਾਸਾਨੀ ਕੁਰਬਾਨੀ ਨੂੰ ਬਹੁਤ ਹੀ ਸ਼ਰਧਾ ਅਤੇ ਸਤਿਕਾਰ ਨਾਲ ਪੇਸ਼ ਕੀਤਾ ਗਿਆ।

ਝਾਕੀ ਦੇ ਮੂਹਰਲੇ ਹਿੱਸੇ ਵਿੱਚ ਘੁੰਮਦਾ ਹੋਇਆ 'ਇੱਕ ਓਅੰਕਾਰ' ਦਾ ਚਿੰਨ੍ਹ ਸੱਚ ਅਤੇ ਸਰਬ-ਸਾਂਝੀਵਾਲਤਾ ਦਾ ਸੰਦੇਸ਼ ਦੇ ਰਿਹਾ ਸੀ, ਜਦੋਂਕਿ ਇੱਕ ਪ੍ਰਕਾਸ਼ਮਾਨ ਹੱਥ ਉੱਤੇ 'ਹਿੰਦ ਦੀ ਚਾਦਰ' ਲਿਖਿਆ ਕੱਪੜਾ ਗੁਰੂ ਸਾਹਿਬ ਦੇ ਜ਼ੁਲਮ ਵਿਰੁੱਧ

(ਦੇਖੋ ਸਫ਼ਾ 23 'ਤੇ)




## ਅਮਰੀਕਾ ਵਿੱਚ ਸਿੱਖਾਂ ਦੀ ਮਹਾਨ ਵਿਰਾਸਤ ਗੁਰਦੁਆਰਾ ਸਾਹਿਬ ਸੈਨਹੋਜ਼ੇ ਕੈਲੀਫੋਰਨੀਆਂ ਦੀ ਵਿਸ਼ਾਲ ਇਮਾਰਤ ਨੂੰ ਡਬਲ ਸਟੋਰੀ ਕਰਨ ਲਈ ਸੰਗਤਾਂ ਵਲੋਂ ਨੀਂਹ ਪੱਥਰ ਰੱਖਿਆ ਗਿਆ



(ਸੈਨਹੋਜ਼ੇ /ਕੈਲੀਫੋਰਨੀਆ): ਵਿਦੇਸ਼ਾਂ ਵਿੱਚ ਸਿੱਖ ਕੌਮ ਦੀ ਚੜ੍ਹਦੀ ਕਲਾ ਦੇ ਪ੍ਰਤੀਕ ਅਤੇ ਸਭ ਤੋਂ ਵੱਡੇ ਗੁਰੂ ਘਰਾਂ ਵਿੱਚੋਂ ਇੱਕ, ਗੁਰਦੁਆਰਾ ਸਾਹਿਬ ਸੈਨ ਹੋਜ਼ੇ ਵਿਖੇ ਵਿਕਾਸ ਕਾਰਜਾਂ ਨੂੰ ਅੱਗੇ ਵਧਾਉਂਦੇ ਹੋਏ ਦੋ ਨਵੀਆਂ ਇਮਾਰਤਾਂ ਦਾ ਨੀਂਹ ਪੱਥਰ ਰੱਖਿਆ ਗਿਆ। ਅਮਰੀਕਾ ਵਿੱਚ ਸਿੱਖਾਂ ਦੀ ਮਹਾਨ ਵਿਰਾਸਤ ਗੁਰਦੁਆਰਾ ਸਾਹਿਬ ਸੈਨਹੋਜ਼ੇ ਕੈਲੀਫੋਰਨੀਆਂ ਦੀ ਵਿਸ਼ਾਲ ਇਮਾਰਤ ਨੂੰ ਡਬਲ ਸਟੋਰੀ ਕਰਨ ਲਈ ਸੰਗਤਾਂ ਵਲੋਂ ਨੀਂਹ ਪੱਥਰ ਰੱਖਿਆ ਗਿਆ ਇਥੇ ਇਹ ਜਿਕਰਯੋਗ ਹੈ ਕੀ ਇਸ ਪਵਿੱਤਰ ਕਾਰਜ ਲਈ



ਖਹਿਰਾ ਭਰਾਵਾਂ ਵਲੋਂ ਇਸ ਪਵਿੱਤਰ ਕਾਰਜ ਲਈ 51 ਹਜ਼ਾਰ ਡਾਲਰ ਨਾਲ ਸੇਵਾ

(ਦੇਖੋ ਸਫ਼ਾ 34 'ਤੇ)

## ਟਰੰਪ ਨੇ ਈਰਾਨ ਨੂੰ ਦਿੱਤੀ ਸਖਤ ਚਿਤਾਵਨੀ

## ਪ੍ਰਮਾਣੂ ਸਮਝੌਤਾ ਕਰੋ ਜਾਂ ਭਿਆਨਕ ਹਮਲੇ ਲਈ ਤਿਆਰ ਰਹੋ



ਵਾਸ਼ਿੰਗਟਨ : ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬੁੱਧਵਾਰ ਨੂੰ ਈਰਾਨ ਨੂੰ ਸਖ਼ਤ ਸ਼ਬਦਾਂ ਵਿੱਚ ਚੇਤਵਾਨੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਈਰਾਨ ਜਲਦ ਤੋਂ ਜਲਦ ਗੱਲਬਾਤ ਦੇ ਮੇਜ਼ 'ਤੇ ਆਵੇ ਅਤੇ ਪਰਮਾਣੂ ਹਥਿਆਰਾਂ ਬਾਰੇ ਸਮਝੌਤਾ ਕਰੇ, ਨਹੀਂ ਤਾਂ ਅਮਰੀਕਾ ਦਾ ਅਗਲਾ ਹਮਲਾ

(ਦੇਖੋ ਸਫ਼ਾ 32 'ਤੇ)



## ਸਰਬੱਤ ਖ਼ਾਲਸਾ 1986 ਦੀ 40ਵੀਂ ਵਰ੍ਹੇਗੰਢ ਮੌਕੇ ਅਕਾਲ ਤਖ਼ਤ ਸਾਹਿਬ ਸਨਮੁੱਖ ਵਿਸ਼ਾਲ ਪੰਥਕ ਇਕੱਠ ਵਲੋਂ ਮੁੜ ਦੁਹਰਾਈ ਖਾਲਿਸਤਾਨ ਦੀ ਮੰਗ

ਅੰਮ੍ਰਿਤਸਰ : ਚਾਰ ਸਿੱਖ ਜਥੇਬੰਦੀਆਂ ਦਲ ਖ਼ਾਲਸਾ, ਭਾਈ ਜਗਤਾਰ ਸਿੰਘ ਹਵਾਰਾ ਕਮੇਟੀ, ਅਕਾਲੀ ਦਲ (ਅ) ਅਤੇ ਪੰਚ ਪ੍ਰਧਾਨੀ ਜਥਾ ਵਲੋਂ 26 ਜਨਵਰੀ, 1986 ਨੂੰ ਅਕਾਲ ਤਖ਼ਤ ਸਾਹਿਬ ਵਿਖੇ ਹੋਏ ਸਰਬੱਤ ਖ਼ਾਲਸਾ ਦੀ 40ਵੀਂ ਯਾਦ ਸਾਂਝੇ ਤੌਰ 'ਤੇ ਮਨਾਉਂਦਿਆਂ ਅਹਿਮ ਮਤਾ ਪਾਸ ਕਰਕੇ ਅਗਾਮੀ 29 ਅਪ੍ਰੈਲ ਨੂੰ ਖ਼ਾਲਿਸਤਾਨ ਐਲਾਨਨਾਮੇ ਦੀ 40ਵੀਂ ਵਰ੍ਹੇਗੰਢ ਵੀ ਵੱਡੇ ਪੱਧਰ 'ਤੇ ਮਨਾਉਣ ਦਾ ਫ਼ੈਸਲਾ ਕੀਤਾ ਗਿਆ। ਇਸ ਤੋਂ ਪਹਿਲਾਂ ਉਕਤ ਜਥੇਬੰਦੀਆਂ ਵਲੋਂ ਗੁਰਦੁਆਰਾ ਸੰਤੋਖਸਰ ਸਾਹਿਬ ਦੇ ਨਜ਼ਦੀਕ ਸਾਂਝੀ ਪੰਥਕ ਕਾਨਫ਼ਰੰਸ ਵੀ ਕੀਤੀ ਗਈ ਅਤੇ ਮਾਰਚ ਦੇ ਰੂਪ ਵਿਚ ਅਕਾਲ ਤਖ਼ਤ ਸਾਹਿਬ ਵਿਖੇ ਪੁੱਜੇ ਅਤੇ ਸਾਂਝਾ ਐਲਾਨਨਾਮਾ ਜਾਰੀ ਕੀਤਾ ਗਿਆ। ਇਸ ਮਾਰਚ ਦੌਰਾਨ ਹੱਥਾਂ ਵਿਚ ਖ਼ਾਲਿਸਤਾਨ ਦੇ ਝੰਡੇ ਫੜ ਕੇ ਜਥੇਬੰਦੀਆਂ ਦੇ ਕਾਰਕੁਨਾਂ ਨੇ ਖ਼ਾਲਿਸਤਾਨ ਪੱਖੀ ਨਾਅਰੇਬਾਜ਼ੀ ਵੀ ਕੀਤੀ।

(ਦੇਖੋ ਸਫ਼ਾ 35 'ਤੇ)

Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas
Fiancee visas
H1/L1/H4/L2/NAFTA TN/E2/E3
Student Visa
B-1/B-2 Visitor Visas and
Other Categories of nonimmigrant visas
Other Immigrantion Services
Citizenship
e-Verify, 1-9 and
Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਮਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

KW LAKE WASHINGTON SO
KELLERWILLIAMS. REALTY
CJ Singh
Realtor
License # 24012019
Real Estate Broker
CJ Singh
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
(206) 295-5993 | c.singh@kw.com | realtorcjsingh.com
bellevueareahomefinder.com
707 S Grady Way Suit 730, Renton, WA 98057

SAN RAMON
Lathrop & Mani Street Manteca
URGENT CARE & CLINIC
Call US : 209-637-0210 | 612-578-8078 | 925-495-0207
CITIZENSHIP ELIGIBILITY AND GREEN CARD APPLICATION
Visit Us Now! Dr. Rajesh Maheshwari, MD
9140 Alcosta Boulevard Ste D San Ramon, CA 94583 (925) 361-5959
15810 Harlan Road #A Lathrop, CA 95330 (209) 983-9000
1040 North Main Street Manteca, CA 95336 (209) 825-51155
San Ramon URGENT CARE & CLINIC
Lathrop URGENT CARE
Main Street URGENT CARE
https :.//www.sanramonurgentcare.com | Email us at info@sanramonucc.com

ਪੋਲੀਟੀਕਲ ਅਸਾਈਲਮ Political Asylum
Deportation of Defense BIA Appeal
9 Circuit Court Federal Court
ਗਰੀਨਕਾਰਡ ਸਿਟੀਜਨਸ਼ਿਪ
Green Card Citizenship
ਡਾਈਵੋਰਸ ਸਿਵਲ ਐਂਡ ਕਰੀਮੀਨਲ ਕੇਸ
Divorce Civil and Criminal Cases
Family Petition Immigration
Travel document Work Permit
Harminder Singh Samana
Office Manager
239 West Yosemite Ave Manteca CA 95336 | hsrotal.64@gmail.com
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
LAW OFFICES OF EMMANUEL ENYINWA
ESQ, Abogado
All Services Under One Roof
ਨੋਟ : ਇਥੇ ਸਪੈਨਿਸ਼ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ਼ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।
369 Pine Street, Suite 420, San Francisco, CA 94104
Enyinwalaw@gmail.com
209-481-7750
209-624-3919
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ Manteca-Arizona- San Francisco
EMMANUEL ENYINWA
Attorney of Law
Tel. 415-956-6100
Fax. 415-956-6111

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM

### ਭਾਰਤੀਆਂ ਨੂੰ ਵੱਡਾ ਝਟਕਾ !

# Texas ਦੀਆਂ ਸਰਕਾਰੀ ਯੂਨੀਵਰਸਿਟੀਆਂ ਨੇ ਰੋਕਿਆ H-1B ਵੀਜ਼ਾ

ਹਿਊਸਟਨ: ਅਮਰੀਕਾ ਦੇ ਸੂਬੇ ਟੈਕਸਾਸ ਤੋਂ ਭਾਰਤੀ ਪੇਸ਼ੇਵਰਾਂ ਲਈ ਇੱਕ ਚਿੰਤਾਜਨਕ ਖ਼ਬਰ ਸਾਹਮਣੇ ਆਈ ਹੈ। ਟੈਕਸਾਸ ਦੇ ਗਵਰਨਰ ਗ੍ਰੇਗ ਐਬਟ ਨੇ ਸੂਬੇ ਦੀਆਂ ਸਾਰੀਆਂ ਸਰਕਾਰੀ ਏਜੰਸੀਆਂ ਅਤੇ ਜਨਤਕ ਯੂਨੀਵਰਸਿਟੀਆਂ ਵਿੱਚ ਨਵੇਂ H-1B ਵੀਜ਼ਾ ਪਟੀਸ਼ਨਾਂ ’ਤੇ ਤੁਰੰਤ ਪ੍ਰਭਾਵ ਨਾਲ ਰੋਕ ਲਗਾਉਣ ਦੇ ਹੁਕਮ ਦਿੱਤੇ ਹਨ।

**ਮਈ 2027 ਤੱਕ ਲਾਗੂ ਰਹੇਗੀ ਪਾਬੰਦੀ**




ਗਵਰਨਰ ਵੱਲੋਂ ਜਾਰੀ ਕੀਤੇ ਗਏ ਨਿਰਦੇਸ਼ਾਂ ਅਨੁਸਾਰ, ਇਹ ਫੈਸਲਾ ਮਈ 2027 ਤੱਕ ਲਾਗੂ ਰਹੇਗਾ। ਹੁਣ ਕੋਈ ਵੀ ਸਰਕਾਰੀ ਸੰਸਥਾ ਟੈਕਸਾਸ ਵਰਕਫੋਰਸ ਕਮਿਸ਼ਨ ਦੀ ਲਿਖਤੀ ਮਨਜ਼ੂਰੀ ਤੋਂ ਬਿਨਾਂ ਨਵੀਂ H-1B ਵੀਜ਼ਾ ਅਰਜ਼ੀ ਦਾਇਰ ਨਹੀਂ ਕਰ ਸਕੇਗੀ। ਗਵਰਨਰ ਐਬਟ ਦਾ ਕਹਿਣਾ ਹੈ ਕਿ ਇਹ ਕਦਮ ਵੀਜ਼ਾ ਪ੍ਰੋਗਰਾਮ ਵਿੱਚ ਹੋ ਰਹੀ ਕਥਿਤ ਦੁਰਵਰਤੋਂ ਨੂੰ ਰੋਕਣ ਅਤੇ ਅਮਰੀਕੀ ਨੌਕਰੀਆਂ ਅਮਰੀਕੀ ਕਾਮਿਆਂ ਨੂੰ ਦੇਣ ਲਈ ਚੁੱਕਿਆ ਗਿਆ ਹੈ।

**ਭਾਰਤੀਆਂ ’ਤੇ ਪਵੇਗਾ ਸਭ ਤੋਂ ਵੱਧ ਅਸਰ**

ਇਸ ਫੈਸਲੇ ਦੀ ਸਭ ਤੋਂ ਵੱਡੀ ਮਾਰ ਭਾਰਤੀਆਂ ’ਤੇ ਪੈਣ ਦੀ ਉਮੀਦ ਹੈ, ਕਿਉਂਕਿ ਕੁੱਲ ਪ੍ਰਵਾਨਿਤ 8-12 ਅਰਜ਼ੀਆਂ ਵਿੱਚੋਂ 71 ਫੀਸਦੀ ਹਿੱਸਾ ਇਕੱਲੇ ਭਾਰਤੀਆਂ ਦਾ ਹੈ। ਟੈਕਸਾਸ ਦੀਆਂ ਯੂਨੀਵਰਸਿਟੀਆਂ ਵਿੱਚ ਵੱਡੀ ਗਿਣਤੀ ਵਿੱਚ ਭਾਰਤੀ ਫੈਕਲਟੀ ਅਤੇ ਖੋਜਕਰਤਾ ਇੰਜੀਨੀਅਰਿੰਗ, ਸਿਹਤ ਸੰਭਾਲ ਅਤੇ ਤਕਨਾਲੋਜੀ ਦੇ ਖੇਤਰਾਂ ਵਿੱਚ ਕੰਮ ਕਰ ਰਹੇ ਹਨ। ਭਾਰਤੀ ਵਿਦਿਆਰਥੀ ਅਮਰੀਕੀ ਅਰਥਵਿਵਸਥਾ ਵਿੱਚ ਸਾਲਾਨਾ ਲਗਭਗ 10 ਬਿਲੀਅਨ ਡਾਲਰ ਦਾ ਯੋਗਦਾਨ ਪਾਉਂਦੇ ਹਨ।

**ਵੀਜ਼ਾ ਲਈ ਦੇਣੇ ਹੋਣਗੇ 1 ਲੱਖ ਡਾਲਰ**

ਇਸ ਦੇ ਨਾਲ ਹੀ, ਰਾਸ਼ਟਰਪਤੀ ਡੋਨਾਲਡ ਟਰੰਪ ਦੇ ਨਵੇਂ ਨਿਯਮਾਂ ਤਹਿਤ ਹੁਣ ਨਵੇਂ 8-12 ਬਿਨੈਕਾਰਾਂ ਨੂੰ 1,00,000 ਅਮਰੀਕੀ ਡਾਲਰ (ਲਗਭਗ 84 ਲੱਖ ਰੁਪਏ) ਦੀ ਵਾਧੂ ਫੀਸ ਵੀ ਭਰਨੀ ਪਵੇਗੀ। ਇਹ ਨਿਯਮ 21 ਸਤੰਬਰ ਤੋਂ ਬਾਅਦ ਜਮ੍ਹਾਂ ਹੋਣ ਵਾਲੀਆਂ ਸਾਰੀਆਂ ਨਵੀਆਂ ਪਟੀਸ਼ਨਾਂ ’ਤੇ ਲਾਗੂ ਹੋਵੇਗਾ।

**ਅਮੀਰਾਂ ਲਈ ‘ਗੋਲਡ ਕਾਰਡ’ ਸਕੀਮ**

ਦੂਜੇ ਪਾਸੇ, ਟਰੰਪ ਪ੍ਰਸ਼ਾਸਨ ਨੇ ‘ਗੋਲਡ ਕਾਰਡ’ ਨਾਂ ਦੀ ਇੱਕ ਨਵੀਂ ਯੋਜਨਾ ਵੀ ਸ਼ੁਰੂ ਕੀਤੀ ਹੈ। ਇਸ ਤਹਿਤ ਜਿਹੜੇ ਵਿਅਕਤੀ ਅਮਰੀਕੀ ਖਜ਼ਾਨੇ ਵਿੱਚ 1 ਮਿਲੀਅਨ ਡਾਲਰ (ਜਾਂ ਕੰਪਨੀ ਸਪਾਂਸਰਸ਼ਿਪ ਰਾਹੀਂ 2 ਮਿਲੀਅਨ ਡਾਲਰ) ਜਮ੍ਹਾਂ ਕਰਵਾਉਣਗੇ, ਉਨ੍ਹਾਂ ਨੂੰ ਵੀਜ਼ਾ ਪ੍ਰਕਿਰਿਆ ’ਚ ਤੇਜ਼ੀ ਤੇ ਗ੍ਰੀਨ ਕਾਰਡ ਲੈਣ ਦਾ ਸਿੱਧਾ ਰਸਤਾ ਮਿਲੇਗਾ।

**ਮਾਹਰਾਂ ਨੇ ਪ੍ਰਗਟਾਈ ਚਿੰਤਾ**

ਆਰਥਿਕ ਮਾਹਰਾਂ ਦਾ ਮੰਨਣਾ ਹੈ ਕਿ ਇਸ ਵੀਜ਼ਾ ਫਰੀਜ਼ ਨਾਲ ਟੈਕਸਾਸ ’ਚ ਉੱਚ ਹੁਨਰਮੰਦ ਪੇਸ਼ੇਵਰਾਂ ਦੀ ਭਰਤੀ ਪ੍ਰਭਾਵਿਤ ਹੋ ਸਕਦੀ ਹੈ, ਜਿਸ ਨਾਲ ਖੋਜ ਅਤੇ ਨਵੀਨਤਾ (innovation) ਦੀ ਰਫ਼ਤਾਰ ਹੌਲੀ ਹੋਣ ਦਾ ਖ਼ਤਰਾ ਹੈ।







# ARE YOU IN COMPLIANCE WITH FMCSA REGULATIONS?



Trust your compliance needs to us! Say goodbye to those Google-educated DOT consultants and experience the difference with our certified experts. They've honed their skills under the same entity that is conducting your audits and issuing tickets. Whether you're gearing up for a CHP or Federal Audit, or aiming to improve your DOT safety score for those coveted big clients, our consultants are your partners every step of the way, equipping you with the knowledge and tools for success. Our comprehensive services go beyond the basics listed below, ensuring your peace of mind.



OUR EXPERT COMPLIANCE DRIVING YOUR SUCCESS

## DOT AUDIT PREP

Be prepared for DOT audits with our comprehensive audit preparation services, minimizing risks and ensuring compliance.

Already had an audit, but failed? Don't worry, we can create and submit a corrective action plan (CAP) to prevent your DOT number from being revoked.

**YOUR SAFETY COMPLIANCE**

ਪੇਸ਼ ਕੀਤੀਆਂ ਸੇਵਾਵਾਂ:

## 45 ਦਿਨ, 90 ਦਿਨ, ਅਤੇ ਸਾਲਾਨਾ ਨਿਰੀਖਣ:

ਕੋਚ, ਸਕੂਲ ਲਈ 45 ਦਿਨਾਂ ਦਾ ਨਿਰੀਖਣ,
ਟੂਰ, ਯੂਥ, ਅਤੇ SPAB ਬੱਸਾਂ।

ਟਰੈਕਟਰਾਂ ਲਈ 90 ਦਿਨ ਅਤੇ ਸਾਲਾਨਾ ਨਿਰੀਖਣ ਅਤੇ ਟਰੇਲਰ
ਸਾਰੇ ਇੰਸਪੈਕਟਰ DOT ਪ੍ਰਮਾਣਿਤ ਹਨ

## ਕਲੀਅਰਿੰਗਹਾਊਸ ਅਤੇ FMCSA ਪੋਰਟਲ

ਅਸੀਂ ਡਰਾਈਵਰਾਂ ਅਤੇ ਕੈਰੀਅਰਾਂ ਲਈ ਤੁਹਾਡੇ ਕਲੀਅਰਿੰਗਹਾਊਸ ਅਤੇ FMCSA ਪੋਰਟਲ ਨੂੰ ਸਥਾਪਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ

## ਡਰੱਗ ਅਤੇ ਅਲਕੋਹਲ ਮਾਨਾ ਜੀਮੈਂਟ

ਪੂਰਵ-ਰੁਜ਼ਗਾਰ, ਬੇਤਰਤੀਬ, ਅਤੇ ਦੁਰਘਟਨਾ ਤੋਂ ਬਾਅਦ ਡਰੱਗ ਟੈਸਟਿੰਗ।
ਰਿਕਾਰਡ ਰੱਖਣ ਅਤੇ ਪਦਾਰਥਾਂ ਦੀ ਦੁਰਵਰਤੋਂ ਪ੍ਰੋਗਰਾਮ (SAP) ਪਾਲਣਾ

## ਰੁਜ਼ਗਾਰਦਾਤਾ ਪੁੱਲ ਨੋਟਿਸ (EPN)

ਡਰਾਈਵਰ ਰਿਕਾਰਡਾਂ ਦੇ ਸਿਖਰ 'ਤੇ ਰਹੋ ਅਤੇ ਸਾਡੇ ਨਾਲ ਪਾਲਣਾ ਕਰੋ ਰੁਜ਼ਗਾਰਦਾਤਾ ਪੁੱਲ ਨੋਟਿਸ (EPN) ਸੇਵਾਵਾਂ, ਇਹ ਯਕੀਨੀ ਬਣਾਉਂਦੇ ਹੋਏ ਕਿ ਤੁਹਾਡੀ ਡਰਾਈਵਰ ਸਾਰੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਦੇ ਹਨ।

## ਡਰਾਈਵਰ ਲੌਗ ਬੁੱਕ ਆਡਿਟ

ਸਾਡੀ ਸੁਚੇਤ ਡਰਾਈਵਰ ਲੌਗਬੁੱਕ ਨਾਲ ਜੁਰਮਾਨੇ ਅਤੇ ਜੁਰਮਾਨੇ ਤੋਂ ਬਚੋ ਆਡਿਟ, ਨਿਯਮਾਂ ਦੀ ਸ਼ੁੱਧਤਾ ਅਤੇ ਪਾਲਣਾ ਨੂੰ ਯਕੀਨੀ ਬਣਾਉਣਾ।

## ਟਿਕਟਾਂ ਲਈ ਦੇਸ਼ ਵਿਆਪੀ ਅਟਾਰਨੀ ਸੇਵਾਵਾਂ

ਆਉ ਅਸੀਂ ਤੁਹਾਡੀ ਕੰਪਨੀ ਦੇ ਸੁਰੱਖਿਆ ਸਕੋਰ ਅਤੇ ਡ੍ਰਾਈਵਰ ਨੂੰ ਰੱਖਣ ਵਿੱਚ ਤੁਹਾਡੀ ਮਦਦ ਕਰੀਏ CDL ਸਾਡੀ ਗਾਹਕੀ ਅਧਾਰਤ ਅਟਾਰਨੀ ਸੇਵਾਵਾਂ ਨਾਲ ਸੁਰੱਖਿਅਤ ਹੈ।

## ਕੈਲੀਫੋਰਨੀਆ ਕਾਰਬ ਕਲੀਨ ਟਰੱਕ ਚੈੱਕ 'ਸਮੋਗ ਟੈਸਟ'

ਕੈਲੀਫੋਰਨੀਆ ਦੇ ਕੈਰੀਅਰਾਂ ਨੂੰ ਟਰੱਕ ਦੀ ਸਾਫ਼ ਜਾਂਚ ਕਰਨ ਦੀ ਲੋੜ ਹੁੰਦੀ ਹੈ ਕੈਲੀਫੋਰਨੀਆ ਕਾਰਬੋਹਾਈਡਰੇਟ ਦੀ ਪਾਲਣਾ ਕਰਨ ਲਈ ਹਰ 6 ਮਹੀਨਿਆਂ ਬਾਅਦ ਸਮੋਕ ਟੈਸਟ ਕਰੋ

## ਡਰਾਈਵਰ ਅਤੇ ਮੇਨਟੇਨੈਂਸ ਫਾਈਲ ਮਾਨਾ ਜੀਮੈਂਟ ਸਿਸਟਮ

ਤੁਹਾਡੇ ਸਾਰੇ ਡਰਾਈਵਰ ਅਤੇ ਰੱਖ-ਰਖਾਅ ਦੇ ਪ੍ਰਬੰਧਨ ਲਈ ਔਨਲਾਈਨ ਸਿਸਟਮ ਤੁਹਾਡੇ ਨਾਲ ਸੰਗਠਿਤ ਅਤੇ ਅਪ ਟੂ ਡੇਟ ਰਹਿਣ ਲਈ ਫਾਈਲਾਂ ਦੀ ਪਾਲਣਾ ਕਰੋ

## ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਓ

ਅਸੀਂ ਵਿਅਕਤੀਗਤ ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਉਂਦੇ ਹਾਂ ਤੁਹਾਡੀ ਕੰਪਨੀ ਦੀਆਂ ਲੋੜਾਂ ਅਤੇ FMCSA ਲੋੜਾਂ ਦੇ ਆਧਾਰ 'ਤੇ

## ਸਾਡੀਆਂ ਪੂਰੀ ਸੇਵਾ ਸਬਸਕ੍ਰਿਪਸ਼ਨ ਅਧਾਰਤ ਡਾਟ ਪਾਲਣਾ ਯੋਜਨਾਵਾਂ ਬਾਰੇ ਪੁੱਛੋ

888-896-9407
209-200-8308

info@yoursafetycompliance.com

www.yoursafetycompliance.com

ਸਾਡੇ ਸਲਾਹਕਾਰ ਸਾਬਕਾ ਜਾਂ ਮੌਜੂਦਾ DOT/ਕਾਨੂੰਨੀ ਹਨ ਇਨਫੋਰਸਮੈਂਟ ਅਫਸਰ ਅਤੇ ਇਹਨਾਂ ਵਿੱਚ ਵਿਆਪਕ ਸਿਖਲਾਈ ਹੈ DOT ਪਾਲਣਾ।

LET YOUR SAFETY COMPLIANCE BE YOUR TRUSTED PARTNER IN ENSURING COMPLIANCE AND SAFETY FOR YOUR BUSINESS!

# ਭਾਰਤੀ ਮੂਲ ਦੀ ਗਾਜ਼ਲਾ ਹਾਸ਼ਮੀ ਨੇ ਲੈਫਟੀਨੈਂਟ ਗਵਰਨਰ ਵਜੋਂ ਸਹੁੰ ਚੁੱਕੀ



ਗਾਜ਼ਲਾ ਹਾਸ਼ਮੀ ਲੈਫਟੀਨੈਂਟ ਗਵਰਨਰ ਵਜੋਂ ਸਹੁੰ ਚੁੱਕਦੀ ਹੋਈ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਗਾਜ਼ਲਾ ਹਾਸ਼ਮੀ ਨੇ ਵਰਜੀਨੀਆ ਦੇ 43 ਵੇਂ ਲੈਫਟੀਨੈਂਟ ਗਵਰਨਰ ਵਜੋਂ ਸਹੁੰ ਚੁੱਕੀ। ਉਹ ਪਹਿਲੀ ਮੁਸਲਮਾਨ ਦੱਖਣ ਏਸ਼ੀਅਨ ਅਮਰੀਕੀ ਔਰਤ ਹੈ ਜੋ ਇਸ ਅਹੁੱਦੇ 'ਤੇ ਪੁੱਜੀ ਹੈ। ਹਾਸ਼ਮੀ ਨੂੰ ਅਹੁਦੇ ਦੀ ਸਹੁੰ ਵਰਜੀਨੀਆ ਸੁਪਰੀਮ ਕੋਰਟ ਦੀ ਚੀਫ ਜਸਟਿਸ ਸਲੀਓ ਪਾਵਲ ਨੇ ਚੁੱਕਾਈ। ਇਸ ਮੌਕੇ ਹਾਸ਼ਮੀ ਨੇ ਕਿਹਾ ਕਿ ਉਨਾਂ ਉਪਰ ਪ੍ਰਗਟਾਏ ਭਰੋਸੇ ਲਈ ਉਹ ਧੰਨਵਾਦੀ ਹੈ। ਭਾਰਤ ਦੇ ਹੈਦਰਾਬਾਦ ਵਿਚ ਪੈਦਾ ਹੋਈ ਹਾਸ਼ਮੀ ਨੇ ਜਾਰਜੀਆ ਸਾਊਥਰਨ ਯੁਨੀਵਰਸਿਟੀ ਤੋਂ ਅੰਡਰਗਰੈਜੂਏਟ ਡਿਗਰੀ, ਯਨੀਵਰਸਿਟੀ ਆਫ ਵਰਜੀਨੀਆ ਤੋਂ ਮਾਸਟਰ ਡਿਗਰੀ ਤੇ ਅਮੈਰਕੀਨ ਸਟੱਡੀਜ਼ ਵਿੱਚ ਪੀ ਐਚ ਡੀ ਐਮੋਰੀ ਯੁਨੀਵਰਸਿਟੀ ਤੋਂ ਕੀਤੀ। ਰਾਜਨੀਤੀ ਵਿਚ ਆਉਣ ਤੋਂ ਪਹਿਲਾਂ ਹਾਸ਼ਮੀ ਨੇ ਕਈ ਦਹਾਕੇ ਵਰਜੀਨੀਆ ਦੇ ਕਾਲਜਾਂ ਵਿਚ ਪੜਾਇਆ। ਉਹ ਵਰਜੀਨੀਆ ਸੈਨੇਟ ਲਈ ਵੀ ਚੁਣੀ ਗਈ ਸੀ। ਉਨਾਂ ਨੇ ਸਿੱਖਿਆ, ਸਿਹਤ ਸੰਭਾਲ ਤੇ ਮਾਨਵੀ ਅਧਿਕਾਰਾਂ ਦੇ ਖੇਤਰ ਵਿਚ ਲਾਮਿਸਾਲ ਕੰਮ ਕੀਤਾ।

# ਇਮੀਗਰੇਸ਼ਨ ਏਜੰਟਾਂ ਦੀ ਵਾਪਸੀ ਦੇ ਨਾਅਰੇ ਗੂੰਜੇ

## ਨਿਊਯਾਰਕ, ਵਾਸ਼ਿੰਗਟਨ ਤੇ ਲਾਸ ਏਂਜਲਸ ਸਮੇਤ ਹੋਰ ਸ਼ਹਿਰਾਂ 'ਚ ਵੀ ਪ੍ਰਦਰਸ਼ਨ



ਮਿਨੀਪੋਲਿਸ : ਅਮਰੀਕੀ ਬਾਰਡਰ ਪੈਟਰੋਲ ਏਜੰਟ ਵੱਲੋਂ ਗੋਲੀ ਮਾਰ ਕੇ ਇਕ ਸ਼ਖ਼ਸ ਦੀ ਹੱਤਿਆ ਮਗਰੋਂ ਫੈਡਰਲ ਇਮੀਗਰੇਸ਼ਨ ਅਧਿਕਾਰੀਆਂ ਦੀ ਵਾਪਸੀ ਦੇ ਨਾਅਰੇ ਗੂੰਜਣ ਲੱਗ ਪਏ ਹਨ। ਡੈਮੋਕਰੈਟਾਂ ਦੇ ਨਾਲ-ਨਾਲ ਸੈਂਕੜੇ ਪ੍ਰਦਰਸ਼ਨਕਾਰੀਆਂ ਨੇ ਵਿਰੋਧ ਕਰਦਿਆਂ ਮੰਗ ਕੀਤੀ ਹੈ ਕਿ ਫੈਡਰਲ ਏਜੰਟ ਮਿਨੀਸੋਟਾ ਛੱਡ ਕੇ ਚਲੇ ਜਾਣ। ਪ੍ਰਦਰਸ਼ਨ ਨਿਊਯਾਰਕ, ਵਾਸ਼ਿੰਗਟਨ ਅਤੇ ਲਾਸ ਏਂਜਲਸ ਸਮੇਤ ਕਈ ਹੋਰ ਸ਼ਹਿਰਾਂ 'ਚ ਵੀ ਫੈਲ ਗਏ ਹਨ। ਮ੍ਰਿਤਕ ਦੀ ਪਛਾਣ ਏਲੈਕਸ ਪ੍ਰੈੱਟੀ ਵਜੋਂ ਹੋਈ ਹੈ ਜੋ ਰਾਸ਼ਟਰਪਤੀ ਡੋਨਲਡ ਟਰੰਪ ਦੀ ਇਮੀਗਰੇਸ਼ਨ ਕਾਰਵਾਈ ਖ਼ ?ਲਾਫ਼ ਲਗਾਤਾਰ ਪ੍ਰਦਰਸ਼ਨ ਕਰ ਰਿਹਾ ਸੀ।

ਗੋਲੀਆਂ ਚੱਲਣ ਮਗਰੋਂ ਗੁੱਸੇ 'ਚ ਆਈ ਭੀੜ ਨੇ ਫੈਡਰਲ ਅਧਿਕਾਰੀ ਘੇਰ ਲਏ ਜਿਸ ਮਗਰੋਂ ਝੜਪਾਂ ਵੀ ਹੋਈਆਂ। ਫੈਡਰਲ ਏਜੰਟਾਂ ਨੇ ਪ੍ਰਦਰਸ਼ਨਕਾਰੀਆਂ 'ਤੇ ਹੰਝੂ ਗੈਸ ਦੇ ਗੋਲੇ ਦਾਗ਼ੇ। ਕੜਾਕੇ ਦੀ ਠੰਢ ਦੇ ਬਾਵਜੂਦ ਪ੍ਰਦਰਸ਼ਨਕਾਰੀ ਫੈਡਰਲ ਅਧਿਕਾਰੀਆਂ ਨੂੰ ਮਿਨੀਸੋਟਾ 'ਚੋਂ ਵਾਪਸ ਸੱਦੇ ਜਾਣ ਦੀ ਮੰਗ ਕਰ ਰਹੇ ਹਨ। ਗ੍ਰਹਿ ਸੁਰੱਖਿਆ ਵਿਭਾਗ ਦੀ ਤਰਜਮਾਨ ਟ੍ਰਿਸ਼ਿਆ ਮੈਕਲੌਂਫਲਿਨ ਨੇ ਕਿਹਾ ਕਿ ਫੈਡਰਲ ਅਧਿਕਾਰੀ ਜਦੋਂ ਅਪਰੇਸ਼ਨ ਨੂੰ ਅੰਜਾਮ ਦੇ ਰਹੇ ਸਨ ਤਾਂ ਇਕ ਸ਼ਖ਼ਸ ਉਨ੍ਹਾਂ ਵੱਲ ਬੰਦੂਕ ਲੈ ਕੇ ਵਧਿਆ ਜਿਸ ਤੋਂ ਬਚਣ ਲਈ ਗੋਲੀ ਚਲਾਈ ਗਈ। ਵੀਡੀਓ 'ਚ ਦਿਖਾਈ ਦੇ ਰਿਹਾ ਹੈ ਕਿ ਪ੍ਰੈੱਟੀ ਦੇ ਹੱਥ 'ਚ ਫੋਨ ਹੈ, ਉਸ ਕੋਲ ਕੋਈ ਹਥਿਆਰ ਦਿਖਾਈ ਨਹੀਂ ਦੇ ਰਿਹਾ। ਉਧਰ, ਰਾਸ਼ਟਰਪਤੀ ਟਰੰਪ ਨੇ ਬੰਦੂਕ ਦੀਆਂ ਤਸਵੀਰਾਂ ਸਾਂਝੀ ਕਰਦਿਆਂ ਕਿਹਾ ਕਿ ਡੈਮੋਕਰੈਟਿਕ ਗਵਰਨਰ ਅਤੇ ਮੇਅਰ ਮਾਮਲੇ ਨੂੰ ਭੜਕਾ ਰਹੇ ਹਨ।

# 70 ਫੀਸਦੀ ਗ੍ਰਿਫਤਾਰੀਆਂ ਗੈਰ ਕਾਨੂੰਨੀ ਅਪਰਾਧੀਆਂ ਦੀਆਂ ਹੋਈਆਂ : ਡੀ ਐਚ ਐਸ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਇਮੀਗ੍ਰੇਸ਼ਨ ਕਾਨੂੰਨਾਂ ਨੂੰ ਸਖਤੀ ਨਾਲ ਲਾਗੂ ਕਰਨ ਕਾਰਨ ਹੋ ਰਹੀ ਅਲੋਚਨਾ ਦਰਮਿਆਨ ਟਰੰਪ ਪ੍ਰਸ਼ਾਸਨ ਨੇ ਸਾਬਕਾ ਬਾਈਡਨ ਪ੍ਰਸ਼ਾਸਨ ਦੀ ਅਲੋਚਨਾ ਕੀਤੀ ਹੈ ਤੇ ਇਮੀਗ੍ਰੇਸ਼ਨ ਐਂਡ ਕਸਟਮਜ ਇਨਫੋਰਮੈਂਟ (ਆਈਸੀਈ) ਤੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਪ੍ਰਸੰਸਾ ਕੀਤੀ ਹੈ। ਡਿਪਾਰਟਮੈਂਟ ਆਫ ਹੋਮਲੈਂਡ ਸਕਿਉਰਿਟੀ (ਡੀ ਐਚ ਐਸ) ਨੇ ਇਕ ਬਿਆਨ ਵਿੱਚ ਕਿਹਾ ਹੈ ਕਿ ਇਮੀਗ੍ਰੇਸ਼ਨ ਦੁਆਰਾ 70 ਫੀਸਦੀ ਗ੍ਰਿਫਤਾਰੀਆਂ ਅਪਰਾਧਕ ਗਤੀਵਿਧੀਆਂ ਵਿੱਚ ਸ਼ਾਮਿਲ ਲੋਕਾਂ ਦੀਆਂ ਕੀਤੀਆਂ ਗਈਆਂ ਹਨ ਜੋ ਗੈਰ ਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਰਹਿ ਰਹੇ ਸਨ। ਇਨਾਂ ਵਿਚ ਸ਼ੱਕੀ ਬੱਬਰ ਖਾਲਸਾ ਇੰਟਰਨੈਸ਼ਲ ਨਾਲ ਸਬੰਧਤ ਅੱਤਵਾਦੀ ਹਰਪ੍ਰੀਤ ਸਿੰਘ ਵੀ ਸ਼ਾਮਿਲ ਹੈ ਜੋ ਭਾਰਤ ਵਿੱਚ ਲੋੜੀਂਦਾ ਹੈ। ਡੀ ਐਚ ਐਸ ਅਨੁਸਾਰ ਉਹ 2022 ਵਿੱਚ ਐਰੀਜ਼ੋਨਾ ਵਿੱਚ ਗੈਰ ਕਾਨੂੰਨੀ ਢੰਗ ਨਾਲ ਦਾਖਲ ਹੋਇਆ ਸੀ ਤੇ ਆਈ ਸੀ ਏ ਨੇ ਉਸ ਨੂੰ ਅਪ੍ਰੈਲ 2025 ਵਿੱਚ ਗ੍ਰਿਫਤਾਰ ਕੀਤਾ ਸੀ। ਸਹਾਇਕ ਸਕੱਤਰ ਟਰੀਸੀਆ ਮੈਕਲੌਂਘਲਿਨ ਨੇ ਕਿਹਾ ਹੈ ਕਿ ਰਾਸ਼ਟਰਪਤੀ ਟਰੰਪ ਦੇ ਪਹਿਲੇ ਸਾਲ ਦੌਰਾਨ ਆਈ ਸੀ ਈ ਦੁਆਰਾ ਗੈਰ ਕਾਨੂੰਨੀ ਅਪਰਾਧੀ ਵਿਦੇਸ਼ੀਆਂ ਜਿਨਾਂ ਵਿੱਚ ਕਾਤਲ, ਗੈਂਗਸਟਰ, ਅੱਤਵਾਦੀ ਤੇ ਬਲਾਤਕਾਰੀ ਸ਼ਾਮਿਲ ਹਨ, ਵਿਰੁੱਧ ਕਾਰਵਾਈ ਕੀਤੀ ਗਈ ਹੈ। ਇਹ ਲੋਕ ਅਮਰੀਕੀ ਸਮਾਜ ਲਈ ਖਤਰਾ ਸਨ।

# ਡੈਮੋਕਰੈਟਿਕ ਉਮੀਦਵਾਰ ਰਾਖੀ ਇਸਰਾਨੀ ਨੂੰ ਵੱਡਾ ਹੁੰਗਾਰਾ

## 24 ਘੰਟਿਆਂ ਵਿੱਚ 10 ਲੱਖ ਡਾਲਰ ਫੰਡ ਹੋਇਆ ਇਕੱਠਾ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਕੈਲੀਫੋਰਨੀਆ ਦੇ ਅਮਰੀਕੀ ਕਾਂਗਰਸ ਦੇ 14ਵੇਂ ਜਿਲੇ ਤੋਂ ਡੈਮੋਕਰੈਟਿਕ ਉਮੀਦਵਾਰ ਭਾਰਤੀ ਮੂਲ ਦੀ ਰਾਖੀ ਇਸਰਾਨੀ ਵੱਲੋਂ ਆਪਣੀ ਚੋਣ ਮੁਹਿੰਮ ਸ਼ੁਰੂ ਕਰ ਦਿੱਤੀ ਗਈ ਹੈ। ਰਸਮੀ ਤੌਰ 'ਤੇ ਚੋਣ ਮੁਹਿੰਮ ਸ਼ੁਰੂ ਕਰਨ ਉਪਰੰਤ ਉਸ ਨੂੰ ਲੋਕਾਂ ਵੱਲੋਂ ਵੱਡੀ ਪੱਧਰ 'ਤੇ ਸਮਰਥਨ ਮਿਲਿਆ ਹੈ ਤੇ ਮਹਿਜ਼ 24ਘੰਟਿਆਂ ਵਿੱਚ 10 ਲੱਖ ਡਾਲਰ ਤੋਂ ਵਧ ਫੰਡ ਇਕੱਠਾ ਹੋਇਆ ਹੈ। ਇਹ ਜਾਣਕਾਰੀ ਉਸ ਦੀ ਚੋਣ ਮੁਹਿੰਮ ਦੇ ਸੰਚਾਲਕਾਂ ਨੇ ਦਿੱਤੀ ਹੈ। ਇਸਰਾਨੀ ਨੇ ਕਿਹਾ ਕਿ ਮਿਲੇ ਹੁੰਗਾਰੇ ਤੋਂ ਸਪੱਸ਼ਟ ਹੈ ਕਿ ਲੋਕ ਸਮਾਜ ਵਿੱਚ ਵੰਡੀਆਂ ਪਾਉਣ ਤੇ ਨਫਰਤੀ ਭਰੇ ਮਾਹੌਲ ਦੀ ਬਜਾਏ ਆਪਣੀਆਂ ਸਮੱਸਿਆਵਾਂ ਦਾ ਹਲ ਚਹੁੰਦੇ ਹਨ। ਉਨਾਂ ਕਿਹਾ ਕਿ ਮੈਨੂੰ ਵਿਸ਼ਵਾਸ਼ ਹੈ ਕਿ ਸਾਡਾ ਤਬਦੀਲੀ ਦਾ ਸੁਨੇਹਾ ਹਰ ਘਰ ਪੁੱਜੇਗਾ ਤੇ ਜਮੀਨ ਪੱਧਰ ਉਪਰ ਸਾਡਾ ਚੋਣ ਪ੍ਰਚਾਰ ਸਾਡੀ ਜਿੱਤ ਯਕੀਨੀ ਬਣਾਵੇਗਾ। 14ਵੀਂ ਕਾਂਗਰਸ ਜਿਲਾ ਸੀਟ ਅਲਾਮੇਡਾ ਕਾਊਂਟੀ ਵਿੱਚ ਪੈਂਦੀ ਹੈ ਤੇ ਇਸ ਖੇਤਰ ਵਿੱਚ ਰਜਿਸਟਰਡ ਏਸ਼ੀਅਨ ਵੋਟਰਾਂ ਦੀ ਗਿਣਤੀ ਤਕਰੀਬਨ 32 ਫੀਸਦੀ ਹੈ।



ਰਾਖੀ ਇਸਰਾਨੀ



ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ

# LAW OFFICES OF EMMANUEL ENYINWA

ESQ, Abogado

- ਪੋਲੀਟੀਕਲ ਅਸਾਈਲਮ
- Political Asylum
- Deportation of Defense
- BIA Appeal
- 9 Circuit Court
- Federal Court
- ਗਰੀਨਕਾਰਡ
- ਸਿਟੀਜਨਸ਼ਿਪ
- Green Card
- Citizenship
- ਡਾਈਵੋਰਸ
- ਸਿਵਲ ਐਂਡ ਕਰੀਮੀਨਲ ਕੇਸ
- Divorce
- Civil and Criminal Cases
- Family Petition Immigration
- Travel document
- Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

ਨੋਟ : ਇਥੇ ਸਪੈਨਿਸ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।

ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ

## Manteca-Arizona- San Francisco

239 West Yosemite Ave Manteca CA 95336

hsrotal.64@gmail.com

369 Pine Street, Suite 420, San Francisco, CA 94104

Enyinwalaw@gmail.com



## All Services Under One Roof

HARMINDER SINGH SAMANA
OFFICE MANAGER
209-481-7750
209-624-3919

EMMANUEL ENYINWA
Attorney of Law
Tel. 415-956-6100
Fax. 415-956-6111



# ਅਮਰੀਕਾ 'ਚ ਬਰਫ਼ੀਲੇ ਤੂਫ਼ਾਨ ਦਾ ਕਹਿਰ: ਦਹਾਕਿਆਂ ਦੀ ਸਭ ਤੋਂ ਭਿਆਨਕ ਠੰਢ ਨੇ ਲਈ 50 ਤੋਂ ਵੱਧ ਲੋਕਾਂ ਦੀ ਜਾਨ

## 22 ਸੂਬਿਆਂ ਤੇ ਡਿਸਟ੍ਰਿਕਟ ਆਫ ਕੋਲੰਬੀਆ ਨੇ ਮੌਸਮੀ ਐਮਰਜੈਂਸੀ ਐਲਾਨੀ, ਹਜ਼ਾਰਾਂ ਉਡਾਣਾਂ ਰੱਦ











ਵਾਸ਼ਿੰਗਟਨ/ਮਿਸਿਸਿਪੀ : ਅਮਰੀਕਾ ਦੇ ਪੂਰਬੀ ਹਿੱਸੇ ਵਿੱਚ ਕੁਦਰਤ ਦਾ ਕਹਿਰ ਲਗਾਤਾਰ ਜਾਰੀ ਹੈ। ਭਿਆਨਕ ਬਰਫ਼ੀਲੇ ਤੂਫ਼ਾਨ ਅਤੇ ਕੜਾਕੇ ਦੀ ਠੰਢ ਕਾਰਨ ਹੁਣ ਤੱਕ 50 ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ। ਮੌਸਮ ਵਿਭਾਗ ਅਨੁਸਾਰ ਇਹ ਪਿਛਲੇ ਕਈ ਦਹਾਕਿਆਂ ਦਾ ਸਭ ਤੋਂ ਲੰਬਾ ਅਤੇ ਖ਼ਤਰਨਾਕ ਠੰਢ ਦਾ ਦੌਰ ਹੋ ਸਕਦਾ ਹੈ।

**ਟੈਕਸਾਸ 'ਚ 3 ਮਾਸੂਮ ਭਰਾਵਾਂ ਦੀ ਮੌਤ**

ਠੰਢ ਦੇ ਇਸ ਕਹਿਰ ਦੌਰਾਨ ਟੈਕਸਾਸ ਤੋਂ ਇੱਕ ਬਹੁਤ ਹੀ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। ਇੱਥੇ ਇੱਕ ਜੰਮੀ ਹੋਈ ਝੀਲ ਦੀ ਸਤ੍ਹਾ ਟੁੱਟਣ ਕਾਰਨ 6, 8 ਅਤੇ 9 ਸਾਲ ਦੀ ਉਮਰ ਦੇ ਤਿੰਨ ਸਕੇ ਭਰਾ ਪਾਣੀ ਵਿੱਚ ਡੁੱਬ ਗਏ, ਜਿਸ ਕਾਰਨ ਉਨ੍ਹਾਂ ਦੀ ਮੌਤ ਹੋ ਗਈ। ਇਸੇ ਤਰ੍ਹਾਂ ਵਰਜੀਨੀਆ ਵਿੱਚ ਵੀ ਇੱਕ ਬੱਚੇ ਦੀ ਤਾਲਾਬ ਵਿੱਚ ਡਿੱਗਣ ਕਾਰਨ ਮੌਤ ਹੋਣ ਦੀ ਖ਼ਬਰ ਹੈ।

**ਹਾਈਵੇਅ ਬਣੇ ਬਰਫ਼ ਦੇ ਮੈਦਾਨ**

ਮਿਸਿਸਿਪੀ ਸੂਬੇ ਵਿੱਚ ਬਰਫ਼ਬਾਰੀ ਕਾਰਨ ਹਾਲਾਤ ਬਦਤਰ ਹੋ ਗਏ ਹਨ। ਇੱਥੇ ਇੰਟਰਸਟੇਟ-55 ਹਾਈਵੇਅ ਪੂਰੀ ਤਰ੍ਹਾਂ ਬਰਫ਼ ਨਾਲ ਢਕਿਆ ਗਿਆ ਹੈ, ਜਿਸ ਕਾਰਨ ਸੈਂਕੜੇ ਗੱਡੀਆਂ ਰਸਤੇ ਵਿੱਚ ਹੀ ਫਸ ਗਈਆਂ ਹਨ। ਗਵਰਨਰ ਟੇਟ ਰੀਵਜ਼ ਨੇ ਦੱਸਿਆ ਕਿ ਫਸੇ ਹੋਏ ਲੋਕਾਂ ਦੀ ਮਦਦ ਲਈ ਟੋ-ਟਰੱਕ ਅਤੇ ਡਰੋਨਾਂ ਦੀ ਵਰਤੋਂ ਕੀਤੀ ਜਾ ਰਹੀ ਹੈ।

**3.8 ਲੱਖ ਘਰਾਂ 'ਚ ਬਿਜਲੀ ਗੁੱਲ**

ਠੰਢ ਦੇ ਕਾਰਨ ਬਿਜਲੀ ਸਪਲਾਈ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਮਿਸਿਸਿਪੀ ਅਤੇ ਟੈਨਿਸੀ ਵਿੱਚ ਲਗਭਗ 3.8 ਲੱਖ ਘਰ ਅਤੇ ਦੁਕਾਨਾਂ ਹਨੇਰੇ ਵਿੱਚ ਡੁੱਬੀਆਂ ਹੋਈਆਂ ਹਨ। ਨੈਸ਼ਵਿਲ ਵਿੱਚ ਤਾਪਮਾਨ ਮਾਈਨਸ 10 ਡਿਗਰੀ ਤੱਕ ਡਿੱਗਣ ਦੀ ਸੰਭਾਵਨਾ ਹੈ। ਬਿਜਲੀ ਨਾ ਹੋਣ ਕਾਰਨ ਲੋਕ ਘਰ ਗਰਮ ਕਰਨ ਲਈ ਜਨਰੇਟਰਾਂ ਅਤੇ ਗੈਸ ਹੀਟਰਾਂ ਦੀ ਵਰਤੋਂ ਕਰ ਰਹੇ ਹਨ, ਜਿਸ ਕਾਰਨ ਕਾਰਬਨ ਮੋਨੋਆਕਸਾਈਡ ਗੈਸ ਫੈਲ ਰਹੀ ਹੈ। ਨੈਸ਼ਵਿਲ ਦੇ ਇੱਕ ਹਸਪਤਾਲ ਵਿੱਚ ਹੁਣ ਤੱਕ 48 ਬੱਚਿਆਂ ਨੂੰ ਇਸ ਜ਼ਹਿਰੀਲੀ ਗੈਸ ਦੇ ਅਸਰ ਕਾਰਨ ਇਲਾਜ ਲਈ ਲਿਆਂਦਾ ਗਿਆ ਹੈ।

**ਆਉਣ ਵਾਲੇ ਦਿਨ ਹੋਰ ਵੀ ਖ਼ਤਰਨਾਕ**

ਮੌਸਮ ਵਿਭਾਗ ਨੇ ਚਿਤਾਵਨੀ ਦਿੱਤੀ ਹੈ ਕਿ ਆਉਣ ਵਾਲੇ ਵੀਕੈਂਡ 'ਤੇ ਆਰਕਟਿਕ ਦੀਆਂ ਬਰਫ਼ੀਲੀਆਂ ਹਵਾਵਾਂ ਅਮਰੀਕਾ ਦੇ ਵੱਡੇ ਹਿੱਸੇ ਨੂੰ ਆਪਣੀ ਲਪੇਟ ਵਿੱਚ ਲੈ ਲੈਣਗੀਆਂ। ਇਸ ਵਾਰ ਠੰਢ ਦਾ ਅਸਰ ਫਲੋਰਿਡਾ ਦੇ ਮਿਆਮੀ ਤੱਕ ਵੀ ਦੇਖਣ ਨੂੰ ਮਿਲੇਗਾ ਅਤੇ ਕਈ ਰਾਜਾਂ ਵਿੱਚ ਭਾਰੀ ਬਰਫ਼ਬਾਰੀ ਦੀ ਸੰਭਾਵਨਾ ਜਤਾਈ ਗਈ ਹੈ। ਪ੍ਰਸ਼ਾਸਨ ਨੇ ਲੋਕਾਂ ਨੂੰ ਬਿਨਾਂ ਵਜ ?ਹਾ ਘਰਾਂ ਤੋਂ ਬਾਹਰ ਨਾ ਨਿਕਲਣ ਦੀ ਸਲਾਹ ਦਿੱਤੀ ਹੈ।

# ਟਿਕਟਾਕ ਡਿਲੀਟ ਕਰਨ ਵਾਲੇ ਅਮਰੀਕੀ ਯੂਜ਼ਰਜ਼ ਦੀ ਗਿਣਤੀ 'ਚ ਹੋਇਆ ਵੱਡਾ ਵਾਧਾ

ਨਿਊਯਾਰਕ : ਅਮਰੀਕਾ 'ਚ ਆਪਣੇ ਕਾਰੋਬਾਰ ਲਈ ਨਵੇਂ ਜੁਆਇੰਟ ਵੈਂਚਰ ਦੀ ਘੋਸ਼ਣਾ ਕਰਨ ਤੋਂ ਬਾਅਦ ਲੋਕਪ੍ਰਿਯ ਸੋਸ਼ਲ ਮੀਡੀਆ ਐਪ ਟਿਕਟਾਕ ਮੁਸ਼ਕਿਲਾਂ 'ਚ ਘਿਰਦੀ ਨਜ਼ਰ ਆ ਰਹੀ ਹੈ। ਨਵੀਂ ਪ੍ਰਾਈਵੇਸੀ ਪਾਲਿਸੀ ਅਤੇ ਨਿੱਜੀ ਡਾਟਾ ਦੀ ਸੁਰੱਖਿਆ ਨੂੰ ਲੈ ਕੇ ਪੈਦਾ ਹੋਏ ਖ਼ਦਸ਼ਿਆਂ ਕਾਰਨ ਅਮਰੀਕੀ ਯੂਜ਼ਰਜ਼ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ, ਜਿਸ ਕਾਰਨ ਲੱਖਾਂ ਲੋਕ ਇਸ ਐਪ ਨੂੰ ਤੇਜ਼ੀ ਨਾਲ ਡਿਲੀਟ ਕਰ ਰਹੇ ਹਨ।




ਰਿਪੋਰਟ ਅਨੁਸਾਰ, ਪਿਛਲੇ 5 ਦਿਨਾਂ ਵਿਚ ਟਿਕਟਾਕ ਡਿਲੀਟ ਕਰਨ ਵਾਲੇ ਅਮਰੀਕੀ ਯੂਜ਼ਰਜ਼ ਦੀ ਗਿਣਤੀ ਵਿਚ ਪਿਛਲੇ ਤਿੰਨ ਮਹੀਨਿਆਂ ਦੀ ਔਸਤ ਦੇ ਮੁਕਾਬਲੇ 150 ਫੀਸਦੀ ਦਾ ਵੱਡਾ ਉਛਾਲ ਦੇਖਿਆ ਗਿਆ ਹੈ। ਵਿਵਾਦ ਦੀ ਅਸਲ ਵਜ੍ਹਾ ਐਡਮ ਪ੍ਰੇਸਰ ਦੀ ਅਗਵਾਈ ਵਿਚ ਬਣੇ ਨਵੇਂ ਜੁਆਇੰਟ ਵੈਂਚਰ ਤੋਂ ਬਾਅਦ ਯੂਜ਼ਰਜ਼ ਨੂੰ ਮਿਲ ਰਿਹਾ ਨਵੀਂ ਪ੍ਰਾਈਵੇਸੀ ਪਾਲਿਸੀ ਦਾ ਨੋਟੀਫਿਕੇਸ਼ਨ ਹੈ।

ਯੂਜ਼ਰਜ਼ ਵਿਚ ਇਸ ਗੱਲ ਨੂੰ ਲੈ ਕੇ ਡਰ ਹੈ ਕਿ ਨਵੀਂ ਪਾਲਿਸੀ ਤਹਿਤ ਟਿਕਟਾਕ ਉਨ੍ਹਾਂ ਦੀਆਂ ਬੇਹੱਦ ਸੰਵੇਦਨਸ਼ੀਲ ਜਾਣਕਾਰੀਆਂ ਇਕੱਠੀਆਂ ਕਰ ਸਕਦਾ ਹੈ। ਇਸ ਵਿਚ ਯੂਜ਼ਰ ਦੀ ਜਾਤੀ, ਨਸਲ, ਜਿਨਸੀ ਪਛਾਣ, ਟਰਾਂਸਜੈਂਡਰ ਸਟੇਟਸ, ਇਮੀਗ੍ਰੇਸ਼ਨ ਸਟੇਟਸ ਅਤੇ ਵਿੱਤੀ ਰਿਕਾਰਡ ਤੱਕ ਸ਼ਾਮਲ ਹਨ। ਹਾਲਾਂਕਿ ਰਿਪੋਰਟਾਂ ਅਨੁਸਾਰ ਇਹ ਸ਼ਰਤਾਂ ਅਗਸਤ 2024 ਦੀ ਪਾਲਿਸੀ ਵਿਚ ਵੀ ਸਨ, ਪਰ ਨਵੇਂ ਬਦਲਾਅ ਨੇ ਇਸ ਚਿੰਤਾ ਨੂੰ ਮੁੜ ਹਵਾ ਦੇ ਦਿੱਤੀ ਹੈ।

ਭਰੋਸਾ ਘੱਟ ਹੋਣ ਕਾਰਨ ਕਈ ਮਸ਼ਹੂਰ ਕੰਟੈਂਟ ਕ੍ਰਿਏਟਰਸ ਵੀ ਟਿਕਟਾਕ ਨੂੰ ਅਲਵਿਦਾ ਕਹਿ ਰਹੇ ਹਨ। 4 ਲੱਖ ਫਾਲੋਅਰਜ਼ ਵਾਲੀ ਡ ?ਰੇ ਰੋਨੇਨ ਅਤੇ 40 ਲੱਖ ਤੋਂ ਵੱਧ ਫਾਲੋਅਰਜ਼ ਵਾਲੀ ਨਾਦਿਆ ਓਕਾਮੋਟੋ ਵਰਗੇ ਕ੍ਰਿਏਟਰਸ ਨੇ ਪਲੇਟਫਾਰਮ ਛੱਡਣ ਦੀ ਗੱਲ ਕਹੀ ਹੈ। ਇਸ ਤੋਂ ਇਲਾਵਾ, ਡਾਟਾ ਸੈਂਟਰ ਵਿਚ ਬਿਜਲੀ ਜਾਣ ਕਾਰਨ ਆਈਆਂ ਤਕਨੀਕੀ ਦਿੱਕਤਾਂ ਨੇ ਵੀ ਯੂਜ਼ਰਸ ਦੇ ਗੁੱਸੇ ਨੂੰ ਵਧਾਇਆ ਹੈ।

ਟਿਕਟਾਕ 'ਤੇ ਚੱਲ ਰਹੇ ਇਸ ਵਿਵਾਦ ਦਾ ਫਾਇਦਾ ਉਸ ਦੀਆਂ ਵਿਰੋਧੀ ਐਪਸ ਨੂੰ ਮਿਲ ਰਿਹਾ ਹੈ। ਜਾਣਕਾਰੀ ਅਨੁਸਾਰ UpScrolled ਵਿਚ 1000 ਫੀਸਦੀ ਅਤੇ Skylight Social ਵਿਚ 919 ਫੀਸਦੀ ਤੋਂ ਵੱਧ ਦਾ ਵਾਧਾ ਦਰਜ ਕੀਤਾ ਗਿਆ ਹੈ। ਅਨਿਸ਼ਚਿਤ ਮਾਹੌਲ ਨੂੰ ਦੇਖਦੇ ਹੋਏ ਜ਼ਿਆਦਾਤਰ ਕ੍ਰਿਏਟਰ ਹੁਣ ਇੰਸਟਾਗ੍ਰਾਮ ਅਤੇ ਯੂਟਿਊਬ ਵਰਗੇ ਪਲੇਟਫਾਰਮਾਂ ਵੱਲ ਸ਼ਿਫਟ ਹੋ ਰਹੇ ਹਨ।

# ਅਮਰੀਕਾ 'ਚ ਫਿਰ ਤਣਾਅ: ਮਿਨੀਆਪੋਲਿਸ 'ਚ ਇਮੀਗ੍ਰੇਸ਼ਨ ਏਜੰਟਾਂ ਨੇ ਇਕ ਹੋਰ ਵਿਅਕਤੀ ਨੂੰ ਮਾਰੀ ਗੋਲੀ

ਮਿਨੀਆਪੋਲਿਸ : ਅਮਰੀਕਾ ਦੇ ਮਿਨੀਆਪੋਲਿਸ ਸ਼ਹਿਰ ਵਿੱਚ ਤਣਾਅ ਉਸ ਸਮੇਂ ਹੋਰ ਵਧ ਗਿਆ ਜਦੋਂ ਸੰਘੀ (federal) ਇਮੀਗ੍ਰੇਸ਼ਨ ਏਜੰਟਾਂ ਨੇ ਇੱਕ ਹੋਰ ਵਿਅਕਤੀ ਨੂੰ ਗੋਲੀ ਮਾਰ ਦਿੱਤੀ। ਇਹ ਘਟਨਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਦੁਆਰਾ ਇਮੀਗ੍ਰੇਸ਼ਨ ਵਿਰੁੱਧ ਕੀਤੀ ਜਾ ਰਹੀ ਸਖ਼ਤ ਕਾਰਵਾਈ ਦੇ ਦੌਰਾਨ ਵਾਪਰੀ ਹੈ।

ਮਿਨੀਸੋਟਾ ਦੇ ਡੈਮੋਕਰੇਟਿਕ ਗਵਰਨਰ ਟਿਮ ਵਾਲਜ਼ ਨੇ ਇਸ ਘਟਨਾ ਨੂੰ 'ਭਿਆਨਕ' ਅਤੇ 'ਬੀਮਾਰ ਮਾਨਸਿਕਤਾ' ਵਾਲੀ ਕਰਾਰ ਦਿੱਤਾ ਹੈ। ਉਨ੍ਹਾਂ ਨੇ ਸੋਸ਼ਲ ਮੀਡੀਆ ਰਾਹੀਂ ਦੱਸਿਆ ਕਿ ਗੋਲੀਬਾਰੀ ਤੋਂ ਬਾਅਦ ਉਨ੍ਹਾਂ ਨੇ ਵ੍ਹਾਈਟ ਹਾਊਸ ਨਾਲ ਸੰਪਰਕ ਕੀਤਾ ਹੈ। ਵਾਲਜ਼ ਨੇ ਰਾਸ਼ਟਰਪਤੀ ਟਰੰਪ ਨੂੰ ਅਪੀਲ ਕੀਤੀ ਕਿ ਉਹ ਇਸ ਮੁਹਿੰਮ ਨੂੰ ਖ਼ਤਮ ਕਰਨ ਅਤੇ 'ਹਜ਼ਾਰਾਂ ਹਿੰਸਕ ਅਤੇ ਅਣਸਿੱਖਿਅਤ ਅਧਿਕਾਰੀਆਂ' ਨੂੰ ਰਾਜ ਵਿੱਚੋਂ ਤੁਰੰਤ ਵਾਪਸ ਬੁਲਾਉਣ।

ਦੂਜੇ ਪਾਸੇ, ਅਮਰੀਕੀ ਹੋਮਲੈਂਡ ਸਕਿਓਰਿਟੀ ਵਿਭਾਗ (DHS) ਦੀ ਬੁਲਾਰਾ ਟ੍ਰਿਸ਼ੀਆ ਮੈਕਲੌਗਲਿਨ ਨੇ ਦਾਅਵਾ ਕੀਤਾ ਕਿ ਜਿਸ ਵਿਅਕਤੀ ਨੂੰ ਗੋਲੀ ਮਾਰੀ ਗਈ ਹੈ, ਉਸ ਕੋਲ ਦੋ ਮੈਗਜ਼ੀਨਾਂ ਵਾਲੀ ਬੰਦੂਕ ਸੀ। ਵਿਭਾਗ ਨੇ ਉਸ ਬੰਦੂਕ ਦੀ ਤਸਵੀਰ ਵੀ ਜਾਰੀ ਕੀਤੀ ਹੈ ਜੋ



ਕਥਿਤ ਤੌਰ 'ਤੇ ਉਸ ਵਿਅਕਤੀ ਕੋਲ ਮੌਜੂਦ ਸੀ।

**ਲੋਕਾਂ ਦਾ ਗੁੱਸਾ ਅਤੇ ਵਿਰੋਧ ਪ੍ਰਦਰਸ਼ਨ**

ਇਸ ਘਟਨਾ ਤੋਂ ਬਾਅਦ ਇਲਾਕੇ ਵਿੱਚ ਮੌਜੂਦ ਲੋਕਾਂ ਨੇ ਸੰਘੀ ਅਧਿਕਾਰੀਆਂ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਭੀੜ ਨੇ ਅਧਿਕਾਰੀਆਂ ਨੂੰ 'ਡਰਪੋਕ' ਕਿਹਾ ਅਤੇ ਉਨ੍ਹਾਂ ਨੂੰ ਵਾਪਸ ਜਾਣ ਲਈ ਕਿਹਾ। ਇਸ ਦੌਰਾਨ ਇੱਕ ਅਧਿਕਾਰੀ ਵੱਲੋਂ ਪ੍ਰਦਰਸ਼ਨਕਾਰੀਆਂ ਦਾ ਮਜ਼ਾਕ ਉਡਾਉਣ ਦੀਆਂ ਰਿਪੋਰਟਾਂ ਵੀ ਸਾਹਮਣੇ ਆਈਆਂ ਹਨ।

ਜ਼ਿਕਰਯੋਗ ਹੈ ਕਿ ਇਹ ਗੋਲੀਬਾਰੀ ਅਜਿਹੇ ਸਮੇਂ ਹੋਈ ਹੈ ਜਦੋਂ ਸ਼ਹਿਰ ਵਿੱਚ ਪਹਿਲਾਂ ਹੀ ਰੇਨੀ ਗੁੱਡ (37) ਦੀ ਹੱਤਿਆ ਵਿਰੁੱਧ ਪ੍ਰਦਰਸ਼ਨ ਚੱਲ ਰਹੇ ਹਨ। 7 ਜਨਵਰੀ ਨੂੰ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਰੇਨੀ ਗੁੱਡ ਦੀ ਗੱਡੀ 'ਤੇ ਗੋਲੀ ਚਲਾਈ ਸੀ, ਜਿਸ ਤੋਂ ਬਾਅਦ ਪੂਰੇ ਸ਼ਹਿਰ ਵਿੱਚ ਰੋਜ਼ਾਨਾ ਵਿਰੋਧ ਪ੍ਰਦਰਸ਼ਨ ਹੋ ਰਹੇ ਹਨ ਅਤੇ ਲੋਕ ਸੰਘੀ ਏਜੰਸੀਆਂ ਨੂੰ ਸ਼ਹਿਰ ਛੱਡਣ ਦੀ ਮੰਗ ਕਰ ਰਹੇ ਹਨ। ਇਸ ਘਟਨਾ ਨੇ ਮਿਨੀਆਪੋਲਿਸ ਵਿੱਚ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਅਤੇ ਸਥਾਨਕ ਸਰਕਾਰ ਦੇ ਵਿਚਕਾਰ ਟਕਰਾਅ ਨੂੰ ਹੋਰ ਤੇਜ਼ ਕਰ ਦਿੱਤਾ ਹੈ।

# ਜ਼ਰੂਰੀ ਹੈ ਜਲ ਸਰੋਤਾਂ ਦੀ ਸੰਭਾਲ

ਸਾਡੀਆਂ ਕੇਂਦਰੀ ਤੇ ਸੂਬਾਈ ਸਰਕਾਰਾਂ ਸਮੇਂ-ਸਮੇਂ ਦੇਸ਼ ਦੇ ਵਿਕਾਸ ਬਾਰੇ ਅਕਸਰ ਵੱਡੇ-ਵੱਡੇ ਦਾਅਵੇ ਕਰਦੀਆਂ ਰਹਿੰਦੀਆਂ ਹਨ। ਇਹ ਵੀ ਕਿਹਾ ਜਾਂਦਾ ਹੈ ਕਿ ਭਾਰਤ ਦੁਨੀਆ ਦਾ ਤੇਜ਼ੀ ਨਾਲ ਵਿਕਾਸ ਕਰਨ ਵਾਲਾ ਦੇਸ਼ ਹੈ ਅਤੇ ਇਹ ਕੌਮਾਂਤਰੀ ਪੱਧਰ 'ਤੇ ਚੌਥੀ ਆਰਥਿਕਤਾ ਬਣ ਚੁੱਕਾ ਹੈ ਅਤੇ ਇਹ ਵੀ ਦਾਅਵਾ ਕੀਤਾ ਜਾਂਦਾ ਹੈ ਕਿ ਛੇਤੀ ਹੀ ਇਹ ਤੀਜੀ ਆਰਥਿਕਤਾ ਬਣ ਜਾਵੇਗਾ। ਪਰ ਦੂਜੇ ਪਾਸੇ ਜੇਕਰ ਪ੍ਰਤੀ ਜੀਅ ਆਮਦਨ ਦੇ ਪੱਖ ਤੋਂ ਦੇਖੀਏ ਤਾਂ ਦੇਸ਼ ਵਿਕਸਿਤ ਦੇਸ਼ਾਂ ਤੋਂ ਬੇਹੱਦ ਪਛੜਿਆ ਹੋਇਆ ਹੈ। ਭਾਵ ਲੋਕਾਂ ਦੀ ਹਾਲਤ ਬੇਹੱਦ ਮਾੜੀ ਹੈ। 80 ਕਰੋੜ ਤੋਂ ਵੱਧ ਲੋਕਾਂ ਨੂੰ ਕੇਂਦਰ ਸਰਕਾਰ ਵਲੋਂ ਮੁਫ਼ਤ ਅਨਾਜ ਦਿੱਤਾ ਜਾ ਰਿਹਾ ਹੈ। ਦੇਸ਼ ਵਿਚ ਵੱਡੀ ਪੱਧਰ 'ਤੇ ਬੇਰੁਜ਼ਗਾਰੀ ਵੀ ਪਾਈ ਜਾ ਰਹੀ ਹੈ। ਇਸੇ ਕਾਰਨ ਮਜਬੂਰ ਹੋ ਕੇ ਨੌਜਵਾਨ ਹਰ ਜਾਇਜ਼-ਨਜਾਇਜ਼ ਢੰਗ ਨਾਲ ਰੋਟੀ-ਰੋਜ਼ੀ ਦੀ ਭਾਲ ਵਿਚ ਵਿਦੇਸ਼ ਜਾਣ ਲਈ ਮਜਬੂਰ ਹੁੰਦੇ ਹਨ। ਪਰ ਅੱਜ ਇਨ੍ਹਾਂ ਕਾਲਮਾਂ ਵਿਚ ਅਸੀਂ ਦੇਸ਼ ਦੀ ਅਤੇ ਦੇਸ਼ ਦੇ ਲੋਕਾਂ ਦੀ ਆਰਥਿਕਤਾ ਦੀ ਵਧੇਰੇ ਗੱਲ ਨਹੀਂ ਕਰ ਰਹੇ ਸਗੋਂ ਇਕ ਹੋਰ ਅਹਿਮ ਮਸਲੇ 'ਤੇ ਚਰਚਾ ਕਰ ਰਹੇ ਹਾਂ, ਜੋ ਲੋਕਾਂ ਲਈ ਵਿਸ਼ੇਸ਼ ਅਹਿਮੀਅਤ ਰੱਖਦਾ ਹੈ, ਇਹ ਹੈ ਲੋਕਾਂ ਦੀਆਂ ਜੀਊਣ ਯੋਗ ਹਾਲਤਾਂ ਦਾ। ਮਨੁੱਖ ਦੇ ਜੀਊਣ ਲਈ ਸਾਫ਼ ਪਾਣੀ, ਸਾਫ਼ ਹਵਾ ਅਤੇ ਸ਼ੁੱਧ ਖ਼ੁਰਾਕ ਬੁਨਿਆਦੀ ਜ਼ਰੂਰਤ ਹੈ। ਪਰ ਸਾਡੇ ਦੇਸ਼ ਵਿਚ ਇਹ ਤਿੰਨੇ ਸਹੂਲਤਾਂ ਵਿਕਾਸ ਦੇ ਦਾਅਵਿਆਂ ਦੇ ਨਾਲ-ਨਾਲ ਤੇਜ਼ੀ ਨਾਲ ਲੋਕਾਂ ਦੀ ਪਹੁੰਚ ਤੋਂ ਬਾਹਰ ਹੁੰਦੀਆਂ ਜਾ ਰਹੀਆਂ ਹਨ।

ਦੇਸ਼ ਦੇ ਦਰਿਆਵਾਂ ਵਿਚ ਸ਼ਹਿਰੀ ਅਤੇ ਦਿਹਾਤੀ ਆਬਾਦੀ ਦਾ ਗੰਦੇ ਪਾਣੀ ਨਿਰੰਤਰ ਪੈ ਰਹੇ ਹਨ। ਜਿਉਂ-ਜਿਉਂ ਦੇਸ਼ ਵਿਚ ਸਨਅਤੀਕਰਨ ਦਾ ਅਮਲ ਵਧ ਰਿਹਾ ਹੈ, ਸਨਅਤਾਂ ਦੇ ਗੰਦੇ ਅਤੇ ਤੇਜ਼ਾਬੀ ਪਾਣੀ ਵੀ ਨਦੀਆਂ-ਨਾਲਿਆਂ ਵਿਚ ਬਿਨਾਂ ਸਾਫ਼ ਕੀਤਿਆਂ ਨਿਰੰਤਰ ਸੁੱਟੇ ਜਾ ਰਹੇ ਹਨ। ਬਿਨਾਂ ਸ਼ੱਕ ਕੌਮੀ ਪੱਧਰ 'ਤੇ ਅਤੇ ਵੱਖ-ਵੱਖ ਸੂਬਿਆਂ ਦੀ ਪੱਧਰ 'ਤੇ ਪਾਣੀ ਦੇ ਪ੍ਰਦੂਸ਼ਣ ਨੂੰ ਰੋਕਣ ਲਈ ਅਨੇਕਾਂ ਕਾਨੂੰਨ ਹਨ। ਸਾਡੇ ਹਾਈ ਕੋਰਟ, ਸੁਪਰੀਮ ਕੋਰਟ ਅਤੇ ਇਥੋਂ ਤੱਕ ਕਿ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਸ਼ਿਕਾਇਤਾਂ ਮਿਲਣ 'ਤੇ ਇਸ ਸਮੱਸਿਆ 'ਤੇ ਸੁਣਵਾਈ ਕਰਕੇ ਸਰਕਾਰਾਂ ਨੂੰ ਨਿਰਦੇਸ਼ ਵੀ ਦਿੰਦੇ ਰਹਿੰਦੇ ਹਨ। ਪਰ ਦਰਿਆਵਾਂ ਅਤੇ ਨਦੀਆਂ-ਨਾਲਿਆਂ ਵਿਚ ਪੈਂਦੇ ਗੰਦੇ ਪਾਣੀਆਂ ਦੀ ਸਮੱਸਿਆ ਨਿਰੰਤਰ ਬਣੀ ਹੋਈ ਹੈ। ਗੰਗਾ ਅਤੇ ਯਮੁਨਾ ਨੂੰ ਸਾਫ਼ ਕਰਨ ਲਈ ਵੀ ਅਨੇਕਾਂ ਪ੍ਰਾਜੈਕਟ ਬਣਦੇ ਹਨ, ਵੱਡੀ ਪੱਧਰ 'ਤੇ ਪੈਸੇ ਵੀ ਖ਼ਰਚ ਕੀਤੇ ਜਾਂਦੇ ਹਨ। ਪਰ ਸਥਿਤੀ ਇਸ ਪੱਖ ਤੋਂ ਪਹਿਲਾਂ ਵਾਲੀ ਹੀ ਬਣੀ ਰਹਿੰਦੀ ਹੈ। ਕਿਉਂਕਿ ਨਦੀਆਂ-ਨਾਲਿਆਂ ਵਿਚ ਪੈ ਰਹੇ ਗੰਦੇ ਪਾਣੀਆਂ ਨੂੰ ਰੋਕਣ ਲਈ ਨਾ ਤਾਂ ਸਰਕਾਰਾਂ ਵਿਚ ਦ੍ਰਿੜ੍ਹ ਇੱਛਾ ਸ਼ਕਤੀ ਨਜ਼ਰ ਆਉਂਦੀ ਹੈ ਅਤੇ ਨਾ ਹੀ ਜਾਗਰੂਕ ਤੇ ਲਾਮਬੰਦ ਹੋ ਕੇ ਲੋਕ ਸਰਕਾਰਾਂ ਦੀ ਜਵਾਬਦੇਹੀ ਕਰਨ ਵਿਚ ਸਫ਼ਲ ਹੁੰਦੇ ਹਨ।



ਜੇ ਆਪਣੇ ਰਾਜ ਪੰਜਾਬ ਦੀ ਗੱਲ ਕਰੀਏ ਤਾਂ ਇਥੇ ਵੀ ਦਰਿਆਵਾਂ ਦੇ ਪ੍ਰਦੂਸ਼ਿਤ ਹੋਣ ਦਾ ਮਸਲਾ ਕਾਫ਼ੀ ਗੰਭੀਰ ਰੂਪ ਧਾਰਨ ਕਰ ਚੁੱਕਾ ਹੈ। ਸਾਡੇ ਸਤਲੁਜ ਅਤੇ ਬਿਆਸ ਦੋਵਾਂ ਦਰਿਆਵਾਂ ਵਿਚ ਸ਼ਹਿਰੀ ਤੇ ਦਿਹਾਤੀ ਆਬਾਦੀਆਂ ਦਾ ਗੰਦਾ ਪਾਣੀ ਅਤੇ ਸਨਅਤਾਂ ਦਾ ਬਿਨਾਂ ਸਾਫ਼ ਕੀਤਾ ਪਾਣੀ ਨਿਰੰਤਰ ਪੈ ਰਿਹਾ ਹੈ। ਅਨੇਕਾਂ ਵਾਰ ਇਨ੍ਹਾਂ ਕਾਰਨਾਂ ਕਰਕੇ ਮੱਛੀਆਂ ਦੇ ਮਰਨ ਦੀਆਂ ਵੀ ਖ਼ਬਰਾਂ ਆਉਂਦੀਆਂ ਹਨ। ਪੰਜਾਬ ਦੇ ਨਾਲ ਲਗਦੇ ਹਿਮਾਚਲ ਦੇ ਇਲਾਕਿਆਂ ਵਿਚ ਵਧੇਰੇ ਸਨਅਤਾਂ ਲੱਗਣ ਕਾਰਨ ਹੁਣ ਪੰਜਾਬ ਆਉਂਦੇ ਦਰਿਆ ਪਾਣੀ ਦੇ ਪੱਖ ਤੋਂ ਹਿਮਾਚਲ ਵਿਚ ਹੀ ਪ੍ਰਦੂਸ਼ਿਤ ਹੋ ਜਾਂਦੇ ਹਨ। ਅੱਗੇ ਦਰਿਆਵਾਂ ਦੇ ਪੰਜਾਬ ਵਿਚ ਦਾਖ਼ਲ ਹੋਣ ਤੋਂ ਬਾਅਦ ਵੀ ਉਨ੍ਹਾਂ ਦੇ ਪਾਣੀ ਦੇ ਪ੍ਰਦੂਸ਼ਣ ਦਾ ਪੱਧਰ ਨਿਰੰਤਰ ਵਧਦਾ ਰਹਿੰਦਾ ਹੈ। ਲੁਧਿਆਣਾ ਦੇ ਬੁੱਢੇ ਨਾਲੇ ਨੂੰ ਸਾਫ਼ ਕਰਨ ਦੀ ਮੰਗ ਨੂੰ ਲੈ ਕੇ ਵੱਖ-ਵੱਖ ਸਮਾਜਿਕ ਸੰਗਠਨ ਅਤੇ ਵਾਤਾਵਰਨ ਪ੍ਰੇਮੀ ਅਨੇਕਾਂ ਵਾਰ ਅੰਦੋਲਨ ਕਰ ਚੁੱਕੇ ਹਨ। ਪੰਜਾਬ ਦੀਆਂ ਸਰਕਾਰਾਂ ਵਲੋਂ ਸਮੇਂ-ਸਮੇਂ ਕੁਝ ਕਦਮ ਵੀ ਉਠਾਏ ਜਾਂਦੇ ਰਹੇ ਹਨ। ਅੱਜ ਕੱਲ੍ਹ ਵਾਤਾਵਰਨ ਪ੍ਰੇਮੀ ਸੰਤ ਬਲਵੀਰ ਸਿੰਘ ਸੀਚੇਵਾਲ ਇਸ ਮਕਸਦ ਲਈ ਦ੍ਰਿੜ੍ਹਤਾ ਨਾਲ ਕੰਮ ਕਰਦੇ ਨਜ਼ਰ ਆ ਰਹੇ ਹਨ। ਰਾਜ ਸਭਾ ਦੇ ਮੈਂਬਰ ਹੋਣ ਕਾਰਨ ਉਹ ਸਰਕਾਰੀ ਅਦਾਰਿਆਂ ਤੋਂ ਵੀ ਸਹਿਯੋਗ ਹਾਸਿਲ ਕਰਨ ਲਈ ਪ੍ਰਭਾਵੀ ਢੰਗ ਨਾਲ ਯਤਨ ਕਰ ਰਹੇ ਹਨ। ਇਸ ਕਾਰਨ ਕੁਝ ਆਸ ਤਾਂ ਬੱਝੀ ਹੈ। ਪਰ ਸਮੁੱਚੇ ਤੌਰ 'ਤੇ ਸਰਕਾਰਾਂ ਵਿਚ ਇਸ ਮਕਸਦ ਲਈ ਇੱਛਾ ਸ਼ਕਤੀ ਦੀ ਨਿਰੰਤਰ ਘਾਟ ਪਾਈ ਜਾਂਦੀ ਹੈ।

ਦਰਿਆਈ ਪਾਣੀਆਂ ਨੂੰ ਪ੍ਰਦੂਸ਼ਿਤ ਹੋਣ ਤੋਂ ਰੋਕਣ ਲਈ ਪੰਜਾਬ ਦਾ ਪਹਿਲਾ ਕਾਨੂੰਨ ਕਾਫ਼ੀ ਸਖ਼ਤ ਸੀ, ਜਿਸ ਦੇ ਆਧਾਰ 'ਤੇ ਕਿਸੇ ਵੀ ਰੂਪ ਵਿਚ ਪਾਣੀ ਗੰਦਾ ਕਰਨ ਵਾਲੇ ਸਨਅਤਕਾਰ ਨੂੰ 5 ਤੋਂ 6 ਸਾਲ ਦੀ ਕੈਦ ਹੋ ਸਕਦੀ ਸੀ। ਪਰ ਪੰਜਾਬ ਸਰਕਾਰ ਨੇ 2025 ਵਿਚ ਇਸ ਕਾਨੂੰਨ ਨੂੰ ਨਰਮ ਕਰ ਦਿੱਤਾ। ਹੁਣ ਪਾਣੀ ਗੰਦਾ ਕਰਨ ਵਾਲੇ ਸਨਅਤਕਾਰ ਨੂੰ ਸਿਰਫ਼ 10,000 ਤੋਂ ਲੈ ਕੇ 5,00,000 ਤੱਕ ਜੁਰਮਾਨਾ ਹੀ ਕੀਤਾ ਜਾ ਸਕਦਾ ਹੈ। ਇਸ ਦਾ ਅਰਥ ਇਹ ਹੈ ਕਿ ਪੰਜਾਬ ਸਰਕਾਰ ਨੇ ਪਾਣੀ ਗੰਦਾ ਕਰਨ ਦੇ ਅਮਲ ਨੂੰ ਗੰਭੀਰ ਜੁਰਮ ਦੀ ਸ਼੍ਰੇਣੀ ਵਿਚੋਂ ਬਾਹਰ ਕੱਢ ਦਿੱਤਾ ਹੈ। ਇਸ ਤੋਂ ਹੀ ਪਤਾ ਲਗਦਾ ਹੈ ਕਿ ਸਰਕਾਰਾਂ ਇਸ ਮਸਲੇ ਨੂੰ ਕਿੰਨੀ ਕੁ ਗੰਭੀਰਤਾ ਨਾਲ ਲੈਂਦੀਆਂ ਹਨ? ਪੰਜਾਬ ਸਰਕਾਰ ਨੂੰ ਪਾਣੀ ਦੇ ਪ੍ਰਦੂਸ਼ਣ ਸੰਬੰਧੀ ਕਾਨੂੰਨ ਨੂੰ ਮੁੜ ਤੋਂ ਸਖ਼ਤ ਕਰਨ ਦੀ ਲੋੜ ਹੈ। ਜੇਕਰ ਸਰਕਾਰਾਂ ਦਾ ਪਾਣੀ ਦੇ ਪ੍ਰਦੂਸ਼ਣ ਸੰਬੰਧੀ ਇਸੇ ਤਰ੍ਹਾਂ ਢਿੱਲ-ਮੱਠ ਵਾਲਾ ਵਤੀਰਾ ਜਾਰੀ ਰਿਹਾ ਤਾਂ ਇਸ ਸਮੱਸਿਆ 'ਤੇ ਕਾਬੂ ਪਾਉਣਾ ਮੁਸ਼ਕਿਲ ਹੋ ਜਾਵੇਗਾ। ਜਿਸ ਨਾਲ ਇਸ ਦੇਸ਼ ਵਿਚ ਰਹਿਣ ਵਾਲੇ ਮਨੁੱਖ ਸਿਹਤਮੰਦ ਨਹੀਂ ਰਹਿ ਸਕਣਗੇ ਅਤੇ ਜੇ ਲੋਕ ਸਿਹਤਮੰਦ ਨਹੀਂ ਰਹਿਣਗੇ ਤਾਂ ਦੇਸ਼ ਦੇ ਵਿਕਾਸ ਦੇ ਦਾਅਵੇ ਵੀ ਧਰੇ-ਧਰਾਏ ਹੀ ਰਹਿ ਜਾਣਗੇ। ਦੇਸ਼ ਦੇ ਆਰਥਿਕ ਵਿਕਾਸ ਤੋਂ ਪਹਿਲਾਂ ਬੇਹੱਦ ਜ਼ਰੂਰੀ ਹੈ ਕਿ ਲੋਕਾਂ ਨੂੰ ਪੀਣ ਲਈ ਸ਼ੁੱਧ ਪਾਣੀ ਮਿਲੇ, ਸਾਹ ਲੈਣ ਲਈ ਸ਼ੁੱਧ ਹਵਾ ਮਿਲੇ ਅਤੇ ਖਾਣ ਲਈ ਸ਼ੁੱਧ ਖ਼ੁਰਾਕ ਮਿਲੇ। ਆਸ ਹੈ ਸਰਕਾਰਾਂ ਇਸ ਸੰਬੰਧ ਵਿਚ ਆਪਣੇ ਜ਼ਰੂਰੀ ਫ਼ਰਜ਼ ਨਿਭਾਉਣ ਲਈ ਅੱਗੇ ਆਉਣਗੀਆਂ।

# ਆਓ, ਖਾਮੋਸ਼ ਮੌਤ ਪ੍ਰਤੀ ਫ਼ਿਕਰਮੰਦ ਹੋਈਏ

ਇਨ੍ਹਾਂ ਦਿਨਾਂ ਦੌਰਾਨ ਜੇਕਰ ਤੁਸੀਂ ਆਪਣੇ ਮੋਬਾਈਲ ਫੋਨ 'ਤੇ ਪੰਜਾਬ ਦੀ ਹਵਾ ਦੀ ਸ਼ੁੱਧਤਾ (ਏਅਰ ਕੁਆਲਟੀ ਇੰਡੈਕਸ) ਨੂੰ ਚੈੱਕ ਕਰੋਗੇ ਤਾਂ ਪਤਾ ਲੱਗੇਗਾ ਕਿ ਪਿਛਲੇ ਦੋ ਮਹੀਨਿਆਂ ਤੋਂ ਅਸੀਂ ਰੈਡ ਜ਼ੋਨ 'ਚ ਰਹਿ ਰਹੇ ਹਾਂ। ਹਰ ਸਾਲ ਇਨ੍ਹਾਂ ਦਿਨਾਂ ਦੌਰਾਨ ਹਵਾ ਇਕ ਖ਼ਾਮੋਸ਼ ਕਾਤਲ ਬਣ ਜਾਂਦੀ ਹੈ ਅਤੇ ਇਹ ਸਿਲਸਿਲਾ ਹਰ ਸਾਲ ਪਹਿਲਾਂ ਨਾਲੋਂ ਘਾਤਕ ਹੋ ਰਿਹਾ ਹੈ, ਪਰ ਅਸੀਂ ਇਸ ਪ੍ਰਤੀ ਬੇਖ਼ਬਰ ਹਾਂ। ਡੈਨਮਾਰਕ ਦੇ ਵਿਸ਼ਵ ਨੰਬਰ 3 ਬੈਡਮਿੰਟਨ ਖਿਡਾਰੀ ਐਂਡਰਸ ਐਂਟੋਨਸੇਨ ਨੇ ਕਿਹਾ ਕਿ ਦਿੱਲੀ 'ਚ ਗੰਭੀਰ ਪ੍ਰਦੂਸ਼ਣ ਦੀ ਵਜ੍ਹਾ ਕਰਕੇ ਉਹ ਟੂਰਨਾਮੈਂਟ 'ਚ ਹਿੱਸਾ ਨਹੀਂ ਲਵੇਗਾ।

ਐਂਟੋਨਸੇਨ ਨੇ ਇੰਸਟਾਗ੍ਰਾਮ 'ਤੇ ਲਿਖਿਆ- ਬਹੁਤ ਸਾਰੇ ਲੋਕ ਜਾਣਨਾ ਚਾਹੁੰਦੇ ਹਨ ਕਿ ਮੈਂ ਲਗਾਤਾਰ ਤੀਜੇ ਸਾਲ ਇੰਡੀਆ ਓਪਨ ਤੋਂ ਕਿਉਂ ਹਟਿਆ ਹਾਂ। ਇਸ ਸਮੇਂ ਦਿੱਲੀ 'ਚ ਪ੍ਰਦੂਸ਼ਣ ਬਹੁਤ ਜ਼ਿਆਦਾ ਹੈ ਅਤੇ ਮੈਨੂੰ ਨਹੀਂ ਲੱਗਦਾ ਕਿ ਇਹ ਬੈਡਮਿੰਟਨ ਟੂਰਨਾਮੈਂਟ ਦੀ ਮੇਜ਼ਬਾਨੀ ਕਰਨ ਲਈ ਸਹੀ ਜਗ੍ਹਾ ਹੈ। ਇਸ ਬੈਡਮਿੰਟਨ ਖਿਡਾਰੀ ਦਾ ਸਾਡੇ ਦੇਸ਼ ਵਿਚ ਨਾ ਆਉਣ ਦਾ ਕਾਰਨ ਪ੍ਰਦੂਸ਼ਣ ਜਾਂ ਕੁਝ ਹੋਰ ਹੋਵੇ, ਪਰ ਇਕ ਗੱਲ ਪੱਕੀ ਹੈ ਕਿ ਦਿੱਲੀ ਸਮੇਤ ਉੱਤਰੀ ਭਾਰਤੀ ਸੂਬੇ- ਪੰਜਾਬ, ਹਰਿਆਣਾ, ਯੂ.ਪੀ. ਤੇ ਹਿਮਾਚਲ ਪ੍ਰਦੇਸ਼ ਵੀ ਪ੍ਰਦੂਸ਼ਣ ਤੋਂ ਨਹੀਂ ਬਚ ਸਕੇ ਅਤੇ ਇਨ੍ਹਾਂ ਸੂਬਿਆਂ 'ਚ ਨਵੰਬਰ 2025 ਤੋਂ ਜਨਵਰੀ 26 ਤੱਕ ਪ੍ਰਦੂਸ਼ਣ ਦਾ ਪੱਧਰ ਲਗਾਤਾਰ ਖ਼ਤਰਨਾਕ ਹੱਦ ਤੱਕ ਬਣਿਆ ਹੋਇਆ ਹੈ। ਪਿਛਲੇ ਦੋ ਮਹੀਨਿਆਂ ਤੋਂ ਹਵਾ ਗੁਣਵੱਤਾ ਪੱਧਰ ਜੋ ਸਾਫ਼ ਹਵਾ ਲਈ 50 ਦੇ ਆਸ-ਪਾਸ ਹੋਣਾ ਚਾਹੀਦਾ ਹੈ, ਉਹ ਜ਼ਿਆਦਾਤਰ ਇਲਾਕਿਆਂ 'ਚ 200 ਤੋਂ 550 ਤੱਕ ਰਿਹਾ ਹੈ। ਹਵਾ ਪ੍ਰਦੂਸ਼ਣ ਜੀਵਨ ਲਈ ਇੰਨਾ ਖ਼ਤਰਨਾਕ ਹੋ ਚੁੱਕਾ ਹੈ ਕਿ ਅਸੀਂ ਸਭ ਇਨ੍ਹਾਂ ਦਿਨਾਂ ਦੌਰਾਨ 16 ਤੋਂ 20 ਸਿਗਰਟਾਂ ਜਿੰਨਾ ਧੂੰਆਂ ਆਪਣੇ ਅੰਦਰ ਖਿੱਚ ਰਹੇ ਹਾਂ।

ਸਾਲ 2023 ਦੌਰਾਨ ਦੁਨੀਆ ਭਰ 'ਚ ਹਵਾ ਪ੍ਰਦੂਸ਼ਣ ਨਾਲ 78 ਲੱਖ ਲੋਕਾਂ ਦੀ ਮੌਤ ਹੋ ਗਈ ਸੀ। ਹੁਣ ਤਾਂ ਪੰਜਾਬ 'ਚ ਵੀ ਹਵਾ ਪ੍ਰਦੂਸ਼ਣ ਕਾਰਨ ਮੌਤਾਂ ਹੋਣ ਲੱਗੀਆਂ ਹਨ ਅਤੇ ਇਸ ਨਾਲ ਸਾਡੀ ਸਭ ਦੀ ਉਮਰ ਵੀ ਘਟ ਰਹੀ ਹੈ। ਇਕ ਵਿਗਿਆਨਕ ਖੋਜ ਅਨੁਸਾਰ ਹਵਾ ਦੇ ਪ੍ਰਦੂਸ਼ਣ ਦਾ ਪੱਧਰ ਜਦੋਂ 200 ਏ.ਕਿਉ. ਆਈ. ਤੱਕ ਜਾਂ ਇਸ ਤੋਂ ਵਧ ਜਾਵੇ ਤਾਂ ਹਵਾ 'ਚ ਜੀਵਨ ਲਈ ਖ਼ਤਰਨਾਕ ਪੀ.ਐਮ. 2.5 ਅਤੇ ਪੀ.ਐਮ. 10 ਕਣਾਂ 'ਚ ਵਾਧਾ ਹੋ ਜਾਂਦਾ ਹੈ। ਸਿਰ ਦੇ ਵਾਲਾਂ ਤੋਂ 30 ਗੁਣਾ ਤੱਕ ਬਰੀਕ ਇਹ ਖ਼ਤਰਨਾਕ ਕਣ ਸਾਹ ਲੈਣ ਸਮੇਂ ਸਾਡੇ ਸਰੀਰ ਅੰਦਰ ਚਲੇ ਜਾਂਦੇ ਹਨ। ਜੋ ਵੱਡੀ ਪੱਧਰ 'ਤੇ ਲੋਕਾਂ ਲਈ ਹਾਰਟ ਅਟੈਕ, ਦਮਾ, ਬਰੇਨ ਸਟਰੋਕ, ਫੇਫੜਿਆਂ ਦਾ ਕੈਂਸਰ, ਗੁਰਦਿਆਂ ਦੇ ਰੋਗ ਤੇ ਬਲੱਡ ਪ੍ਰੈਸ਼ਰ ਵਰਗੇ ਕਈ ਰੋਗਾਂ ਦਾ ਕਾਰਨ ਬਣਦੇ ਹਨ। ਇਹ ਪਲੀਤ ਹਵਾ ਸਾਡੀ ਸਭ ਦੀ 2.2 ਸਾਲ ਤੱਕ ਉਮਰ ਘਟਾ ਰਹੀ ਹੈ। ਹਵਾ ਪ੍ਰਦੂਸ਼ਣ ਲੋਕਾਂ 'ਚ ਡਿਪਰੈਸ਼ਨ, ਐਂਗਜ਼ਾਇਟੀ ਤੇ ਮਾਨਸਿਕ ਤਣਾਅ ਵਧਾਉਂਦਾ ਹੈ, ਬਹੁਤੇ ਲੋਕਾਂ ਨੂੰ ਇੰਝ ਲੱਗਣ ਲੱਗਦਾ ਹੈ ਕਿ ਜਿਵੇਂ ਉਨ੍ਹਾਂ ਨੂੰ ਸਾਹ ਨਹੀਂ ਆ ਰਿਹਾ ਅਤੇ ਉਹ ਅਜਿਹੀ ਸਥਿਤੀ ਤੋਂ ਡਰ ਕੇ ਮਾਨਸਿਕ ਰੋਗਾਂ ਦਾ ਸ਼ਿਕਾਰ ਬਣ ਜਾਂਦੇ ਹਨ। ਇਸ ਨਾਲ ਵੱਡੀ ਉਮਰ ਦੇ ਲੋਕਾਂ ਵਿਚ ਡੀਮੈਂਸ਼ੀਆ ਤੇ ਅਲਜ਼ਾਈਮਰ ਵਰਗੀਆਂ ਬਿਮਾਰੀਆਂ ਲੱਗਣ ਦਾ ਖ਼ਤਰਾ ਵਧ ਜਾਂਦਾ ਹੈ।



ਲੋਕਾਂ ਦਾ ਇਮਿਊਨ ਸਿਸਟਮ ਕਮਜ਼ੋਰ ਹੋਣ ਲੱਗਦਾ ਹੈ ਅਤੇ ਕਈ ਤਰ੍ਹਾਂ ਦੀਆਂ ਲਾਗਾਂ (ਇਨਫੈਕਸ਼ਨਾਂ) ਦਾ ਖ਼ਤਰਾ ਵਧ ਜਾਂਦਾ ਹੈ। ਇਹ ਬੱਚਿਆਂ ਨੂੰ ਮਾਨਸਿਕ ਤੌਰ 'ਤੇ ਕਮਜ਼ੋਰ ਕਰਕੇ ਉਨ੍ਹਾਂ 'ਚ ਸਿੱਖਣ ਦੀ ਸਮਰੱਥਾ ਨੂੰ ਘਟਾ ਦਿੰਦਾ ਹੈ। ਇਹ ਸਥਿਤੀ ਸਿਗਰਟ ਪੀਣ ਨਾਲੋਂ ਵੀ ਕਿਤੇ ਵੱਧ ਘਾਤਕ ਹੈ ਅਤੇ ਸ਼ਰਾਬ ਪੀਣ ਨਾਲੋਂ 3 ਗੁਣਾ ਵੱਧ ਖ਼ਤਰਨਾਕ ਹੈ। ਭਾਰਤ ਦੇ ਲੋਕ ਰਾਜਨੀਤਕ, ਸਮਾਜਿਕ ਜਾਂ ਧਾਰਮਿਕ ਸਭ ਤਰ੍ਹਾਂ ਦੇ ਮਸਲਿਆਂ ਨੂੰ ਲੈ ਕੇ ਸੜਕਾਂ 'ਤੇ ਨਿਕਲ ਆਉਂਦੇ ਹਨ, ਪਰ ਜਦੋਂ ਕੋਈ ਮਸਲਾ ਸਿੱਧਾ ਸਾਡੀ ਜ਼ਿੰਦਗੀ ਨਾਲ ਜੁੜਿਆ ਹੋਵੇ ਤਾਂ ਅਸੀਂ ਅਕਸਰ ਖਾਮੋਸ਼ ਹੀ ਰਹਿੰਦੇ ਹਾਂ। ਮਨੁੱਖ ਵਲੋਂ ਸਿਰਜੇ ਇਸ ਧੀਮੀ ਮੌਤ ਦੇ ਬਿਰਤਾਂਤ 'ਚ ਵੱਡੇ ਸਿਆਸੀ ਲੋਕਾਂ ਤੋਂ ਲੈ ਕੇ ਸਭ ਆਮ ਲੋਕ ਸਾਹ ਲੈਂਦੇ ਹਨ, ਪਰ ਕੀ ਮਜਾਲ ਕਿ ਕਿਸੇ ਵੀ ਮੰਚ, ਕਿਸੇ ਚੈਨਲ ਜਾਂ ਕਿਸੇ ਇਕੱਠ 'ਚ ਇਸ ਸੰਬੰਧੀ ਕੋਈ ਗੰਭੀਰ ਚਰਚਾ ਹੋਈ ਹੋਵੇ।

ਕਰੋੜਾਂ ਲੋਕ ਪਿਛਲੇ 2 ਮਹੀਨਿਆਂ ਤੋਂ ਇਸ ਭਿਆਨਕ ਮੌਤ ਦੇ ਮਾਹੌਲ 'ਚ ਸਾਹ ਲੈ ਰਹੇ ਹਨ, ਪਰ ਇਸ ਪ੍ਰਤੀ ਜੋ ਫਿਕਰਮੰਦੀ ਹੋਣੀ ਚਾਹੀਦੀ ਸੀ ਉਹ ਫਿਕਰ ਕਿੱਥੇ ਹੈ? ਇਸ ਸੰਬੰਧੀ ਜਦੋਂ ਮੈਂ ਆਪਣੇ ਇਕ ਦੋਸਤ ਮੋਗੇ

**ਗੁਰਚਰਨ ਸਿੰਘ ਨੂਰਪੁਰ**

ਦੇ ਮਸ਼ਹੂਰ ਦਿਲ ਦੇ ਮਾਹਿਰ ਡਾਕਟਰ ਨਾਲ ਗੱਲ ਕੀਤੀ ਤਾਂ ਉਸ ਨੇ ਦੱਸਿਆ ਕਿ ਇਨ੍ਹਾਂ ਦਿਨਾਂ ਦੌਰਾਨ ਬਹੁਤ ਛੋਟੀ ਉਮਰ ਦੇ ਲੋਕ ਵੀ ਦਿਲ ਦੇ ਰੋਗਾਂ ਦੇ ਮਰੀਜ਼ ਬਣ ਕੇ ਆ ਰਹੇ ਹਨ। ਹਰ ਸਾਲ ਮੌਤ ਦੇ ਇਸ ਬਿਰਤਾਂਤ ਦੀ ਸ਼ੁਰੂਆਤ ਨਵੰਬਰ ਮਹੀਨੇ ਤੋਂ ਹੋ ਜਾਂਦੀ ਹੈ, ਇਸੇ ਸਮੇਂ ਦਿਵਾਲੀ, ਗੁਰਪੁਰਬ, ਵਿਆਹਾਂ ਤੇ ਜਨਮ ਦਿਨਾਂ ਦੌਰਾਨ ਪਟਾਕੇ ਵੀ ਚਲਾਏ ਜਾਂਦੇ ਹਨ। ਹੁਣ ਸਮਾਂ ਆ ਗਿਆ ਹੈ ਕਿ ਦੇਸ਼ 'ਚ ਪਟਾਕੇ ਬਣਾਉਣ, ਵੇਚਣ ਤੇ ਚਲਾਉਣ 'ਤੇ ਪੂਰਨ ਤੌਰ 'ਤੇ ਪਾਬੰਦੀ ਲਗਾਈ ਜਾਵੇ। ਲੋਕਾਂ ਨੂੰ ਸਮਝਣਾ ਚਾਹੀਦਾ ਹੈ ਕਿ ਪਟਾਕੇ ਇਤਿਹਾਸਕ ਤੌਰ 'ਤੇ ਕਿਸੇ ਤਿਉਹਾਰ ਨਾਲ ਜੁੜੀ ਹੋਈ ਕੋਈ ਰਸਮ ਨਹੀਂ ਹੈ। ਅਸੀਂ ਦਿਵਾਲੀ ਦੇ ਤਿਉਹਾਰ ਦੌਰਾਨ ਮਹਾਨਗਰਾਂ, ਸ਼ਹਿਰਾਂ, ਕਸਬਿਆਂ ਤੇ ਪਿੰਡਾਂ ਨੂੰ ਪਟਾਕੇ ਚਲਾ ਕੇ ਬੇਹੱਦ ਪਲੀਤ ਕਰ ਦਿੰਦੇ ਹਾਂ, ਜ਼ਹਿਰੀਲਾ ਧੂੰਆਂ ਸਭ ਲਈ ਜਾਨ ਦਾ ਖੌਅ ਬਣ ਜਾਂਦਾ ਹੈ। ਇਨ੍ਹਾਂ ਦਿਨਾਂ 'ਚ ਹੀ ਝੋਨੇ ਦੀ ਪਰਾਲੀ ਨੂੰ ਅੱਗਾਂ ਲਗਾਈਆਂ ਜਾਂਦੀਆਂ ਹਨ, ਇਸ ਰਾਹੀਂ ਮੀਥੇਨ ਗੈਸ ਵੱਡੀ ਮਾਤਰਾ 'ਚ ਹਵਾ 'ਚ ਘੁਲ ਜਾਂਦੀ ਹੈ। ਅਸੀਂ ਧਾਰਮਿਕ ਅਸਥਾਨਾਂ 'ਤੇ ਵੱਖ-ਵੱਖ ਸਮਾਗਮਾਂ ਦੌਰਾਨ ਪਟਾਕੇ ਚਲਾ ਕੇ ਆਪਣੇ ਆਪ ਨੂੰ ਵੱਧ ਤੋਂ ਵੱਧ ਸ਼ਰਧਾਵਾਨ ਹੋਣ ਦਾ ਸਬੂਤ ਦਿੰਦਿਆਂ ਹਵਾ ਨੂੰ ਵੱਧ ਤੋਂ ਵੱਧ ਪਲੀਤ ਕਰਨ ਵਿਚ ਫ਼ਖ਼ਰ ਮਹਿਸੂਸ ਕਰਦੇ ਹਾਂ। ਸਾਡੇ ਗੁਰੂ ਸਾਹਿਬਾਨ ਨੇ ਸਾਨੂੰ ਤਾਕੀਦ ਕੀਤੀ ਸੀ ਕਿ ਸਾਡੇ ਲਈ ਧਰਤੀ ਮਾਂ, ਪਾਣੀ ਪਿਤਾ ਤੇ ਹਵਾ ਗੁਰੂ ਸਮਾਨ ਹਨ। ਧਾਰਮਿਕ, ਸਮਾਜਿਕ, ਰਾਜਨੀਤਕ ਤੇ ਪ੍ਰਸ਼ਾਸਨਿਕ ਮੰਚਾਂ ਤੋਂ ਲੋਕਾਂ ਨੂੰ ਪਟਾਕਿਆਂ ਦੇ ਖ਼ਤਰਨਾਕ ਪ੍ਰਭਾਵ ਬਾਰੇ ਜਾਗਰੂਕ ਕਰਨਾ ਚਾਹੀਦਾ ਹੈ। ਪਟਾਕਿਆਂ 'ਤੇ ਪੂਰਨ ਪਾਬੰਦੀ ਲਗਾਈ ਜਾਵੇ ਜਾਂ ਇਨ੍ਹਾਂ ਦੀ ਵਿਕਰੀ 'ਤੇ ਇੰਨਾ ਟੈਕਸ ਲਗਾਇਆ ਜਾਵੇ ਕਿ ਇਨ੍ਹਾਂ ਨੂੰ ਖਰੀਦਣ ਵਾਲਾ ਸੌ ਵਾਰ ਸੋਚੇ। ਪ੍ਰਦੂਸ਼ਿਤ ਹਵਾ ਦੀ ਇਸ ਖਾਮੋਸ਼ ਮੌਤ ਪ੍ਰਤੀ ਅਸੀਂ ਫਿਲਹਾਲ ਬੇਹੱਦ ਅਵੇਸਲੇ ਹਾਂ। ਇਹ ਭਿਆਨਕ ਸਥਿਤੀ ਸਾਲ ਵਿਚ ਕਈ ਵਾਰ ਬਣਦੀ ਹੈ, ਪਰ ਹਰ ਸਾਲ ਨਵੰਬਰ ਮਹੀਨੇ ਤੋਂ ਜਨਵਰੀ ਤੱਕ ਤਾਂ ਇਹ ਇਕ ਤਰ੍ਹਾਂ ਮੌਤ ਦੇ ਦਿਨ ਹੁੰਦੇ ਹਨ। ਸਭ ਲੋਕਾਂ ਤੇ ਸਰਕਾਰਾਂ ਨੂੰ ਇਸ ਮਸਲੇ ਬਾਰੇ ਸੁਚੇਤ ਹੋਣ ਦੀ ਲੋੜ ਹੈ, ਪਰਾਲੀ ਨੂੰ ਸਾੜਨ ਦੀ ਬਜਾਏ ਸਰਕਾਰ ਨੂੰ ਇਸ ਲਈ ਬਦਲਵੀਂ ਵਿਵਸਥਾ ਕਰਨੀ ਚਾਹੀਦੀ ਹੈ। ਪ੍ਰਦੂਸ਼ਣ ਫੈਲਾਉਣ ਵਾਲੇ ਪੁਰਾਣੇ ਵਾਹਨਾਂ 'ਤੇ ਪੂਰਨ ਪਾਬੰਦੀ ਲਗਾਉਣ ਤੋਂ ਇਲਾਵਾ ਫੈਕਟਰੀਆਂ, ਕਾਰਖਾਨਿਆਂ, ਮਿੱਲਾਂ ਦੀਆਂ ਚਿਮਨੀਆਂ ਉੱਚੀਆਂ ਕਰਵਾ ਕੇ ਇਨ੍ਹਾਂ 'ਤੇ ਪ੍ਰਦੂਸ਼ਣ ਨੂੰ ਘੱਟ ਕਰਨ ਵਾਲੇ ਯੰਤਰ ਲਗਾਉਣੇ ਚਾਹੀਦੇ ਹਨ।

ਪੰਜਾਬੀਆਂ ਦਾ ਖਾਸਾ ਹੈ ਕਿ ਅਸੀਂ ਰਾਜਨੀਤਕ ਤੇ ਧਾਰਮਿਕ ਮਾਮਲਿਆਂ ਬਾਰੇ ਤਾਂ ਬਹੁਤ ਸੰਵੇਦਨਸ਼ੀਲ ਰਹਿੰਦੇ ਹਾਂ, ਪਰ ਜੀਵਨ ਨਾਲ ਜੁੜੇ ਮਸਲਿਆਂ ਪ੍ਰਤੀ ਬਿਲਕੁਲ ਵੀ ਗੰਭੀਰ ਨਹੀਂ ਹਾਂ। ਇਹ ਮਸਲੇ ਭਾਵੇਂ ਸਿਹਤ ਸਬੰਧੀ ਹੋਣ, ਦਰਿਆਵਾਂ ਦਾ ਪਲੀਤ ਹੋ ਰਿਹਾ ਪਾਣੀ ਹੋਵੇ, ਖਾਣ-ਪੀਣ ਦੀਆਂ ਚੀਜ਼ਾਂ 'ਚ ਮਿਲਾਵਟ ਜਾਂ ਹਵਾ ਪ੍ਰਦੂਸ਼ਣ ਦੇ ਹੋਣ ਅਸੀਂ ਇਨ੍ਹਾਂ ਪ੍ਰਤੀ ਉਤਨੇ ਗੰਭੀਰ ਨਹੀਂ ਹਾਂ ਜਿੰਨੇ ਸਾਨੂੰ ਹੋਣਾ ਚਾਹੀਦਾ ਹੈ। ਸ਼ਾਇਦ ਇਸੇ ਕਰਕੇ ਅਸੀਂ ਆਪਣੇ ਆਲੇ-ਦੁਆਲੇ ਮੌਤ ਦਾ ਬਿਰਤਾਂਤ ਸਿਰਜ ਲਿਆ ਹੈ। ਜੇਕਰ ਅਸੀਂ ਹਵਾ ਪ੍ਰਦੂਸ਼ਣ ਦੇ ਗੰਭੀਰ ਸੰਕਟ ਪ੍ਰਤੀ ਹੁਣ ਵੀ ਚਿੰਤਤ ਨਾ ਹੋਏ ਤਾਂ ਅਜਿਹਾ ਨਾ ਹੋ ਜਾਵੇ ਕਿ ਆਉਣ ਵਾਲੇ ਕੱਲ੍ਹ ਤੱਕ ਬਹੁਤ ਦੇਰ ਹੋ ਜਾਵੇ। ਹਵਾ ਕਿਸੇ ਇਕ ਦੀ ਮਲਕੀਅਤ ਨਹੀਂ ਹੈ, ਇਹ ਵੀ ਸੂਰਜ ਦੀ ਰੌਸ਼ਨੀ ਵਾਂਗ ਸਾਰਿਆਂ ਲਈ ਹੈ। ਜਦੋਂ ਸਾਰਿਆਂ ਨੇ ਇਸ ਹਵਾ 'ਚ ਸਾਹ ਲੈਣਾ ਹੈ ਤਾਂ ਇਸ ਨੂੰ ਸਾਫ ਰੱਖਣ ਲਈ ਰੁੱਖਾਂ ਦੀ ਕਟਾਈ ਨੂੰ ਰੋਕ ਕੇ ਵੱਧ ਤੋਂ ਵੱਧ ਰੁੱਖ ਲਗਾਉਣ ਦੀ ਲੋੜ ਹੈ। ਇਸ ਦੇ ਨਾਲ ਹੀ ਹੁਣ ਪ੍ਰਦੂਸ਼ਣ ਪੈਦਾ ਕਰਨ ਵਾਲੇ ਸਰੋਤਾਂ ਨੂੰ ਬੰਦ ਕਰਵਾ ਕੇ ਸਿਹਤਮੰਦ ਜੀਵਨ ਲਈ ਢੁਕਵੀਆਂ ਹਾਲਤਾਂ ਸਿਰਜਣ ਦੀ ਬੇਹੱਦ ਜ਼ਰੂਰਤ ਹੈ।

ਸਾਡੇ ਲੋਕ
SADE LOK
ਸਤਨਾਮ ਸਿੰਘ ਖਾਲਸਾ
Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.
ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਸ਼ਾਂਤੀ ਬੋਰਡ: ਟਰੰਪ ਨੇ ਕੈਨੇਡਾ ਨੂੰ ਦਿੱਤਾ ਸੱਦਾ ਵਾਪਸ ਲਿਆ

## ਕਾਰਨੀ ਦੇ ਹੋਰ ਮੁਲਕਾਂ ਨੂੰ ਇਕਜੁੱਟ ਹੋਣ ਦੇ ਦਿੱਤੇ ਸੱਦੇ ਤੋਂ ਖ਼ਫ਼ਾ ਸਨ ਟਰੰਪ

ਵਾਸ਼ਿੰਗਟਨ: ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਤਿੱਖੀ ਬਿਆਨਬਾਜ਼ੀ ਤੋਂ ਨਾਰਾਜ਼ ਹੋ ਕੇ ਉਨ੍ਹਾਂ ਨੂੰ ਆਪਣੇ ਸ਼ਾਂਤੀ ਬੋਰਡ 'ਚ ਸ਼ਾਮਲ ਹੋਣ ਲਈ ਦਿੱਤਾ ਗਿਆ ਸੱਦਾ ਵਾਪਸ ਲੈ ਲਿਆ ਹੈ। ਟਰੰਪ ਦੀ ਅਗਵਾਈ ਹੇਠਲੀ ਜਥੇਬੰਦੀ ਨੂੰ ਉਨ੍ਹਾਂ ਦੇ ਕਈ ਪੱਛਮੀ ਸਹਿਯੋਗੀ ਸ਼ੱਕ ਦੀ ਨਜ਼ਰ ਨਾਲ ਦੇਖ ਰਹੇ ਹਨ। ਸ਼ਾਂਤੀ ਬੋਰਡ ਦਾ ਗਠਨ ਹਮਾਸ ਅਤੇ ਇਜ਼ਰਾਈਲ ਜੰਗ ਰੋਕਣ ਲਈ ਕੀਤਾ ਗਿਆ ਹੈ ਪਰ ਆਲੋਚਕਾਂ ਨੂੰ ਸ਼ੱਕ ਹੈ ਕਿ ਇਹ ਸੰਯੁਕਤ ਰਾਸ਼ਟਰ ਜਿਹੇ ਆਲਮੀ ਅਦਾਰਿਆਂ ਦੇ ਬਦਲ ਵਜੋਂ ਉਭਰ ਸਕਦਾ ਹੈ।



ਕਾਰਨੀ ਉਨ੍ਹਾਂ ਮੁਲਕਾਂ ਦੇ ਆਗੂ ਵਜੋਂ ਤੇਜ਼ੀ ਨਾਲ ਉਭਰ ਰਹੇ ਹਨ ਜੋ ਅਮਰੀਕਾ ਦੇ ਟਾਕਰੇ ਲਈ ਇਕਜੁੱਟ ਹੋਣ ਦੇ ਰਾਹ ਲੱਭ ਰਹੇ ਹਨ। ਕਾਰਨੀ ਨੇ ਦਾਵੋਸ 'ਚ ਵਿਸ਼ਵ ਆਰਥਿਕ ਮੰਚ ਦੀ ਮੀਟਿੰਗ ਦੌਰਾਨ ਕਿਹਾ, "ਘੱਟ ਤਾਕਤ ਵਾਲੇ ਮੁਲਕਾਂ ਨੂੰ ਰਲ ਕੇ ਕਦਮ ਚੁੱਕਣੇ ਹੋਣਗੇ ਕਿਉਂਕਿ ਜੇ ਤੁਸੀਂ ਗੱਲਬਾਤ ਨਹੀਂ ਕਰ ਰਹੇ ਹੋ ਤਾਂ ਤੁਸੀਂ ਨਿਸ਼ਾਨੇ 'ਤੇ ਹੋਵੋਗੇ। ਇਕ-ਦੂਜੇ ਨਾਲ ਮੁਕਾਬਲੇਬਾਜ਼ੀ ਦੀ ਥਾਂ 'ਤੇ ਅਸਰਦਾਰ ਤੀਜਾ ਰਾਹ ਲੱਭਣ ਲਈ ਸਾਨੂੰ ਇਕਜੁੱਟ ਹੋਣ ਦੀ ਲੋੜ ਹੈ।" ਇਸ ਬਿਆਨ ਮਗਰੋਂ ਟਰੰਪ ਨੇ ਧਮਕੀ ਭਰੇ ਲਹਿਜ਼ੇ 'ਚ ਬਿਆਨ ਦਿੱਤਾ ਅਤੇ ਕੈਨੇਡਾ ਨੂੰ ਸ਼ਾਂਤੀ ਬੋਰਡ 'ਚ ਸ਼ਾਮਲ ਹੋਣ ਲਈ ਦਿੱਤਾ ਸੱਦਾ ਵਾਪਸ ਲੈ ਲਿਆ। ਟਰੰਪ ਨੇ ਕਿਹਾ ਕਿ ਕੈਨੇਡਾ ਦੀ ਹੋਂਦ ਅਮਰੀਕਾ ਕਾਰਨ ਹੈ ਅਤੇ ਜੇ ਮਾਰਕ ਅਗਲੀ ਵਾਰ ਬਿਆਨ ਦੇਵੇ ਤਾਂ ਇਹ ਗੱਲ ਜ਼ਰੂਰ ਯਾਦ ਰੱਖੇ।

ਇਸ ਦੌਰਾਨ ਟਰੰਪ ਦੇ ਉਸ ਬਿਆਨ ਨੂੰ ਲੈ ਕੇ ਬ੍ਰਿਟੇਨ 'ਚ ਕਈ ਲੋਕਾਂ 'ਚ ਨਾਰਾਜ਼ਗੀ ਦੇਖੀ ਗਈ ਕਿ ਅਫ਼ਗਾਨਿਸਤਾਨ ਜੰਗ ਦੌਰਾਨ ਨਾਟੋ ਮੁਲਕਾਂ ਦੀ ਫ਼ੌਜ ਅਗਾਊਂ ਮੋਰਚਿਆਂ ਤੋਂ ਦੂਰ ਰਹੀ ਸੀ। ਬ੍ਰਿਟੇਨ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਟਰੰਪ ਨੂੰ ਆਪਣੇ ਬਿਆਨ ਲਈ ਮੁਆਫ਼ੀ ਮੰਗਣ ਵਾਸਤੇ ਕਿਹਾ ਹੈ।

# ਟਰੰਪ ਵੱਲੋਂ ਕੈਨੇਡਾ 'ਤੇ 100 ਫੀਸਦੀ ਟੈਕਸ ਲਾਉਣ ਦੀ ਚਿਤਾਵਨੀ

## ਚੀਨ ਨਾਲ ਵਪਾਰਕ ਸਮਝੌਤੇ ਤੋਂ ਅਮਰੀਕਾ ਨਾਰਾਜ਼; ਚੀਨੀ ਵਸਤਾਂ ਨੂੰ ਅਮਰੀਕਾ ਭੇਜਣ ਲਈ ਕੈਨੇਡਾ ਨੂੰ ਡਰੌਪ ਆਫ ਪੋਰਟ ਨਾ ਬਣਾਏ ਕੈਨੇਡਾ: ਟਰੰਪ

ਵਾਸ਼ਿੰਗਟਨ : ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਕੈਨੇਡਾ ਦੇ ਚੀਨ ਨਾਲ ਸੰਭਾਵਿਤ ਵਪਾਰਕ ਸੌਦੇ 'ਤੇ ਕੈਨੇਡਾ 'ਤੇ 100 ਫੀਸਦੀ ਟੈਰਿਫ ਲਾਉਣ ਦੀ ਧਮਕੀ ਦਿੱਤੀ ਹੈ। ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਜੇ ਇਹ ਦੇਸ਼ ਚੀਨ ਨਾਲ ਵਪਾਰਕ ਸੌਦਾ ਕਰਦਾ ਹੈ ਤਾਂ ਅਮਰੀਕਾ ਕੈਨੇਡਾ ਤੋਂ ਆਉਣ ਵਾਲੇ ਸਾਮਾਨ 'ਤੇ 100 ਫੀਸਦੀ ਟੈਕਸ ਲਾ ਦੇਵੇਗਾ।

ਟਰੰਪ ਨੇ ਸੋਸ਼ਲ ਮੀਡੀਆ 'ਤੇ ਕਾਰਨੀ ਨੂੰ ਗਵਰਨਰ ਵਜੋਂ ਸੰਬੋਧਨ ਕਰਦਿਆਂ ਪੋਸਟ ਕੀਤੀ, 'ਜੇਕਰ ਗਵਰਨਰ ਕਾਰਨੀ ਸੋਚਦੇ ਹਨ ਕਿ ਉਹ ਚੀਨ ਲਈ ਸੰਯੁਕਤ ਰਾਜ ਅਮਰੀਕਾ ਵਿੱਚ ਸਾਮਾਨ ਅਤੇ ਉਤਪਾਦ ਭੇਜਣ ਲਈ ਕੈਨੇਡਾ ਨੂੰ ਡਰੌਪ ਆਫ ਪੋਰਟ ਬਣਾਉਣ ਜਾ ਰਹੇ ਹਨ ਤਾਂ ਉਹ ਗਲਤ ਹਨ। ਉਨ੍ਹਾਂ ਕਿਹਾ ਕਿ ਚੀਨ ਕੈਨੇਡਾ ਦੇ ਹਿੱਤ ਪ੍ਰਭਾਵਿਤ ਕਰੇਗਾ ਤੇ ਇਸ ਨੂੰ ਪੂਰੀ ਤਰ੍ਹਾਂ ਬਰਬਾਦ ਕਰ ਦੇਵੇਗਾ। ਜੇਕਰ ਕੈਨੇਡਾ ਚੀਨ ਨਾਲ ਕੋਈ ਸੌਦਾ ਕਰਦਾ ਹੈ ਤਾਂ ਅਮਰੀਕਾ ਵਿੱਚ ਆਉਣ ਵਾਲੇ ਸਾਰੇ ਕੈਨੇਡੀਅਨ ਸਾਮਾਨ ਅਤੇ ਉਤਪਾਦਾਂ 'ਤੇ 100% ਟੈਰਿਫ ਲਗਾਇਆ ਜਾਵੇਗਾ।

ਇਸ ਤੋਂ ਪਹਿਲਾਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀਆਂ ਅਣਕਿਆਸੀਆਂ ਅਤੇ ਸਖ਼ਤ ਵਪਾਰਕ ਨੀਤੀਆਂ ਤੋਂ ਤੰਗ ਆ ਕੇ ਕੈਨੇਡਾ ਨਵੇਂ ਰਾਹ ਤਲਾਸ਼ ਰਿਹਾ ਸੀ। ਇਸ ਤੋਂ ਪਹਿਲਾਂ ਕੈਨੇਡਾ ਨੇ ਚੀਨ ਤੋਂ ਆਉਣ ਵਾਲੀਆਂ ਇਲੈਕਟ੍ਰਿਕ ਵਾਹਨਾਂ (ਈ ਵੀ) 'ਤੇ ਲਾਇਆ 100 ਫੀਸਦੀ ਦਰਾਮਦ ਟੈਕਸ ਘਟਾ ਕੇ ਮਹਿਜ਼ 6.1 ਫੀਸਦੀ ਕਰ ਦਿੱਤਾ ਸੀ। ਹਾਲਾਂਕਿ ਪ੍ਰਧਾਨ ਮੰਤਰੀ ਮਾਰਕ ਕਾਰਨੀ ਅਨੁਸਾਰ ਇਹ ਛੋਟ ਸੀਮਤ ਹੈ। ਇਸ ਤਹਿਤ ਫਿਲਹਾਲ ਸਾਲਾਨਾ 49,000 ਗੱਡੀਆਂ ਹੀ ਮੰਗਵਾਈਆਂ ਜਾ ਸਕਣਗੀਆਂ, ਪਰ ਪੰਜ ਸਾਲਾਂ ਵਿੱਚ ਇਹ ਗਿਣਤੀ ਵਧਾ ਕੇ 70,000 ਕਰ ਦਿੱਤੀ ਜਾਵੇਗੀ। ਇਸ ਬਦਲੇ ਚੀਨ ਨੇ ਕੈਨੇਡਾ ਦੇ ਖੇਤੀ ਉਤਪਾਦਾਂ, ਖਾਸਕਰ ਕੈਨੋਲਾ ਬੀਜਾਂ 'ਤੇ ਲੱਗਣ ਵਾਲੀ ਡਿਊਟੀ 84 ਫੀਸਦੀ ਤੋਂ ਘਟਾ ਕੇ 15 ਫੀਸਦੀ ਕਰ ਦਿੱਤੀ ਸੀ। ਜ਼ਿਕਰਯੋਗ ਹੈ ਕਿ ਕਾਰਨੀ ਅਤੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਪੇਈਚਿੰਗ ਵਿੱਚ ਮੁਲਾਕਾਤ ਦੌਰਾਨ ਸਾਲਾਂ ਦੀ ਕੁੜੱਤਣ ਭੁਲਾ ਕੇ ਆਪਸੀ ਰਿਸ਼ਤੇ ਸੁਧਾਰਨ ਦਾ ਅਹਿਦ ਲਿਆ ਸੀ।

ਇਹ ਵੀ ਦੱਸਣਾ ਬਣਦਾ ਹੈ ਕਿ ਕੈਨੇਡਾ ਹੁਣ ਅਮਰੀਕਾ ਦੀ ਬਜਾਏ ਚੀਨ ਨਾਲ ਸਬੰਧ ਸੁਧਾਰਨ ਨੂੰ ਤਰਜੀਹ ਦੇ ਰਿਹਾ ਹੈ, ਹਾਲਾਂਕਿ ਇਸ ਨਾਲ ਅਮਰੀਕਾ ਨਾਰਾਜ਼ ਹੋ ਗਿਆ ਹੈ। ਟਰੰਪ ਪਹਿਲਾਂ ਹੀ ਕੈਨੇਡਾ ਦੀਆਂ ਕੁਝ ਨੀਤੀਆਂ ਖ਼ਿਲਾਫ਼ ਸਖ਼ਤ ਰੁਖ਼ ਅਪਣਾ ਚੁੱਕੇ ਹਨ ਅਤੇ ਸਟੀਲ ਤੇ ਐਲੂਮੀਨੀਅਮ 'ਤੇ ਟੈਰਿਫ ਲਾ ਚੁੱਕੇ ਹਨ।

# ਗੋਲੀਬਾਰੀ ਵਿੱਚ ਦੋ ਮੌਤਾਂ ਤੇ ਇਕ ਦੀ ਹਾਲਤ ਗੰਭੀਰ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ): ਨਿਊਯਾਰਕ ਸਿਟੀ ਅਪਾਰਟਮੈਂਟ ਇਮਾਰਤ ਵਿੱਚ ਹੋਈ ਗੋਲੀਬਾਰੀ ਵਿੱਚ 2 ਮੌਤਾਂ ਹੋਣ ਤੇ ਇਕ ਦੇ ਗੰਭੀਰ ਜ਼ਖਮੀ ਹੋ ਜਾਣ ਦੀ ਖਬਰ ਹੈ। ਪੁਲਿਸ ਦਾ ਕਹਿਣਾ ਹੈ ਕਿ ਇਹ ਪ੍ਰਤੱਖ ਤੌਰ 'ਤੇ ਹੱਤਿਆ ਤੇ ਖੁਦਕੁਸ਼ੀ ਦਾ ਮਾਮਲਾ ਹੈ। ਸੂਚਨਾ ਮਿਲਣ 'ਤੇ ਪੁਲਿਸ ਅਫਸਰ ਸਵੇਰੇ 8 ਵਜੇ ਦੇ ਕਰੀਬ ਇਮਾਰਤ ਵਿੱਚ ਪੁੱਜੇ ਜਿਥੇ ਇੱਕ 55 ਸਾਲਾ ਵਿਅਕਤੀ ਦੇ ਸਿਰ ਵਿੱਚ ਗੋਲੀ ਵੱਜੀ ਹੋਈ ਸੀ ਤੇ ਇਕ 59 ਸਾਲਾ ਔਰਤ ਦੇ ਵੀ ਸਿਰ ਵਿੱਚ ਗੋਲੀ ਵੱਜੀ ਹੋਈ ਸੀ। ਇਨ੍ਹਾਂ ਦੋਨਾਂ ਨੂੰ ਮੌਕੇ ਉਪਰ ਹੀ ਮ੍ਰਿਤਕ ਕਰਾਰ ਦੇ ਦਿੱਤਾ ਗਿਆ ਜਦ ਕਿ ਇੱਕ 86 ਸਾਲਾ ਔਰਤ ਜਿਸ ਦੇ ਚਿਹਰੇ 'ਤੇ ਗੋਲੀ ਵੱਜੀ ਸੀ, ਨੂੰ ਜ਼ਖਮੀ ਹਾਲਤ ਵਿੱਚ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਪੁਲਿਸ ਅਨੁਸਾਰ ਉਸ ਦੀ ਹਾਲਤ ਗੰਭੀਰ ਪਰ ਸਥਿਰ ਹੈ। ਪੁਲਿਸ ਨੇ ਪੀੜਤਾਂ ਦੇ ਨਾਂ ਜਾਰੀ ਨਹੀਂ ਕੀਤੇ ਹਨ। ਪੁਲਿਸ ਅਨੁਸਾਰ ਹਾਲਾਂ ਕਿ ਮਾਮਲਾ ਜਾਂਚ ਅਧੀਨ ਹੈ ਪਰੰਤੂ ਲੱਗਦਾ ਹੈ ਕਿ ਵਿਅਕਤੀ ਨੇ ਆਪਣੇ ਆਪ ਨੂੰ ਗੋਲੀ ਮਾਰਨ ਤੋਂ ਪਹਿਲਾਂ ਔਰਤਾਂ ਨੂੰ ਗੋਲੀਆਂ ਮਾਰੀਆਂ ਹਨ। ਇਹ ਵਿਅਕਤੀ 23 ਸਾਲ ਪੁਲਿਸ ਫੋਰਸ ਦਾ ਹਿੱਸਾ ਰਿਹਾ ਹੈ। ਮੌਕੇ ਤੋਂ ਇੱਕ ਹਥਿਆਰ ਵੀ ਬਰਾਮਦ ਹੋਇਆ ਹੈ।

# ਈਰਾਨ ਵੱਲ ਵਧਿਆ ਅਮਰੀਕਾ ਦਾ ਇਕ ਹੋਰ ਜੰਗੀ ਬੇੜਾ! ਕਿਸੇ ਵੇਲੇ ਵੀ ਹੋ ਸਕਦੈ ਹਮਲਾ

ਵਾਸ਼ਿੰਗਟਨ : ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨ ਵਿਰੁੱਧ ਆਪਣੇ ਤੇਵਰ ਹੋਰ ਸਖ਼ਤ ਕਰ ਲਏ ਹਨ। ਆਇਓਵਾ ਰਾਜ ਦੇ ਕਲਾਈਵ ਵਿੱਚ ਇੱਕ ਚੋਣ ਰੈਲੀ ਵਰਗੇ ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਟਰੰਪ ਨੇ ਖੁਲਾਸਾ ਕੀਤਾ ਕਿ ਅਮਰੀਕਾ ਦਾ ਇੱਕ ਹੋਰ ਵਿਸ਼ਾਲ ਫੌਜੀ ਬੇੜਾ (Armada) 'ਬੜੀ ਖੂਬਸੂਰਤੀ' ਨਾਲ ਈਰਾਨ ਵੱਲ ਵਧ ਰਿਹਾ ਹੈ। ਟਰੰਪ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਈਰਾਨ ਨੂੰ ਜਲਦ ਤੋਂ ਜਲਦ ਸਮਝੌਤਾ ਕਰ ਲੈਣਾ ਚਾਹੀਦਾ ਹੈ, ਤਾਂ ਹੀ ਉਨ੍ਹਾਂ ਦਾ ਦੇਸ਼ ਬਚ ਸਕੇਗਾ।

**ਫੌਜੀ ਦਬਾਅ ਅਤੇ ਕੂਟਨੀਤੀ ਦੀ ਦੋਹਰੀ ਚਾਲ**

ਟਰੰਪ ਨੇ 'ਐਕਸੀਓਸ' ਨੂੰ ਦਿੱਤੇ ਇੱਕ ਇੰਟਰਵਿਊ ਵਿੱਚ ਕਿਹਾ ਕਿ ਈਰਾਨ ਨਾਲ ਸਥਿਤੀ ਲਗਾਤਾਰ ਬਦਲ ਰਹੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਕਈ ਵਾਰ ਈਰਾਨੀ ਅਧਿਕਾਰੀਆਂ ਨੇ ਗੱਲਬਾਤ ਦੀ ਇੱਛਾ ਜਤਾਈ ਹੈ। ਦੂਜੇ ਪਾਸੇ, ਅਮਰੀਕਾ ਨੇ ਗੱਲਬਾਤ ਲਈ ਸਖ਼ਤ ਸ਼ਰਤਾਂ ਰੱਖੀਆਂ ਹਨ, ਜਿਨ੍ਹਾਂ ਵਿੱਚ ਸ਼ਾਮਲ ਹਨ: ਯੂਰੇਨੀਅਮ ਦੀ ਸੋਧ (Enrichment) 'ਤੇ ਮੁਕੰਮਲ ਰੋਕ ਅਤੇ ਖੇਤਰੀ ਅੱਤਵਾਦੀ ਸਮੂਹਾਂ (ਪ੍ਰੌਕਸੀਜ਼) ਨੂੰ ਦਿੱਤੀ ਜਾ ਰਹੀ ਮਦਦ ਬੰਦ ਕਰਨਾ।

**ਪਰਮਾਣੂ ਟਿਕਾਣਿਆਂ 'ਤੇ ਪਹਿਲਾਂ ਹੀ ਹੋ ਚੁੱਕਾ ਹੈ ਹਮਲਾ** : ਟਰੰਪ ਨੇ ਦਾਅਵਾ ਕੀਤਾ ਕਿ ਜੂਨ ਵਿੱਚ ਹੋਏ ਹਮਲਿਆਂ ਦੌਰਾਨ ਅਮਰੀਕਾ ਨੇ ਈਰਾਨ ਦੀਆਂ ਪਰਮਾਣੂ ਸਮਰੱਥਾਵਾਂ ਨੂੰ ਭਾਰੀ ਨੁਕਸਾਨ ਪਹੁੰਚਾਇਆ ਹੈ। ਫਿਲਹਾਲ, ਅਮਰੀਕੀ ਜੰਗੀ ਬੇੜਾ 'ਯੂਐਸਐਸ ਅਬਰਾਹਮ ਲਿੰਕਨ' ਹਿੰਦ ਮਹਾਸਾਗਰ ਵਿੱਚ ਤਾਇਨਾਤ ਹੈ, ਜੋ ਈਰਾਨ ਦੇ ਕਿਸੇ ਵੀ ਨਿਸ਼ਾਨੇ ਨੂੰ ਤਬਾਹ ਕਰਨ ਦੀ ਸਮਰੱਥਾ ਰੱਖਦਾ ਹੈ।

**ਈਰਾਨ ਦੀ ਪਲਟਵੀਂ ਚੇਤਾਵਨੀ**

ਈਰਾਨ ਨੇ ਅਮਰੀਕੀ ਸ਼ਰਤਾਂ ਨੂੰ ਸਿਰੇ ਤੋਂ ਖਾਰਜ ਕਰਦਿਆਂ ਜਵਾਬੀ ਧਮਕੀ ਦਿੱਤੀ ਹੈ। ਈਰਾਨ ਦੇ ਮੇਜਰ ਜਨਰਲ ਅਲੀ ਅਬਦੁੱਲਾਹੀ ਨੇ ਕਿਹਾ, 'ਜੇਕਰ ਅਮਰੀਕਾ ਹਮਲਾ ਕਰਦਾ ਹੈ, ਤਾਂ ਪੂਰੇ ਖੇਤਰ ਵਿੱਚ ਅਮਰੀਕੀ ਹਿੱਤ ਅਤੇ ਉਨ੍ਹਾਂ ਦੇ ਸਾਰੇ ਟਿਕਾਣੇ ਸਾਡੀਆਂ ਮਿਜ਼ਾਈਲਾਂ ਦੇ ਨਿਸ਼ਾਨੇ 'ਤੇ ਹੋਣਗੇ।' ਈਰਾਨ ਨੇ ਇਹ ਵੀ ਚਿਤਾਵਨੀ ਦਿੱਤੀ ਹੈ ਕਿ ਇਸ ਜੰਗ ਦੀ ਲਪੇਟ ਵਿੱਚ ਅਮਰੀਕਾ ਦੇ ਸਹਿਯੋਗੀ ਖਾੜੀ ਦੇਸ਼ ਵੀ ਆ ਸਕਦੇ ਹਨ।

**ਖਾੜੀ ਦੇਸ਼ਾਂ ਵਿੱਚ ਦਹਿਸ਼ਤ** : ਈਰਾਨ ਦੀਆਂ ਧਮਕੀਆਂ ਤੋਂ ਬਾਅਦ ਖਾੜੀ ਦੇ ਅਰਬ ਦੇਸ਼ਾਂ ਨੇ ਅਮਰੀਕਾ ਨੂੰ ਅਪੀਲ ਕੀਤੀ ਹੈ ਕਿ ਉਹ ਫਿਲਹਾਲ ਕੋਈ ਵੀ ਫੌਜੀ ਕਾਰਵਾਈ ਕਰਨ ਤੋਂ ਗੁਰੇਜ਼ ਕਰੇ, ਤਾਂ ਜੋ ਖੇਤਰ ਨੂੰ ਵੱਡੀ ਜੰਗ ਤੋਂ ਬਚਾਇਆ ਜਾ ਸਕੇ।

# ਕਿਸ਼ਤੀਆਂ ਦੁਆਰਾ ਨਸ਼ਾ ਤਸਕਰੀ ਕਰਨ ਵਾਲਿਆਂ 'ਤੇ ਅਮਰੀਕਾ ਨੇ ਕੀਤਾ ਹਮਲਾ

## ਹਮਲੇ ਵਿੱਚ 126 ਲੋਕ ਮਾਰੇ ਗਏ: ਅਧਿਕਾਰੀ

ਵਾਸ਼ਿੰਗਟਨ: ਕਥਿਤ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲੀਆਂ ਕਿਸ਼ਤੀਆਂ 'ਤੇ ਅਮਰੀਕੀ ਹਮਲਿਆਂ ਵਿੱਚ 126 ਲੋਕ ਮਾਰੇ ਗਏ ਹਨ, ਅਮਰੀਕੀ ਫੌਜ ਨੇ ਸੋਮਵਾਰ ਨੂੰ ਪੁਸ਼ਟੀ ਕੀਤੀ।



ਯੂਐਸ ਸਾਊਦਰਨ ਕਮਾਂਡ ਨੇ ਕਿਹਾ ਕਿ ਮਾਰੇ ਗਏ ਲੋਕਾਂ ਵਿੱਚ ਸਤੰਬਰ ਦੀ ਸ਼ੁਰੂਆਤ ਤੋਂ ਕੈਰੇਬੀਅਨ ਅਤੇ ਪੂਰਬੀ ਪ੍ਰਸ਼ਾਂਤ ਮਹਾਸਾਗਰ ਵਿੱਚ ਘੱਟੋ-ਘੱਟ 36 ਹਮਲਿਆਂ ਵਿੱਚ ਤੁਰੰਤ ਮਾਰੇ ਗਏ 116 ਲੋਕ ਸ਼ਾਮਲ ਹਨ। ਹਮਲਿਆਂ ਤੋਂ ਬਾਅਦ ਲਾਪਤਾ ਹੋਏ ਦਸ ਹੋਰ ਲੋਕਾਂ ਨੂੰ ਵੀ ਮ੍ਰਿਤਕ ਮੰਨਿਆ ਗਿਆ ਹੈ।

ਯੂਐਸ ਫੌਜ ਨੇ ਕਿਹਾ ਕਿ ਮ੍ਰਿਤਕ ਮੰਨੇ ਗਏ ਅੱਠ ਲੋਕਾਂ ਨੇ ਤਿੰਨ ਕਿਸ਼ਤੀਆਂ ਤੋਂ ਛਾਲ ਮਾਰ ਦਿੱਤੀ ਸੀ ਜਿਨ੍ਹਾਂ 'ਤੇ ਅਮਰੀਕੀ ਫੌਜਾਂ ਨੇ 30 ਦਸੰਬਰ ਨੂੰ ਕਥਿਤ ਨਸ਼ੀਲੇ ਪਦਾਰਥਾਂ ਦੀ ਤਸਕਰੀ ਲਈ ਹਮਲਾ ਕੀਤਾ ਸੀ। ਬਾਕੀ ਦੋ ਮਾਰੇ ਗਏ ਮੰਨੇ ਗਏ ਲੋਕ 27 ਅਕਤੂਬਰ ਅਤੇ ਪਿਛਲੇ ਸ਼ੁੱਕਰਵਾਰ ਨੂੰ ਹਮਲਾ ਕੀਤੀਆਂ ਗਈਆਂ ਕਿਸ਼ਤੀਆਂ 'ਤੇ ਸਵਾਰ ਸਨ। ਯੂਐਸ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਅਮਰੀਕਾ ਲਾਤੀਨੀ ਅਮਰੀਕਾ ਵਿੱਚ ਨਸ਼ੀਲੇ ਪਦਾਰਥਾਂ ਦੇ ਤਸਕਰਾਂ ਨਾਲ 'ਹਥਿਆਰਬੰਦ ਟਕਰਾਅ' ਵਿੱਚ ਹੈ ਅਤੇ ਨਸ਼ਿਆਂ ਦੇ ਪ੍ਰਵਾਹ ਨੂੰ ਰੋਕਣ ਦੇ ਤਰੀਕੇ ਵਜੋਂ ਹਮਲਿਆਂ ਨੂੰ ਜਾਇਜ਼ ਠਹਿਰਾਇਆ ਹੈ।

# ਸੁਨੀਤਾ ਵਿਲੀਅਮਜ਼ ਨੇ 27 ਸਾਲਾਂ ਦੇ ਨਾਸਾ ਕੈਰੀਅਰ ਨੂੰ ਕਿਹਾ ਅਲਵਿਦਾ

ਵਾਸ਼ਿੰਗਟਨ : ਪੁਲਾੜ ਯਾਤਰੀ ਸੁਨੀਤਾ ਵਿਲੀਅਮਜ਼ ਨੇ ਨਾਸਾ ਵਿਚ ਆਪਣੇ 27 ਸਾਲਾਂ ਦੇ ਸ਼ਾਨਦਾਰ ਕਰੀਅਰ ਨੂੰ ਅਲਵਿਦਾ ਕਹਿ ਦਿੱਤਾ ਹੈ। ਨਾਸਾ ਨੇ 20 ਜਨਵਰੀ ਨੂੰ ਉਨ੍ਹਾਂ ਦੀ ਸੇਵਾਮੁਕਤੀ ਦਾ ਐਲਾਨ ਕੀਤਾ ਅਤੇ ਪੁਲਾੜ ਖੋਜ ਵਿਚ ਉਨ੍ਹਾਂ ਦੇ ਯੋਗਦਾਨ ਦੀ ਪ੍ਰਸ਼ੰਸਾ ਕੀਤੀ। ਸੁਨੀਤਾ ਵਿਲੀਅਮਜ਼ ਪਿਛਲੇ ਸਾਲ ਸਤੰਬਰ ਵਿਚ 60 ਸਾਲਾਂ ਦੇ ਹੋ ਗਏ ਅਤੇ ਆਪਣੇ ਕਰੀਅਰ ਵਿਚ ਤਿੰਨ ਵਾਰ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ (ਆਈ.ਐੱਸ.ਐੱਸ.) ਦੀ ਯਾਤਰਾ ਕਰ ਚੁੱਕੇ ਹਨ। ਸੁਨੀਤਾ ਵਿਲੀਅਮਜ਼ ਨੇ ਹੁਣ ਤੱਕ ਪੁਲਾੜ ਵਿਚ 608 ਦਿਨ ਬਿਤਾਏ ਹਨ, ਜੋ ਕਿ ਕਿਸੇ ਵੀ ਨਾਸਾ ਪੁਲਾੜ ਯਾਤਰੀ ਦੁਆਰਾ ਬਿਤਾਇਆ ਗਿਆ ਦੂਜਾ ਸਭ ਤੋਂ ਵੱਧ ਸਮਾਂ ਹੈ। ਉਨ੍ਹਾਂ ਨੇ 286 ਦਿਨ ਲਗਾਤਾਰ ਪੁਲਾੜ ਉਡਾਣ ਵੀ ਪੂਰੀ ਕੀਤੀ। ਉਨ੍ਹਾਂ ਕੋਲ ਔਰਤਾਂ ਵਿਚ ਸਭ ਤੋਂ ਲੰਬੇ ਸਪੇਸਵਾਕ ਸਮੇਂ (62 ਘੰਟੇ ਅਤੇ 6 ਮਿੰਟ) ਦਾ ਰਿਕਾਰਡ ਵੀ ਹੈ।

ਨਾਸਾ ਦੇ ਪ੍ਰਸ਼ਾਸਕ ਜੇਰੇਡ ਇਸਾਕਮੈਨ ਨੇ ਕਿਹਾ ਕਿ ਸੁਨੀਤਾ ਵਿਲੀਅਮਜ਼ ਨੇ ਮਨੁੱਖੀ ਪੁਲਾੜ ਉਡਾਣ ਵਿਚ ਨਵੇਂ ਰਸਤੇ ਖੋਲ੍ਹੇ ਹਨ ਅਤੇ ਪੁਲਾੜ ਸਟੇਸ਼ਨ 'ਤੇ ਆਪਣੀ ਅਗਵਾਈ ਨਾਲ ਭਵਿੱਖ ਦੇ ਮਿਸ਼ਨਾਂ ਨੂੰ ਮਜ਼ਬੂਤ ਕੀਤਾ ਹੈ। ਨਾਸਾ ਦੇ ਜੌਹਨਸਨ ਸਪੇਸ ਸੈਂਟਰ ਦੀ ਡਾਇਰੈਕਟਰ ਵੈਨੇਸਾ ਨੇ ਵੀ ਕਿਹਾ ਕਿ ਸੁਨੀਤਾ ਦਾ ਕੰਮ ਆਉਣ ਵਾਲੀਆਂ ਪੀੜ੍ਹੀਆਂ ਦੇ ਪੁਲਾੜ ਯਾਤਰੀਆਂ ਲਈ ਪ੍ਰੇਰਨਾ ਸਰੋਤ ਹੋਵੇਗਾ।

ਸੁਨੀਤਾ ਵਿਲੀਅਮਜ਼ ਦਾ ਜਨਮ ਯੂਕਲਿਡ, ਓਹਾਇਓ 'ਚ ਹੋਇਆ ਸੀ। ਉਹ ਨੀਡਹੈਮ, ਮੈਸੇਚਿਉਸੇਟਸ ਨੂੰ ਆਪਣਾ ਜੱਦੀ ਸ਼ਹਿਰ ਮੰਨਦੀ ਹੈ। ਉਸਦੇ ਪਿਤਾ ਦਾ ਜਨਮ ਝੂਲਾਸਨ, ਗੁਜਰਾਤ ਦੇ ਮਹਿਸਾਣਾ ਜ਼ਿਲ੍ਹੇ 'ਚ ਹੋਇਆ ਸੀ। ਹਾਲਾਂਕਿ ਉਹ ਬਾਅਦ 'ਚ ਸੰਯੁਕਤ ਰਾਜ ਅਮਰੀਕਾ ਆ ਗਏ, ਜਿੱਥੇ ਉਨ੍ਹਾਂ ਨੇ ਬੋਨੀ ਪੰਡਯਾ ਨਾਲ ਵਿਆਹ ਕੀਤਾ, ਜੋ ਸਲੋਵੇਨੀਅਨ ਮੂਲ ਦੀ ਹੈ।



ਆਪਣੇ ਪੇਸ਼ੇਵਰ ਪੁਲਾੜ ਕੰਮ ਤੋਂ ਇਲਾਵਾ, ਵਿਲੀਅਮਜ਼ ਤੇ ਉਸਦੇ ਪਤੀ ਮਾਈਕਲ ਆਪਣੇ ਕੁੱਤਿਆਂ ਨਾਲ ਸਮਾਂ ਬਿਤਾਉਣ, ਕਸਰਤ ਕਰਨ, ਘਰਾਂ ਦੀ ਮੁਰੰਮਤ ਕਰਨ, ਕਾਰਾਂ ਤੇ ਹਵਾਈ ਜਹਾਜ਼ਾਂ 'ਤੇ ਕੰਮ ਕਰਨ ਤੇ ਹਾਈਕਿੰਗ ਤੇ ਕੈਂਪਿੰਗ ਵਰਗੀਆਂ ਬਾਹਰੀ ਗਤੀਵਿਧੀਆਂ 'ਚ ਹਿੱਸਾ ਲੈਣ ਦਾ ਆਨੰਦ ਮਾਣਦੇ ਹਨ।

ਸੁਨੀਤਾ ਵਿਲੀਅਮਜ਼ ਨੇ ਯੂ.ਐੱਸ. ਨੇਵਲ ਅਕੈਡਮੀ ਵਿਚ ਪੜ੍ਹਾਈ ਕੀਤੀ ਅਤੇ ਬਾਅਦ ਵਿਚ ਇੰਜੀਨੀਅਰਿੰਗ ਪ੍ਰਬੰਧਨ ਵਿਚ ਮਾਸਟਰ ਦੀ ਡਿਗਰੀ ਪ੍ਰਾਪਤ ਕੀਤੀ। ਉਹ ਇੱਕ ਸੇਵਾਮੁਕਤ ਅਮਰੀਕੀ ਜਲ ਸੈਨਾ ਕੈਪਟਨ ਅਤੇ ਇੱਕ ਤਜ਼ਰਬੇਕਾਰ ਪਾਇਲਟ ਹੈ, ਜਿਸਨੇ 4,000 ਤੋਂ ਵੱਧ ਉਡਾਣ ਘੰਟੇ ਪੂਰੇ ਕੀਤੇ ਹਨ।

2002 'ਚ, ਉਸਨੇ ਨਾਸਾ ਦੇ ਨੀਮੋ ਪ੍ਰੋਗਰਾਮ 'ਚ ਹਿੱਸਾ ਲਿਆ, ਜਿੱਥੇ ਉਸਨੇ ਨੌਂ ਦਿਨ ਪਾਣੀ ਦੇ ਅੰਦਰ ਬਿਤਾਏ। ਸੁਨੀਤਾ ਵਿਲੀਅਮਜ਼ ਦਾ ਪੁਲਾੜ 'ਚ ਕਰੀਅਰ 2006 ਨੂੰ ਸ਼ੁਰੂ ਹੋਇਆ ਸੀ। 9 ਦਸੰਬਰ, 2006 ਨੂੰ ਉਸਨੇ ਐੱਸ.ਟੀ.ਐੱਸ.-116 ਮਿਸ਼ਨ ਦੇ ਹਿੱਸੇ ਵਜੋਂ ਸਪੇਸ ਸ਼ਟਲ ਡਿਸਕਵਰੀ 'ਤੇ ਸਵਾਰ ਹੋ ਕੇ ਸ਼ੁਰੂਆਤ ਕੀਤੀ। ਉਹ ਐੱਸ.ਟੀ.ਐੱਸ.-117 ਚਾਲਕ ਦਲ ਦੇ ਨਾਲ ਸਪੇਸ ਸ਼ਟਲ ਐਟਲਾਂਟਿਸ 'ਤੇ ਵੀ ਵਾਪਸ ਆਈ। ਇਸ ਤੋਂ ਬਾਅਦ 2012 'ਚ, ਵਿਲੀਅਮਜ਼ ਨੇ ਕਜ਼ਾਕਿਸਤਾਨ ਦੇ ਬਾਈਕੋਨੂਰ ਕੋਸਮੋਡ੍ਰੋਮ ਤੋਂ ਐਕਸਪੀਡੀਸ਼ਨ 32 ਤੇ 33 ਦੇ ਹਿੱਸੇ ਵਜੋਂ 127 ਦਿਨਾਂ ਦੇ ਮਿਸ਼ਨ ਲਈ ਲਾਂਚ ਕੀਤਾ।

ਉਹ ਬਾਅਦ 'ਚ ਐਕਸਪੀਡੀਸ਼ਨ 33 ਦੀ ਕਮਾਂਡਰ ਬਣ ਗਈ, ਜਿਸ ਨਾਲ ਉਹ ਆਈ.ਐੱਸ.ਐੱਸ. ਦੀ ਅਗਵਾਈ ਕਰਨ ਵਾਲੀਆਂ ਕੁਝ ਔਰਤਾਂ 'ਚੋਂ ਇੱਕ ਬਣ ਗਈ। 2024 ਦਾ ਮਿਸ਼ਨ ਕਾਫ਼ੀ ਚੁਣੌਤੀਪੂਰਨ ਸੀ, ਜਦੋਂ ਉਹ ਅਤੇ ਉਸਦੀ ਟੀਮ ਬੋਇੰਗ ਸਟਾਰਲਾਈਨਰ ਪੁਲਾੜ ਯਾਨ ਵਿਚ ਤਕਨੀਕੀ ਨੁਕਸ ਕਾਰਨ ਲਗਭਗ ਨੌਂ ਮਹੀਨਿਆਂ ਲਈ ਆਈ.ਐੱਸ.ਐੱਸ. 'ਤੇ ਫਸੇ ਰਹੇ। ਮਾਰਚ 2025 ਵਿਚ ਸੁਰੱਖਿਅਤ ਢੰਗ ਨਾਲ ਧਰਤੀ 'ਤੇ ਵਾਪਸ ਆ ਗਏ। ਵਿਲੀਅਮਜ਼ ਦੇ ਮਿਸ਼ਨ ਨੂੰ ਪੂਰੀ ਦੁਨੀਆਂ ਨੇ ਨੇੜਿਓਂ ਦੇਖਿਆ। ਸੁਨੀਤਾ ਨੂੰ ਸ਼ੁਰੂ ਵਿਚ ਇਸ ਮਿਸ਼ਨ 'ਤੇ ਥੋੜ੍ਹੇ ਸਮੇਂ ਲਈ ਭੇਜਿਆ ਗਿਆ ਸੀ, ਪਰ ਇੱਕ ਤਕਨੀਕੀ ਸਮੱਸਿਆ ਨੇ ਉਸਨੂੰ ਸਪੇਸ ਸਟੇਸ਼ਨ 'ਤੇ ਲੰਬੇ ਸਮੇਂ ਲਈ ਰਹਿਣ ਲਈ ਮਜਬੂਰ ਕੀਤਾ। ਪੁਲਾੜ ਮਿਸ਼ਨਾਂ ਤੋਂ ਇਲਾਵਾ, ਵਿਲੀਅਮਜ਼ ਨੇ ਪੁਲਾੜ ਯਾਤਰੀ ਸਿਖਲਾਈ ਤੇ ਸੰਚਾਲਨ 'ਚ ਵੀ ਮਹੱਤਵਪੂਰਨ ਯੋਗਦਾਨ ਪਾਇਆ।

ਹਾਲ ਹੀ 'ਚ, ਉਸਨੇ ਭਵਿੱਖ ਵਿਚ ਚੰਦਰਮਾ 'ਤੇ ਉਤਰਨ ਲਈ ਇੱਕ ਹੈਲੀਕਾਪਟਰ ਸਿਖਲਾਈ ਪ੍ਰੋਗਰਾਮ ਵਿਕਸਿਤ ਕਰਨ ਵਿਚ ਮੁੱਖ ਭੂਮਿਕਾ ਨਿਭਾਈ। ਉਹ ਇੱਕ ਅਮਰੀਕੀ ਦੁਆਰਾ ਸਭ ਤੋਂ ਲੰਬੇ ਸਿੰਗਲ ਸਪੇਸਫਲਾਈਟਾਂ ਦੀ ਸੂਚੀ 'ਚ ਛੇਵੇਂ ਸਥਾਨ 'ਤੇ ਹੈ, ਜੋ ਕਿ ਨਾਸਾ ਦੇ ਪੁਲਾੜ ਯਾਤਰੀ ਬੁੱਚ ਵਿਲਮੋਰ ਦੀ ਬਰਾਬਰੀ ਕਰਦੀ ਹੈ। ਦੋਵਾਂ ਨੇ ਨਾਸਾ ਦੇ ਬੋਇੰਗ ਸਟਾਰਲਾਈਨਰ ਤੇ ਸਪੇਸਐਕਸ ਕਰੂ-9 ਮਿਸ਼ਨਾਂ ਦੌਰਾਨ ਸਪੇਸਵਾਕ 'ਚ 286 ਦਿਨ ਬਿਤਾਏ। ਵਿਲੀਅਮਜ਼ ਨੇ ਕੁੱਲ 62 ਘੰਟੇ ਤੇ 6 ਮਿੰਟ ਦੇ 9 ਸਪੇਸਵਾਕ ਪੂਰੇ ਕੀਤੇ ਹਨ। ਇਹ ਕਿਸੇ ਵੀ ਮਹਿਲਾ ਪੁਲਾੜ ਯਾਤਰੀ ਲਈ ਸਭ ਤੋਂ ਵੱਧ ਹੈ ਤੇ ਉਹ ਨਾਸਾ ਦੀ ਆਲ-ਟਾਈਮ ਸੂਚੀ ਵਿਚ ਚੌਥੇ ਸਥਾਨ 'ਤੇ ਹੈ।


LM Trans
LM RANS
Georgia
NC, SC, GA, FL, AL, LA, MS to CA, AZ, NV,
CA, AZ, NV to NC, SC, GA, FL, AL, LA, MS
• ਸਾਨੂੰ ਉਨਰ ਅਪਰੇਟਰ ਅਤੇ ਡਰਾਈਵਰਾਂ ਦੀ ਜ਼ਰੂਰਤ ਹੈ,
• ਸਾਡੇ ਕੋਲ ਪੱਕੇ ਲੋਡ ਅਤੇ ਕੰਮ ਸਾਰਾ ਸਾਲ।
• ਚੰਗੇ ਰੇਟ ਅਤੇ ਪੈਸੇ ਦਾ ਭੁਗਤਾਨ ਸਮੇਂ ਸਿਰ ਕੀਤਾ ਜਾਂਦਾ ਹੈ।
• ਤੁਹਾਡੇ ਕੋਲ VALID CDL ਅਤੇ ਘੱਟੋ ਘੱਟ 2 ਸਾਲ ਦਾ ਤਜਰਬਾ ਹੋਣਾ ਚਾਹੀਦਾ ਹੈ।
ਸਾਡੇ ਨਾਲ ਕੰਮ ਕਰਨ ਲਈ ਸਾਨੂੰ ਅੱਜ ਹੀ ਕਾਲ ਕਰੋ
Lokesh Kumar
470 334 0020
7437 avalon blvd, alpharetta, ga 30022
lmtrans868@gmail.com

# ਅਮਰੀਕਾ ਦੇ ਜੌਰਜੀਆ 'ਚ ਗੋਲੀਬਾਰੀ, ਭਾਰਤੀ ਨਾਗਰਿਕ ਸਣੇ ਚਾਰ ਦੀ ਮੌਤ

### ਪਰਿਵਾਰਕ ਝਗੜੇ ਨਾਲ ਜੁੜਿਆ ਮਾਮਲਾ; ਗੋਲੀਬਾਰੀ ਮੌਕੇ ਘਰ 'ਚ ਮੌਜੂਦ ਸਨ ਤਿੰਨ ਬੱਚੇ




ਨਿਊ ਯਾਰਕ : ਅਮਰੀਕਾ ਦੇ ਜੌਰਜੀਆ ਰਾਜ ਵਿੱਚ ਹੋਈ ਗੋਲੀਬਾਰੀ ਵਿੱਚ ਇੱਕ ਭਾਰਤੀ ਨਾਗਰਿਕ ਸਮੇਤ ਚਾਰ ਵਿਅਕਤੀਆਂ ਦੀ ਮੌਤ ਹੋ ਗਈ। ਇਹ ਪੂਰਾ ਮਾਮਲਾ ਪਰਿਵਾਰਕ ਝਗੜੇ ਨਾਲ ਜੁੜਿਆ ਦੱਸਿਆ ਜਾ ਰਿਹਾ ਹੈ। ਅਟਲਾਂਟਾ ਵਿੱਚ ਭਾਰਤੀ ਕੌਂਸੁਲੇਟ ਨੇ ਘਟਨਾ ਦੀ ਪੁਸ਼ਟੀ ਕਰਦਿਆਂ ਸੰਵੇਦਨਾ ਜ਼ਾਹਰ ਕੀਤੀ ਹੈ। ਸਥਾਨਕ ਮੀਡੀਆ ਨੇ ਦੱਸਿਆ ਕਿ ਲਾਰੈਂਸਵਿਲੇ ਸ਼ਹਿਰ ਵਿੱਚ ਸ਼ੁੱਕਰਵਾਰ ਸਵੇਰੇ ਵਾਪਰੀ ਇਸ ਘਟਨਾ ਵਿੱਚ ਚਾਰ ਲੋਕਾਂ ਦੀ ਮੌਤ ਹੋ ਗਈ ਜਦੋਂ ਕਿ ਇਸ ਮੌਕੇ ਤਿੰਨ ਬੱਚੇ ਵੀ ਘਰ 'ਚ ਮੌਜੂਦ ਸਨ।

ਅਟਲਾਂਟਾ ਵਿੱਚ ਭਾਰਤ ਦੇ ਕੌਂਸੁਲੇਟ ਜਨਰਲ ਨੇ ਇਸ ਘਟਨਾ 'ਤੇ ਦੁੱਖ ਪ੍ਰਗਟ ਕਰਦੇ ਹੋਏ ਕਿਹਾ ਕਿ ਕਥਿਤ ਸ਼ੂਟਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਪੀੜਤ ਪਰਿਵਾਰ ਨੂੰ ਹਰ ਸੰਭਵ ਸਹਾਇਤਾ ਦਿੱਤੀ ਜਾ ਰਹੀ ਹੈ। ਕੌਂਸੁਲੇਟ ਜਨਰਲ ਨੇ ਐਕਸ 'ਤੇ ਇਕ ਪੋਸਟ ਵਿਚ ਕਿਹਾ, "ਅਸੀਂ ਕਥਿਤ ਪਰਿਵਾਰਕ ਝਗੜੇ ਨਾਲ ਜੁੜੀ ਗੋਲੀਬਾਰੀ ਦੀ ਘਟਨਾ ਤੋਂ ਬਹੁਤ ਦੁਖੀ ਹਾਂ, ਜਿਸ ਵਿੱਚ ਇੱਕ ਭਾਰਤੀ ਨਾਗਰਿਕ ਪੀੜਤਾਂ ਵਿੱਚ ਸ਼ਾਮਲ ਸੀ। ਕਥਿਤ ਸ਼ੂਟਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ, ਅਤੇ ਪੀੜਤ ਪਰਿਵਾਰ ਨੂੰ ਹਰ ਸੰਭਵ ਸਹਾਇਤਾ ਦਿੱਤੀ ਜਾ ਰਹੀ ਹੈ।"

ਫੌਕਸ5 ਅਟਲਾਂਟਾ ਦੀ ਰਿਪੋਰਟ ਅਨੁਸਾਰ ਮਸ਼ਕੂਕ ਦੀ ਪਛਾਣ ਅਟਲਾਂਟਾ ਦੇ 51 ਸਾਲਾ ਵਿਜੈ ਕੁਮਾਰ ਵਜੋਂ ਹੋਈ ਹੈ। ਗਵਿਨੇਟ ਕਾਉਂਟੀ ਪੁਲੀਸ ਮੁਤਾਬਕ ਪੀੜਤਾਂ ਦੀ ਪਛਾਣ ਕੁਮਾਰ ਦੀ ਪਤਨੀ ਮੀਮੂ ਡੋਗਰਾ(43) ਗੌਰਵ ਕੁਮਾਰ (33), ਨਿਧੀ ਚੰਦਰ (37) ਅਤੇ ਹਰੀਸ਼ ਚੰਦਰ (38) ਵਜੋਂ ਹੋਈ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸ਼ੱਕੀ 'ਤੇ ਵੱਖ ਵੱਖ ਦੋਸ਼ ਆਇਦ ਕੀਤੇ ਗਏ ਹਨ। ਪੁਲੀਸ ਅਧਿਕਾਰੀਆਂ ਨੇ ਦੱਸਿਆ ਕਿ ਜਦੋਂ ਗੋਲੀਬਾਰੀ ਸ਼ੁਰੂ ਹੋਈ ਤਾਂ ਤਿੰਨ ਬੱਚੇ ਉੱਥੇ ਮੌਜੂਦ ਸਨ, ਜੋ ਖ਼ੁਦ ਨੂੰ ਬਚਾਉਣ ਲਈ ਇੱਕ ਅਲਮਾਰੀ ਵਿੱਚ ਲੁਕ ਗਏ। ਤਫ਼ਤੀਸ਼ਕਾਰਾਂ ਨੇ ਕਿਹਾ ਕਿ ਬੱਚਿਆਂ ਵਿੱਚੋਂ ਇੱਕ ਨੇ 911 'ਤੇ ਕਾਲ ਕੀਤੀ, ਜਿਸ ਨਾਲ ਅਧਿਕਾਰੀ ਮਿੰਟਾਂ ਵਿੱਚ ਹੀ ਘਟਨਾ ਸਥਾਨ 'ਤੇ ਪਹੁੰਚ ਗਏ। ਬੱਚੇ ਸੁਰੱਖਿਅਤ ਹਨ ਅਤੇ ਉਨ੍ਹਾਂ ਦੀ ਦੇਖ ਰੇਖ ਪਰਿਵਾਰ ਦੇ ਇੱਕ ਮੈਂਬਰ ਵੱਲੋਂ ਕੀਤੀ ਜਾ ਰਹੀ ਹੈ।

# ਮਿਨੀਸੋਟਾ 'ਚ ਪ੍ਰਦਰਸ਼ਨ ਕਰ ਰਹੇ 100 ਪਾਦਰੀ ਗ੍ਰਿਫ਼ਤਾਰ

### ਪਰਵਾਸੀਆਂ ਖ਼ਿਲਾਫ਼ ਕਾਰਵਾਈ ਦਾ ਵਿਰੋਧ; ਲੋਕਾਂ ਨੂੰ ਕੰਮਕਾਰ ਠੱਪ ਰੱਖਣ ਦੀ ਅਪੀਲ




ਮਿਨੀਪੋਲਿਸ : ਅਮਰੀਕਾ 'ਚ ਮਿਨੀਸੋਟਾ ਸੂਬੇ ਦੇ ਸਭ ਤੋਂ ਵੱਡੇ ਹਵਾਈ ਅੱਡੇ 'ਤੇ ਇਮੀਗਰੇਸ਼ਨ ਐੱਨਫੋਰਸਮੈਂਟ ਦੀ ਕਾਰਵਾਈ ਦੇ ਵਿਰੋਧ 'ਚ ਪ੍ਰਦਰਸ਼ਨ ਕਰ ਰਹੇ ਕਰੀਬ 100 ਪਾਦਰੀਆਂ ਨੂੰ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ। ਕੜਾਕੇ ਦੀ ਠੰਢ ਦੇ ਬਾਵਜੂਦ ਹਜ਼ਾਰਾਂ ਲੋਕ ਮਿਨੀਪੋਲਿਸ 'ਚ ਟਰੰਪ ਪ੍ਰਸ਼ਾਸਨ ਦੀ ਪਰਵਾਸੀਆਂ ਖ਼ਿਲਾਫ਼ ਸਖ਼ਤ ਕਾਰਵਾਈ ਦੇ ਵਿਰੋਧ 'ਚ ਸੜਕਾਂ 'ਤੇ ਉਤਰੇ।

ਕਿਰਤੀ ਯੂਨੀਅਨਾਂ, ਪ੍ਰਗਤੀਸ਼ੀਲ ਜਥੇਬੰਦੀਆਂ ਅਤੇ ਪਾਦਰੀਆਂ ਨੇ ਮਿਨੀਸੋਟਾ ਦੇ ਲੋਕਾਂ ਨੂੰ ਕੰਮਾਂ, ਸਕੂਲਾਂ ਅਤੇ ਦੁਕਾਨਾਂ 'ਤੇ ਨਾ ਜਾਣ ਦੀ ਅਪੀਲ ਕੀਤੀ। ਮੈਟਰੋਪਾਲਿਟਨ ਏਅਰਪੋਰਟਸ ਕਮਿਸ਼ਨ ਦੇ ਤਰਜਮਾਨ ਜੈੱਫ ਲੀ ਨੇ ਦੱਸਿਆ ਕਿ ਪਾਦਰੀਆਂ ਨੂੰ ਗ਼ੈਰ-ਕਾਨੂੰਨੀ ਦਾਖਲੇ ਅਤੇ ਸ਼ਾਂਤੀ ਅਧਿਕਾਰੀ ਦੇ ਹੁਕਮਾਂ ਦੀ ਉਲੰਘਣਾ ਕਰਨ ਦੇ ਦੋਸ਼ ਹੇਠ ਮਾਮੂਲੀ ਅਪਰਾਧ ਦੇ ਨੋਟਿਸ ਦਿੱਤੇ ਗਏ ਅਤੇ ਬਾਅਦ 'ਚ ਉਨ੍ਹਾਂ ਨੂੰ ਛੱਡ ਦਿੱਤਾ ਗਿਆ। ਪਾਦਰੀਆਂ 'ਤੇ ਮਿਨੀਪੋਲਿਸ ਸੇਂਟ ਪਾਲ ਕੌਮਾਂਤਰੀ ਹਵਾਈ ਅੱਡੇ ਦੇ ਮੁੱਖ ਟਰਮੀਨਲ ਦੇ ਬਾਹਰ ਹਵਾਈ ਸੇਵਾਵਾਂ 'ਚ ਅੜਿੱਕਾ ਡਾਹੁਣ ਦੇ ਵੀ ਦੋਸ਼ ਲੱਗੇ ਹਨ। ਪ੍ਰਦਰਸ਼ਨਕਾਰੀਆਂ ਨੇ ਅਮਰੀਕੀ ਇਮੀਗਰੇਸ਼ਨ ਅਤੇ ਕਸਟਮਜ਼ ਐੱਨਫੋਰਸਮੈਂਟ (ਆਈ ਸੀ ਈ) ਨੂੰ ਮਿਨੀਸੋਟਾ ਤੋਂ ਜਾਣ ਦੀ ਮੰਗ ਕੀਤੀ।

# ਟਰੰਪ ਦੇ ਦਾਅਵਿਆਂ ਦੇ ਬਾਵਜੂਦ 4 ਸਾਲਾਂ ਦੇ ਹੇਠਲੇ ਪੱਧਰ 'ਤੇ ਪੁੱਜਿਆ ਅਮਰੀਕੀ ਡਾਲਰ

ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਡਾਲਰ ਦੀ ਕੀਮਤ ਵਿੱਚ ਆਈ ਭਾਰੀ ਗਿਰਾਵਟ ਦੇ ਬਾਵਜੂਦ ਇਸ ਨੂੰ 'ਸ਼ਾਨਦਾਰ' ਕਰਾਰ ਦਿੱਤਾ ਹੈ। ਆਇਓਵਾ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੰਪ ਨੇ ਕਿਹਾ ਕਿ ਉਹ ਨਹੀਂ ਚਾਹੁੰਦੇ ਕਿ ਡਾਲਰ ਦੀ ਕੀਮਤ ਵਿੱਚ ਹੋਰ ਗਿਰਾਵਟ ਆਵੇ, ਸਗੋਂ ਇਹ ਆਪਣੇ ਕੁਦਰਤੀ ਪੱਧਰ 'ਤੇ ਰਹੇ। ਟਰੰਪ ਦੇ ਇਸ ਬਿਆਨ ਤੋਂ ਤੁਰੰਤ ਬਾਅਦ ਡਾਲਰ ਸੂਚਕਾਂਕ (Dollar Index) ਵਿੱਚ ਤੇਜ਼ੀ ਨਾਲ ਗਿਰਾਵਟ ਦੇਖੀ ਗਈ ਅਤੇ ਇਹ 95.566 ਦੇ ਪੱਧਰ 'ਤੇ ਆ ਗਿਆ, ਜੋ ਕਿ ਫਰਵਰੀ 2022 ਤੋਂ ਬਾਅਦ ਦਾ ਸਭ ਤੋਂ ਹੇਠਲਾ ਪੱਧਰ ਹੈ। ਹਾਲਾਂਕਿ ਡਾਲਰ ਦੀ ਘੱਟ ਕੀਮਤ ਨਾਲ ਅਮਰੀਕੀ ਬਰਾਮਦਕਾਰਾਂ (Exporters) ਨੂੰ ਫਾਇਦਾ ਹੋ ਸਕਦਾ ਹੈ, ਪਰ ਨਿਵੇਸ਼ਕਾਂ ਵਿੱਚ ਅਮਰੀਕੀ ਆਰਥਿਕ ਸਥਿਰਤਾ ਨੂੰ ਲੈ ਕੇ ਚਿੰਤਾ ਪਾਈ ਜਾ ਰਹੀ ਹੈ।

ਸਰੋਤਾਂ ਅਨੁਸਾਰ ਡਾਲਰ ਦੀ ਕਮਜ਼ੋਰੀ ਦੇ ਪਿੱਛੇ ਕਈ ਵੱਡੇ ਕਾਰਨ ਹਨ:

- ਫੈਡਰਲ ਰਿਜ਼ਰਵ ਵੱਲੋਂ ਵਿਆਜ ਦਰਾਂ ਵਿੱਚ ਕਟੌਤੀ ਦੀਆਂ ਉਮੀਦਾਂ।
- ਟੈਰਿਫ (Tariff) ਨੂੰ ਲੈ ਕੇ ਅਨਿਸ਼ਚਿਤਤਾ ਅਤੇ ਨੀਤੀਆਂ ਵਿੱਚ ਅਸਥਿਰਤਾ।
- ਵਧਦਾ ਹੋਇਆ ਵਿੱਤੀ ਘਾਟਾ ਅਤੇ ਫੈਡਰਲ ਰਿਜ਼ਰਵ ਦੀ ਆਜ਼ਾਦੀ ਨੂੰ ਖ਼ਤਰਾ, ਜਿਸ ਕਾਰਨ ਨਿਵੇਸ਼ਕਾਂ ਦਾ ਭਰੋਸਾ ਘਟਿਆ ਹੈ।

ਟਰੰਪ ਨੇ ਅਤੀਤ ਨੂੰ ਯਾਦ ਕਰਦਿਆਂ ਕਿਹਾ ਕਿ ਉਹ ਪਹਿਲਾਂ ਚੀਨ ਅਤੇ ਜਾਪਾਨ ਵਰਗੇ ਦੇਸ਼ਾਂ ਨਾਲ ਲੜਦੇ ਸਨ ਕਿਉਂਕਿ ਉਹ ਹਮੇਸ਼ਾ ਆਪਣੀ ਕਰੰਸੀ ਦੀ ਕੀਮਤ ਘਟਾਉਣ (Devalue) ਦੀ ਕੋਸ਼ਿਸ਼ ਕਰਦੇ ਸਨ। ਇਸ ਦੇ ਨਾਲ ਹੀ, ਬਾਜ਼ਾਰ ਵਿੱਚ ਚਰਚਾ ਹੈ ਕਿ ਅਮਰੀਕਾ ਅਤੇ ਜਾਪਾਨ ਮਿਲ ਕੇ 'ਯੇਨ' (Yen) ਨੂੰ ਮਜ਼ਬੂਤ ਕਰਨ ਲਈ ਦਖਲਅੰਦਾਜ਼ੀ ਕਰ ਸਕਦੇ ਹਨ, ਜਿਸ ਕਾਰਨ ਯੇਨ ਦੀ ਕੀਮਤ ਵਿੱਚ 4% ਦਾ ਉਛਾਲ ਦੇਖਿਆ ਗਿਆ ਹੈ। ਟਰੰਪ ਨੇ ਇਹ ਟਿੱਪਣੀਆਂ ਆਇਓਵਾ ਵਿੱਚ ਇੱਕ ਆਰਥਿਕ ਭਾਸ਼ਣ ਤੋਂ ਪਹਿਲਾਂ ਕੀਤੀਆਂ, ਜਿੱਥੇ ਉਹ ਨਵੰਬਰ ਵਿੱਚ ਹੋਣ ਵਾਲੀਆਂ ਅਹਿਮ ਕਾਂਗਰਸ ਦੀਆਂ ਚੋਣਾਂ ਲਈ ਆਪਣੇ ਪੇਂਡੂ ਸਮਰਥਕਾਂ ਨੂੰ ਲਾਮਬੰਦ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।


ਪੰਜਾਬੀਆਂ ਦੀ ਮਾਣਮੱਤੀ ਇੰਡਸਟਰੀ ਟਰੱਕ ਡਿਸਪੈਚ ਟ੍ਰੇਨਿੰਗ






Truck Dispatch Training
Manage Dot Compliance
PUNJABI / HINDI / ENGLISH

- Truck Finance
- Truck Insurance
- Full Dot Compliance
- Setup Factoring Company
- Load Boards (DAT, AMAZON)
- Booking & Negotiate Pricing
- Invoices, Manage Paperwork
- Load Bookings
- Broker & Load Boards
- Rate Negotiation Skills
- Fleet Management Software
- Setup Your Factoring Company
- Dot Audit Support
- Same Day INC/ CORP
- State Permits and IFTA
- IRP Apportioned Plates
- Open Your Trucking Company

WHAT WE WILL PROVIDE
250+ Broker List
350+ Carrier List
27000+ Direct Shipper List
amazon relay
DAT One

Scan This Code for Joining Truck Dispatch Training

SMART PATH
Become Dispatcher Onling or In-Person Training In Punjabi

ਤੁਸੀਂ ਟਰੱਕ ਡਿਸਪੈਚ ਪੰਜਾਬੀ ਵਿੱਚ ਸਿੱਖ ਸਕਦੇ ਹੋ
ਵਧੇਰੇ ਜਾਣਕਾਰੀ ਲਈ ਸਾਨੂੰ ਅੱਜ ਹੀ ਕਾਲ ਕਰੋ
209-310-0333

Learn, Practice, Gain Your Skills
www.smartpathca.com
Learn Online From Home



ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖ਼ਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

### ਇਤਿਹਾਸ ਦੇ ਝਰੋਖੇ ਵਿਚੋਂ

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਖ਼ਾਲਸੇ ਦੀ ਸਿਰਜਨਾ ਤੋਂ ਪਹਿਲਾਂ ਹੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸੰਗਤਾਂ ਨੂੰ ਹੁਕਮਨਾਮੇ ਜਾਰੀ ਕੀਤੇ ਕਿ 'ਮਸੰਦਾ ਨੋ ਮੰਨਣਾ ਨਾਹੀਂ।' ਐਸੇ ਇਕ ਹੁਕਮਨਾਮਾ ਚੇਤ 14, ਸੰਮਤ 1755 ਮੁਤਾਬਕ 12 ਮਾਰਚ, 1699 ਨੂੰ ਹਜ਼ੂਰ ਨੇ ਮਾਛੀਵਾੜੇ ਦੀ ਸੰਗਤ ਦੇ ਨਾਮ ਜਾਰੀ ਕੀਤਾ। ਇਸ ਵਿਚ ਬਚਨ ਕੀਤੇ, 'ਮਸੰਦਾ ਨੋ ਮੰਨਣਾ ਨਾਹੀਂ ਗੁਰੂ ਸੰਗਤਿ ਕੀ ਬਾਹੁੜੀ ਕਰੈਗਾ ਮਨੋਰਥ ਪੂਰੇ ਹੋਵਹਿਗੇ॥ ਸੰਮਤੁ 1755।' (ਹੁਕਮਨਾਮੇ-ਸੰਪਾਦਕ ਗੰਡਾ ਸਿੰਘ, ਪੰਨਾ 138)

ਨੜੀ ਮਾਰ, ਕੁੜੀ ਮਾਰ, ਸਿਰਗੁੰਮ ਨਾਲ ਵਰਤਣ ਵਾਲਾ

ਨੜੀ ਮਾਰ (ਤਮਾਕੂ ਵਰਤਣ ਵਾਲਾ) ਅਤੇ ਕੁੜੀ ਮਾਰ ਬਾਰੇ ਪਿਛੇ ਗੁਰਮਤਿ ਦੀ ਰਹਿਣੀ ਦੀ ਮੱਦ (ਙ) ਅਤੇ (ਛ) ਵਿਚ ਵਿਸਥਾਰ ਸਹਿਤ ਕੀਤੀ ਜਾ ਚੁੱਕੀ ਹੈ। ਇਸ 'ਤੇ ਦ੍ਰਿੜ੍ਹਤਾ ਨਾਲ ਅਮਲ ਕਰਨ ਦੀ ਲੋੜ ਹੈ।

2. ਬੇ-ਅੰਮ੍ਰਿਤੀਏ ਜਾਂ ਪਤਿਤ ਦਾ ਜੂਠਾ ਖਾਣ ਵਾਲਾ

ਇਸ ਮੱਦੇ ਵਿਚ ਬੇਅੰਮ੍ਰਿਤੀਏ ਜਾਂ ਪਤਿਤ ਦਾ ਜੂਠਾ ਖਾਣ ਵਾਲੇ ਨੂੰ ਵੀ ਤਨਖਾਹੀਆ ਕਰਾਰ ਦਿੱਤਾ ਗਿਆ ਹੈ। ਅੰਮ੍ਰਿਤ ਛਕ ਕੇ ਪਿਛੋਕੜ ਭਾਵੇਂ ਕਿਸੇ ਵੀ ਜਾਤ, ਧਰਮ, ਬਰਾਦੀ ਨਾਲ ਹੋਏ ਹੁਣ ਉਹ ਗੁਰਭਾਈ ਬਣ ਜਾਂਦੇ ਹਨ। ਸਾਰੇ ਭਰਮ ਵਹਿਮ ਮਿਟਾ ਕੇ ਇਕ ਹੀ ਬਰਤਨ ਵਿਖ ਖਾ ਸਕਦੇ ਹਨ। ਪਰ ਕਿਸੇ ਗੈਰ ਅੰਮ੍ਰਿਤਧਾਰੀ ਜਾਂ ਪਤਿਤ (ਚਾਰ ਕੁਰਹਿਤਾਂ ਕਰਨ ਵਾਲਾ) ਦਾ ਜੂਠਾ ਖਾਣ ਦੀ ਮਨਾਹੀ ਹੈ। ਗਿ. ਗਿਆਨ ਸਿੰਘ ਨੇ ਨਾਦਰ ਸ਼ਾਹ ਅਤੇ ਲਾਹੌਰ ਦੇ ਸੂਬੇਦਾਰ ਵਿਚਕਾਰ ਹੋਈ ਵਾਰਤਾਲਾਮ ਵਿਚ ਇਸ ਬਾਰੇ ਅੰਕਤ ਕੀਤਾ ਹੈ :

ਚਾਰੋ ਵਰਣਾ ਮੈਂ ਸੇ ਕੋਈ।
ਆਵਤ ਹੋਤ ਖਾਲਸਾ ਸੋਈ।
ਆਬ ਹਿਯਾਤ ਪਿਲਾਵਤ ਤਾਹੂੰ।
ਇਕ ਹੀ ਬਰਤਨ ਮੇ ਸਭ ਕਾਹੂੰ।
ਖਾਣਾ ਭੀ ਇਕਠੇ ਸਭ ਖੈਹੈਂ।
ਸਕੇ ਬੀਰ ਆਪਸ ਮੇ ਥੈਹੈਂ।

3. ਦਾਹੜਾ ਰੰਗਣ ਵਾਲਾ

ਇਸ ਦੀ ਮੱਦ ਅਨੁਸਾਰ ਦਾਹੜਾ ਰੰਗਣ ਵਾਲਾ ਤਨਖਾਹੀਆ ਹੈ। 1936 ਵਿਚ ਪ੍ਰਵਾਨ ਕੀਤੀ ਗਈ ਸਿੱਖ ਰਹਿਤ ਮਰਯਾਦਾ ਦੀ ਇਸ ਮੱਦ ਵਿਚ ਦਾਹੜਾ ਰੰਗਣ ਵਾਲਾ ਅਤੇ ਚਿੱਟੇ ਚੁਗਣ ਵਾਲਾ ਅੰਕਤ ਸੀ। ਚਿੱਟੇ ਵਾਲਾਂ ਨੂੰ ਗੁਰਮਤਿ ਸ਼ਬਦਾਵਲੀ ਵਿਚ ਹੀਰੇ ਕਿਹਾ ਗਿਆ ਹੈ। 7 ਜਨਵਰੀ, 1945 ਨੂੰ ਧਾਰਮਿਕ ਸਲਾਹਕਾਰ ਕਮੇਟੀ ਦੀ ਤੇਰ੍ਹਵੀਂ ਇਕੱਤਰਤਾ ਵਿਚ ਮਤਾ ਨੰਬਰ 16 ਰਾਹੀਂ ਚਿੱਟੇ ਵਾਲ ਚੁਗਣ ਦੀ ਮਨਾਹੀ ਸਮਾਪਤ ਕਰ ਦਿੱਤੀ ਗਈ। ਇਹ ਮਤਾ ਸੀ,

16. ਹੈਡਿੰਗ ਅੰਮ੍ਰਿਤ ਸੰਸਕਾਰ ਦੇ ਅੰਕ (ਡ) ਦੇ ਲਘੁਅੰਕ ਵਿਚੋਂ ਲਫ਼ਜ਼ "ਚਿੱਟੇ ਚੁਗਣ ਵਾਲਾ' ਕਟ ਦਿੱਤੇ ਜਾਣ।

ਚਿੱਟੇ ਵਾਲਾਂ ਨੂੰ ਪੁੱਟਣਾ

ਵੈਸੇ ਜੈਨ ਮਤ ਵਿਚ ਇਕ ਕਸ਼ਟਦਾਇਕ ਧਾਰਮਿਕ ਰਸਮ ਹੁੰਦੀ ਹੈ 'ਕੇਸ਼ ਲੋਚਨ'। ਇਸ ਵਿਚ ਮੂੰਹ, ਸਰੀਰ ਅਤੇ ਸਿਰ ਦੇ ਵਾਲਾਂ ਨੂੰ ਇਕ ਇਕ ਕਰ ਕੇ ਪੋਟਿਆਂ ਦੇ ਨਾਲ ਪੁੱਟਿਆ ਜਾਂਦਾ ਹੈ। ਇਹਦੇ ਲਈ ਕਿਸੇ ਕਿਸਮ ਦਾ ਉਸਤਰਾ ਜਾਂ ਕੈਂਚੀ ਦੀ ਵਰਤੋਂ ਨਹੀਂ ਕੀਤੀ ਜਾਂਦੀ। ਇਸ ਦਾ ਜ਼ਿਕਰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੀਤਾ ਹੈ :




ਸਿਰੁ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗ ਖਾਹੀ॥
ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ॥
ਭੇਡਾ ਵਾਗੀ ਸਿਰੁ ਖੋਹਾਇਨਿ ਭਰੀਅਨਿ ਹਥ ਸੁਹਾਹੀ॥...
(ਮਾਝ ਵਾਰ ਮ. ੧, ਅੰਗ ੧੪੯)

ਚਿੱਟੇ ਵਾਲ ਪੁੱਟਣ ਦੀ ਮਨਾਹੀ ਨੂੰ ਬਕਾਇਦਾ ਧਾਰਮਿਕ ਸਲਾਹਕਾਰ ਕਮੇਟੀ ਦੀ ਇਕੱਤਰਤਾ ਵਿਚ ਮਤਾ ਪਾਸ ਕਰ ਕੇ ਹਟਾਇਆ ਗਿਆ ਹੈ। 75 ਸਾਲ ਪਹਿਲਾਂ ਕੀਤੀ ਗਈ ਇਹ ਤਬਦੀਲੀ ਲੋੜੀਂਦੀ ਸੀ। ਕੇਸਾਂ ਅਤੇ ਰੋਮਾਂ ਨੂੰ ਕਟਣਾ, ਪੁਟਣਾ, ਮੁੰਨਣਾ, ਤਰਾਸ਼ਣਾ ਪਤਿਤਪੁਣਾ ਹੈ। ਸ੍ਰੀ ਗੁਰੂ ਸਿੰਘ ਸਭਾ ਪਟਨਾ ਸਾਹਿਬ ਵਿਚ ਇਕ ਬੋਰਡ ਲੱਗਾ ਸੀ ਜਿਸ 'ਤੇ ਲਿਖਿਆ ਹੋਇਆ ਸੀ, "ਸਿੱਖ ਲਈ ਦਾੜ੍ਹੀ ਕੱਟਣੀ, ਭਰਵੱਟੇ ਤਰਾਸ਼ਣ ਤੋਂ ਘੱਟ ਪਾਪ ਨਹੀਂ।'

1936 ਵਿਚ ਪ੍ਰਵਾਨ ਕੀਤੀ ਗਈ ਸਿੱਖ ਰਹਿਤ ਮਰਯਾਦਾ ਵਿਚ ਚਿੱਟੇ ਚੁਗਣ (ਚਿੱਟੇ ਵਾਲ ਪੁੱਟਣ) ਨੂੰ ਤਨਖਾਹੀਆ ਲਿਖਿਆ ਗਿਆ ਸੀ। ਪਰ ਸਪਸ਼ਟ ਤੌਰ 'ਤੇ ਇਹ ਤਨਖਾਹੀਆ ਨਹੀਂ ਬਲਕਿ ਪਤਿਤਪੁਣਾ ਸੀ। ਇਸ ਲਈ ਚਿੱਟੇ ਚੁਗਣ ਨੂੰ ਇਸ ਮੱਦ ਵਿਚੋਂ ਹਟਾ ਦਿੱਤਾ ਗਿਆ ਹੈ। 2008 ਵਿਚ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਗੁਰਲੀਨ ਕੌਰ ਦੇ ਕੇਸ ਵਿਚ ਵੀ ਇਹ ਨਿਰਣਾ ਦਿੱਤਾ ਸੀ ਕਿ ਸਿੱਖ ਹੋ ਕੇ ਭਰਵੱਟੇ ਤਰਾਸ਼ਣ ਵਾਲਾ ਪਤਿਤ ਹੈ।

ਵਾਲਾਂ ਨੂੰ ਰੰਗਣ ਜਾਂ ਕਲਫ਼ ਲਾਉਣ ਦੀ ਵਾਦੀ ਬਹੁਤ ਪੁਰਾਣੀ ਹੈ। ਇਹ ਅਤਿਕਥਨੀ ਨਹੀਂ ਹੋਵੇਗੀ ਕਿ ਵਾਲ ਰੰਗਣੇ ਪਤਿਤਪੁਣੇ ਵਲ ਪਹਿਲਾ ਕਦਮ ਹੈ। ਇਸ ਲਈ ਸਾਰੇ ਰਹਿਤਨਾਮਿਆਂ ਵਿਚ ਦ੍ਰਿੜ੍ਹਤਾ ਨਾਲ ਇਸ ਤੋਂ ਹੋੜਿਆ ਗਿਆ ਹੈ। ਗੁਰਮਤਿ ਸ਼ਬਦਾਵਲੀ ਵਿਚ ਚਿੱਟੇ ਵਾਲਾਂ ਨੂੰ ਹੀਰੇ ਕਿਹਾ ਗਿਆ ਹੈ। ਨਹੀਂ ਤਾਂ ਵੇਖਣ ਵਿਚ ਆਉਂਦਾ ਹੈ ਕਿ ਵਡੇਰੀ ਉਮਰ ਦੇ ਸਿੰਘ ਜੀ ਤਾਂ ਇਨ੍ਹਾਂ ਹੀਰਿਆਂ ਦੀ ਸਾਂਭ ਗੁਰੂ ਕੀ ਦਾਤ ਸਮਝ ਕੇ ਕਰਦੇ ਹਨ ਪਰ ਉਨ੍ਹਾਂ ਦੇ ਨਾਲ ਉਨ੍ਹਾਂ ਦੀ ਸਿੰਘਣੀ ਦੇ ਵਾਲ ਪੂਰੀ ਕਾਲਿਮਾ 'ਤੇ ਹੁੰਦੇ ਹਨ।

(ਚਲਦਾ)

# ਟਰੰਪ ਦੀਆਂ ਧਮਕੀਆਂ ਯੂਰੋਪੀਅਨ ਸੁਰੱਖਿਆ ਲਈ ਖ਼ਤਰਾ ਕਰਾਰ

## ਯੂਰੋਪੀਅਨ ਯੂਨੀਅਨ ਦਾ ਹੰਗਾਮੀ ਸਿਖਰ ਸੰਮੇਲਨ

ਬ੍ਰਸੱਲਜ਼ : ਯੂਰੋਪੀਅਨ ਕੌਂਸਲ ਦੇ ਪ੍ਰਧਾਨ ਅੰਤੋਨੀਓ ਕੋਸਟਾ ਨੇ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀਆਂ ਗਰੀਨਲੈਂਡ 'ਤੇ ਕਬਜ਼ੇ ਅਤੇ ਉਸ ਦਾ ਵਿਰੋਧ ਕਰਨ ਵਾਲਿਆਂ ਖ਼ਿਲਾਫ਼ ਟੈਰਿਫ ਥੋਪਣ ਦੀਆਂ




ਧਮਕੀਆਂ ਯੂਰੋਪ ਦੀ ਸੁਰੱਖਿਆ, ਸਿਧਾਂਤਾਂ ਅਤੇ ਖ਼ੁਸ਼ਹਾਲੀ ਲਈ ਵੱਡੀ ਚੁਣੌਤੀ ਹੈ। ਬ੍ਰਸੱਲਜ਼ 'ਚ ਯੂਰੋਪੀਅਨ ਯੂਨੀਅਨ ਦੇ 27 ਆਗੂਆਂ ਦੇ ਹੰਗਾਮੀ ਸਿਖਰ ਸੰਮੇਲਨ ਦੌਰਾਨ ਕੋਸਟਾ ਨੇ ਕਿਹਾ ਕਿ ਅੰਤਰ-ਅਟਲਾਂਟਿਕ ਸਬੰਧਾਂ ਦੇ ਮੌਜੂਦਾ ਪਲਾਂ 'ਚ ਇਹ ਪ੍ਰੀਖਿਆ ਦੀ ਘੜੀ ਹੈ। ਕੋਸਟਾ ਨੇ ਕਿਹਾ ਕਿ ਯੂਰੋਪੀਅਨ ਯੂਨੀਅਨ ਆਗੂ ਕੌਮਾਂਤਰੀ ਕਾਨੂੰਨ, ਇਲਾਕਾਈ ਅਖੰਡਤਾ ਅਤੇ ਕੌਮੀ ਖ਼ੁਦਮੁਖ਼ਤਾਰੀ ਦੇ ਮੁੱਦੇ 'ਤੇ ਇਕਜੁੱਟ ਹਨ। ਸਟਰਾਸਬਰਗ (ਫਰਾਂਸ) 'ਚ ਯੂਰੋਪੀਅਨ ਯੂਨੀਅਨ ਕਾਨੂੰਨਘਾੜਿਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਡੈਨਮਾਰਕ ਅਤੇ ਗਰੀਨਲੈਂਡ ਹੀ ਆਪਣੇ ਭਵਿੱਖ ਦਾ ਫੈਸਲਾ ਲੈ ਸਕਦੇ ਹਨ। ਪੋਲੈਂਡ ਦੇ ਪ੍ਰਧਾਨ ਮੰਤਰੀ ਡੋਨਲਡ ਟਸਕ ਨੇ ਸੋਸ਼ਲ ਮੀਡੀਆ 'ਤੇ ਕਿਹਾ ਕਿ ਕਿਸੇ ਨੂੰ ਖ਼ੁਸ਼ ਕਰਨਾ ਹਮੇਸ਼ਾ ਕਮਜ਼ੋਰੀ ਦੀ ਨਿਸ਼ਾਨੀ ਹੁੰਦੀ ਹੈ ਅਤੇ ਯੂਰੋਪ ਨਾ ਆਪਣੇ ਦੁਸ਼ਮਣਾਂ ਅਤੇ ਨਾ ਆਪਣੇ ਭਾਈਵਾਲਾਂ ਖ਼ਿਲਾਫ਼ ਕਮਜ਼ੋਰ ਹੋ ਸਕਦਾ ਹੈ। ਯੂਰੋਪੀਅਨ ਕਮਿਸ਼ਨ ਦੀ ਪ੍ਰਧਾਨ ਉਰਸੁਲਾ ਵੌਨ ਡੇਰ ਲੇਯੇਨ ਨੇ ਚਿਤਾਵਨੀ ਦਿੱਤੀ ਕਿ ਜੇ ਟੈਰਿਫ ਥੋਪੇ ਗਏ ਤਾਂ ਰਲ ਕੇ ਉਨ੍ਹਾਂ ਦਾ ਸਾਹਮਣਾ ਕੀਤਾ ਜਾਵੇਗਾ।

# ਇੰਡੋਨੇਸ਼ੀਆ ਵਿੱਚ ਢਿੱਗਾਂ ਡਿੱਗਣ ਦਾ ਮਾਮਲਾ: 23 ਫੌਜੀਆਂ ਦੀ ਮੌਤ ਦੀ ਪੁਸ਼ਟੀ

ਜਕਾਰਤਾ : ਇੰਡੋਨੇਸ਼ੀਆ ਦੇ ਪੱਛਮੀ ਜਾਵਾ ਵਿੱਚ ਢਿੱਗਾਂ ਡਿੱਗਣ ਕਾਰਨ ਸੌ ਦੇ ਕਰੀਬ ਜਣੇ ਲਾਪਤਾ ਹਨ ਤੇ ਇਸ ਹਾਦਸੇ ਵਿਚ 23 ਫੌਜੀਆਂ ਦੀ ਮੌਤ ਦੀ ਪੁਸ਼ਟੀ ਕੀਤੀ ਗਈ ਹੈ। ਇਹ ਜਾਣਕਾਰੀ ਇੱਕ ਜਲ ਸੈਨਾ ਦੇ ਬੁਲਾਰੇ ਨੇ ਅੱਜ ਦਿੱਤੀ ਪਰ ਇਹ ਸਪਸ਼ਟ ਨਹੀਂ ਹੋ ਸਕਿਆ ਕਿ ਕੀ ਇਹ ਪਹਿਲਾਂ ਮ੍ਰਿਤਕ ਐਲਾਨੇ ਗਏ 17 ਲੋਕਾਂ ਵਿੱਚ ਸ਼ਾਮਲ ਹਨ ਕਿ ਨਹੀਂ। ਪੱਛਮੀ ਜਾਵਾ ਸੂਬੇ ਵਿੱਚ ਇੱਕ ਪਹਾੜੀ ਖੇਤਰ ਵਿੱਚ ਬੀਤੇ ਦਿਨੀਂ ਢਿੱਗਾਂ ਡਿੱਗ ਗਈਆਂ ਸਨ। ਜਾਣਕਾਰੀ ਅਨੁਸਾਰ ਇਹ ਫੌਜੀ ਸਖ਼ਤ ਹਾਲਾਤ ਅਤੇ ਭਾਰੀ ਮੀਂਹ ਵਿੱਚ ਸਿਖਲਾਈ ਲੈ ਰਹੇ ਸਨ ਜਦੋਂ ਬੁਰਾਂਗਰਾਂਗ ਦੀਆਂ ਢਲਾਣਾਂ 'ਤੇ ਪਾਸੀਰ ਲੰਗੂ ਪਿੰਡ ਵਿੱਚ ਜ਼ਮੀਨ ਖਿਸਕ ਗਈ ਜਿਸ ਕਾਰਨ ਉਨ੍ਹਾਂ ਦਾ ਕੈਂਪ ਨੁਕਸਾਨਿਆ ਗਿਆ ਤੇ 34 ਘਰਾਂ ਨੂੰ ਨੁਕਸਾਨ ਪੁੱਜਿਆ। ਰਾਸ਼ਟਰੀ ਆਫ਼ਤ ਪ੍ਰਬੰਧਨ ਏਜੰਸੀ ਦੇ ਬੁਲਾਰੇ ਅਬਦੁਲ ਮੁਹਾਰੀ ਨੇ ਕਿਹਾ ਕਿ ਮੌਤਾਂ ਦਾ ਅੰਕੜਾ ਵਧ ਵੀ ਸਕਦਾ ਹੈ।



ਨੇਵੀ ਚੀਫ਼ ਆਫ਼ ਸਟਾਫ਼ ਐਡਮਿਰਲ ਮੁਹੰਮਦ ਅਲੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਹ ਫੌਜੀ ਇੰਡੋਨੇਸ਼ੀਆ-ਪਾਪੁਆ ਨਿਊ ਗਿਨੀ ਸਰਹੱਦ 'ਤੇ ਲੰਬੇ ਸਮੇਂ ਦੀ ਸਰਹੱਦੀ ਅਸਾਈਨਮੈਂਟ ਲਈ 23-ਮੈਂਬਰੀ ਯੂਨਿਟ ਸਿਖਲਾਈ ਦਾ ਹਿੱਸਾ ਸਨ।

# BASRA
## Heating & Air Conditioning

## ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ
# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ
ਤੁਹਾਡੇ ਢੇਰ ਸਾਰੇ ਪੈਸੇ




Reasonable price first class work ਅਤੇ

100% ਗਰੰਟੀ

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

## ਹੋਰ ਜਾਣਕਾਰੀ ਲਈ ਕਾਲ ਕਰੋ
## ਸ. ਰਜਿੰਦਰ ਸਿੰਘ ਬਸਰਾ (209) 834-6188
## Address: 231 Portico Ln, Tracy, CA 95377



ਸੰਤ ਸੇਵਾ ਸਿਘ ਜੀ

ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤ ਸੱਚਖੰਡਵਾਸੀ, ਬ੍ਰਹਮਗਿਆਨੀ ਮਹਾਂਪੁਰਖ ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲੇ, ਜਿਨ੍ਹਾਂ ਨੇ ਸ਼ਬਦ ਗੁਰੂ ਦੇ ਨਾਲ ਆਪਣੀ ਸੁਰਤ ਨੂੰ ਜੋੜ ਕੇ ਜਿੱਥੇ ਆਪ ਪਰਮੇਸ਼ਰ ਜੀ ਵਿੱਚ ਅਭੇਦਤਾ ਪ੍ਰਾਪਤ ਕੀਤੀ; ਉਥੇ ਗੁਰਮਤਿ ਮਾਰਗ ਤੋਂ ਦੁਰੇਡੇ ਜਾ ਚੁੱਕਿਆਂ ਨੂੰ ਖੰਡੇ ਬਾਟੇ ਦੀ ਪਾਹੁਲ ਛਕਾ ਕੇ 'ਸ਼ਬਦ ਗੁਰੂ' ਦੇ ਲੜ ਲਾ ਉਹਨਾਂ ਦਾ ਮਾਰਗ ਦਰਸ਼ਨ ਕੀਤਾ। ਮਹਾਂਪੁਰਖਾਂ ਦੇ ਉੱਤਰਾਧਿਕਾਰੀ ਸੰਤ ਬਾਬਾ ਸੇਵਾ ਸਿੰਘ ਜੀ 'ਰਾਮਪੁਰ ਖੇੜੇ ਵਾਲਿਆਂ' ਨੇ 'ਸੇ ਕਿਨੇਹਿਆ?' ਪੁਸਤਕ ਵਿੱਚ ਸੱਚਖੰਡਵਾਸੀ ਸੰਤ ਬਾਬਾ ਹਰਨਾਮ ਸਿੰਘ ਜੀ ਦੇ ਜੀਵਨ ਦਾ ਬਾਖ਼ੂਬੀ ਚਿਤਰਨ ਕੀਤਾ ਹੈ। ਇਹ ਪੁਸਤਕ ਸਿੱਖ ਜਗਤ ਵਿੱਚ ਬਹੁਤ ਹੀ ਮਕਬੂਲੀਅਤ ਹਾਸਲ ਕਰ ਚੁੱਕੀ ਹੈ ਅਤੇ ਲੱਖਾਂ ਦੀ ਗਿਣਤੀ ਵਿੱਚ ਛਾਪ ਕੇ ਸੰਗਤਾਂ ਤੱਕ ਪਹੁੰਚਾਈ ਗਈ ਹੈ। ਸੰਤ ਬਾਬਾ ਸੇਵਾ ਸਿੰਘ ਜੀ ਦੀ ਕਲਮ ਰਾਹੀਂ ਲਿਖੀਆਂ ਗਈਆਂ ਅਨੇਕਾਂ ਪੁਸਤਕਾਂ ਵਿੱਚੋਂ ਉਨ੍ਹਾਂ ਦੀ ਇਹ ਸ਼ਾਹਕਾਰ ਰਚਨਾ 'ਸੇ ਕਿਨੇਹਿਆ?' ਆਪਣੇ ਪਾਠਕਾਂ ਦੀ ਮੰਗ 'ਤੇ ਅਸੀਂ ਆਪਣੇ ਅਖ਼ਬਾਰ ਰਾਹੀਂ ਲੜੀਵਾਰ ਛਾਪ ਰਹੇ ਹਾਂ। ਆਸ ਹੈ ਕਿ ਇਸ ਯਤਨ ਤੋਂ ਸਾਡੇ ਪਾਠਕ ਲਾਭ ਪ੍ਰਾਪਤ ਕਰਨਗੇ। – ਧੰਨਵਾਦ ਸਾਹਿਤ ਸਤਨਾਮ ਸਿੰਘ ਖ਼ਾਲਸਾ

# ਡਾ: ਕਰਤਾਰ ਸਿੰਘ ਹੋਰਾਂ ਨਾਲ ਮਿਲਾਪ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਕਿ ਦੇਖੋ, ਸਾਡੇ ਮੁਲਕ ਦੇ ਲੋਕ ਕਿੰਨੇ ਭੋਲੇ ਤੇ ਸਿੱਧੇ ਹਨ। ਜਿਸ ਨੂੰ ਕਿਸੇ ਦੇਖਿਆ ਹੀ ਨਹੀਂ ਅਤੇ ਜੋ ਨਾ ਅੱਖਾਂ ਨਾਲ ਦਿਸਦਾ ਹੈ, ਨਾ ਉਸਦੀ ਕੋਈ ਹੋਂਦ ਹੈ, ਨਾ ਉਸ ਨੂੰ ਅੱਜ ਤੱਕ ਕੋਈ ਕਿਸੇ ਨੂੰ ਵਿਖਾ ਸਕਿਆ ਹੈ।

ਇਹੋ ਜਿਹੀ ਅਣਹੋਂਦ ਨੂੰ ਲੋਕ 'ਰੱਬ' ਕਹਿ ਕੇ ਉਸਦੀ ਪੂਜਾ ਵੀ ਕਰਦੇ ਹਨ। ਲੋਕਾਂ ਨੇ ਉਸਦੇ ਨਾਉਂ ਵੀ ਅਨੇਕਾਂ ਹੀ ਰੱਖ ਲਏ ਹਨ। ਉਸ ਅੱਗੇ ਸਵੇਰੇ-ਸ਼ਾਮ ਪ੍ਰਾਰਥਨਾਵਾਂ ਵੀ ਕੀਤੀਆਂ ਜਾਂਦੀਆਂ ਹਨ। ਭਲਾ ਜਿਹੜੀ ਵਸਤੂ ਦੀ ਹੋਂਦ ਹੀ ਕੋਈ ਨਹੀਂ, ਉਸ ਪਾਸੋਂ ਤੁਸੀਂ ਕੀ ਆਸ ਰੱਖ ਸਕਦੇ ਹੋ? ਉਹ ਅਣਹੋਂਦ ਤੁਹਾਡੀ ਬੇਨਤੀ ਵੀ ਕਿਵੇਂ ਸੁਣੇਗੀ? ਤੁਹਾਡਾ ਕੀ ਸਵਾਰੇਗੀ? ਹਾਂ, ਇੰਨਾ ਜ਼ਰੂਰ ਹੈ ਕਿ ਇਸ ਭਰਮ ਤੇ ਵਹਿਮ ਦੁਆਰਾ ਕਈ ਇੱਕ ਲੋਕਾਂ ਦਾ ਹਲਵਾ-ਮੰਡਾ ਖ਼ੂਬ ਤੁਰਿਆ ਹੋਇਆ ਹੈ। ਇਸ ਪ੍ਰਕਾਰ ਡਾਕਟਰ ਹੋਰਾਂ ਨੇ ਆਪਣਾ ਭਾਸ਼ਨ ਜਾਰੀ ਰੱਖਿਆ। ਬਾਬਾ ਜੀ ਚੁੱਪ ਕਰਕੇ ਸੁਣੀ ਗਏ ਤੇ ਡਾਕਟਰ ਹੋਰਾਂ ਨੇ ਬੇਅੰਤ ਪ੍ਰਕਾਰ ਦੀਆਂ ਦਲੀਲਾਂ ਦੇ ਕੇ ਪ੍ਰਮਾਤਮਾ ਦੀ ਅਣਹੋਂਦ ਪ੍ਰਗਟ ਕਰਨ ਲਈ ਆਪਣਾ ਵਲਵਲਾ ਕੱਢ ਲਿਆ।

ਬਾਬਾ ਜੀ ਬੜੀ ਨਿਮ੍ਰਤਾ ਨਾਲ ਡਾਕਟਰ ਹੋਰਾਂ ਨੂੰ ਪੁੱਛਣ ਲੱਗੇ ਕਿ 'ਡਾਕਟਰ ਸਾਹਿਬ! ਤੁਹਾਡੇ ਕਹਿਣ ਅਨੁਸਾਰ ਤੁਸੀਂ ਉਸ ਵਸਤੂ ਦੀ ਹੋਂਦ ਨੂੰ ਹੀ ਮੰਨਦੇ ਹੋ, ਜੋ ਅੱਖਾਂ ਨਾਲ ਦਿਸ ਸਕਦੀ ਹੋਵੇ? ਜੋ ਚੀਜ਼ ਤੁਸੀਂ ਆਪਣੀਆਂ ਅੱਖਾਂ ਨਾਲ ਨਹੀਂ ਵੇਖ ਸਕਦੇ, ਉਸਦੀ ਹੋਂਦ ਤੋਂ ਤੁਸੀਂ ਮੁਨਕਰ ਹੋ।' ਪਰ ਡਾਕਟਰ ਜੀ, ਵੇਖੋ! ਪਰਮੇਸ਼ਰ ਨੂੰ ਦੇਖਣਾ ਤਾਂ ਬਹੁਤ ਦੂਰ ਦੀ ਗੱਲ ਹੈ, ਉਸ ਦੀ ਬਹੁਤ ਸਾਰੀ ਕਿਰਤ ਹੀ ਐਸੀ ਹੈ, ਜਿਸ ਨੂੰ ਤੁਸੀਂ ਅੱਖਾਂ ਨਾਲ ਨਹੀਂ ਵੇਖ ਸਕਦੇ। ਮਿਸਾਲ ਦੇ ਤੌਰ ਤੇ ਮਿਰਚ ਤੁਹਾਡੇ ਸਾਹਮਣੇ ਹੈ ਪਰ ਉਸ ਵਿੱਚ ਜੋ ਕੌੜਾਪਨ ਹੈ, ਉਹ ਤੁਸੀਂ ਨਹੀਂ ਵੇਖ ਸਕਦੇ। ਸ਼ੱਕਰ ਜਾਂ ਖੰਡ ਤੁਹਾਡੇ ਪਾਸ ਪਈ ਹੈ, ਉਸ ਵਿੱਚ ਜੋ ਮਿਠਾਸ ਹੈ, ਉਹ ਵੀ ਤੁਸੀਂ ਆਪਣੀਆਂ ਅੱਖਾਂ ਨਾਲ ਨਹੀਂ ਵੇਖ ਸਕਦੇ। ਇਸੇ ਪ੍ਰਕਾਰ ਕੁਨੈਣ ਦੀ ਗੋਲੀ ਤੁਸੀਂ ਹਰ ਰੋਜ਼ ਮਰੀਜ਼ਾਂ ਨੂੰ ਦਿੰਦੇ ਹੋ ਪਰ ਉਸ ਦੇ ਕੌੜੇਪਨ ਨੂੰ ਅੱਖਾਂ ਨਾਲ ਕਦੇ ਕਿਸੇ ਨਹੀਂ ਵੇਖਿਆ। ਇਸੇ ਪ੍ਰਕਾਰ ਹੋਰ ਬੇਅੰਤ ਚੀਜ਼ਾਂ ਹਨ, ਜਿਨ੍ਹਾਂ ਦੀ ਹੋਂਦ ਬਾਹਰੋਂ ਹੋਰ ਦਿਸਦੀ ਹੈ ਪਰ ਉਹਨਾਂ 'ਚ ਜੋ ਤਾਸੀਰ ਜਾਂ ਗੁਣ ਹਨ ਉਹ ਦਿਸਦੇ ਨਹੀਂ।

ਡਾਕਟਰ ਹੋਰੀਂ ਇੱਕ ਦਮ ਬੋਲੇ ਕਿ ਭਾਈ ਸਾਹਿਬ! ਜੋ ਮਿਰਚ, ਖੰਡ ਜਾਂ ਕੁਨੈਣ ਦੀ ਕੁੜੱਤਣ ਅਤੇ ਮਿਠਾਸ ਹੈ ਉਸ ਨੂੰ ਜੇ ਅਸੀਂ ਵੇਖ ਨਹੀਂ ਸਕਦੇ ਪਰ ਅਸੀਂ ਦੂਸਰੇ ਇੰਦਰੇ ਜੀਭ ਨਾਲ ਉਸ ਦਾ ਸੁਆਦ ਚੱਖ ਕੇ ਅਨੁਭਵ ਕਰ ਲੈਂਦੇ ਹਾਂ ਕਿ ਇਸ ਦਾ ਸੁਆਦ ਕਿਹੋ ਜਿਹਾ ਹੈ? ਬਾਬਾ ਜੀ ਕਹਿਣ ਲੱਗੇ ਕਿ ਕੇਵਲ ਅਨੁਭਵ ਹੀ ਕਰ ਸਕਦੇ ਹੋ, ਵੇਖ ਤਾਂ ਨਹੀਂ ਸਕਦੇ ਨਾ। ਬਾਬਾ ਜੀ ਅਗਾਂਹ ਬੋਲੇ ਕਿ ਦੁੱਧ ਤੁਹਾਡੇ ਸਾਹਮਣੇ ਪਿਆ ਹੈ, ਕੀ ਉਸ ਵਿੱਚ ਕਦੀ ਘਿਉ ਵੇਖਿਆ ਹੈ? ਦੁੱਧ ਵਾਲੇ ਬਰਤਨ ਵਿੱਚ ਹੱਥ ਵੀ ਫੇਰੋ ਤੁਸੀਂ ਘਿਉ ਨੂੰ ਬਾਹਰ ਕੱਢ ਕੇ ਵੇਖ ਨਹੀਂ ਸਕੋਗੇ। ਜ਼ੁਬਾਨ ਨਾਲ ਚੱਖ ਵੀ ਲਵੋ ਤਾਂ ਵੀ ਤੁਹਾਨੂੰ ਘਿਉ ਦਾ ਸਵਾਦ ਨਹੀਂ ਲੱਭੇਗਾ।


ੴ ਸਤਿਗੁਰ ਪ੍ਰਸਾਦਿ ॥

ਸੇ ਕਿਨੇਹਿਆ?

ਜੀਵਨ-ਗਾਥਾ
ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ
(ਗੁਰਦੁਆਰਾ ਰਾਮਪੁਰ ਖੇੜਾ ਸਾਹਿਬ ਵਾਲੇ)

ਲੇਖਕ ਅਤੇ ਪ੍ਰਕਾਸ਼ਕ
ਸੰਤ ਸੇਵਾ ਸਿੰਘ

ਗੁਰਦੁਆਰਾ ਰਾਮਪੁਰ ਖੇੜਾ ਸਾਹਿਬ
ਡਾ: ਗੜ੍ਹਦੀਵਾਲਾ, ਜ਼ਿਲਾ ਹੁਸ਼ਿਆਰਪੁਰ, ਪੰਜਾਬ (ਇੰਡੀਆ-144207)
ਫੋਨ ਨੰ: +91-1886-260334, 98767-60334
Website : www.RamPurKhera.com | Email : RamPurKhera@yahoo.ca

3

ਜੇ ਉਹ ਮਨੁੱਖ ਜਿਸ ਨੇ ਦੁੱਧ ਨੂੰ ਗਰਮ ਕਰ ਕੇ ਜੰਮਣ ਲਾਇਆ ਹੋਵੇ, ਦਹੀਂ ਬਣ ਜਾਣ ਤੇ ਵਿਧੀ ਅਨੁਸਾਰ ਰਿੜਕਿਆ ਹੋਵੇ, ਮੱਖਣ ਕੱਢ ਕੇ ਉਸ ਨੂੰ ਗਰਮ ਕਰ ਕੇ ਘਿਉ ਬਣਾਇਆ ਹੋਵੇ ਉਹ ਤੁਹਾਨੂੰ ਮੁੜ-ਮੁੜ ਆਖੇ ਕਿ ਡਾਕਟਰ ਸਾਹਿਬ ਤੁਸੀਂ ਗ਼ਲਤੀ ਵਿੱਚ ਹੋ, ਘਿਉ ਇਸੇ ਦੁੱਧ ਵਿੱਚ ਹੀ ਹੈ ਪਰ ਤੁਸੀਂ ਅਗਿਆਨਤਾ ਵੱਸ ਕਹੀ ਜਾਵੋ ਕਿ ਇਸ ਵਿੱਚ ਕੋਈ ਘਿਉ ਨਹੀਂ, ਨਾ ਦਿਸਦਾ ਹੈ, ਨਾ ਜੀਭ ਨੂੰ ਸੁਆਦ ਆਉਂਦਾ ਹੈ; ਨਾ ਹੀ ਹੱਥ ਵਿੱਚ ਫੜ ਹੁੰਦਾ ਹੈ। ਇਹ ਤੁਹਾਡੀ ਹੀ ਅਗਿਆਨਤਾ ਹੋਵੇਗੀ ਕਿ ਨਹੀਂ? ਪਰੰਤੂ ਇਹ ਤੁਹਾਡੇ ਵੀ ਵੱਸ ਦੀ ਗੱਲ ਨਹੀਂ ਕਿਉਂਕਿ ਤੁਸੀਂ ਕਦੀ ਦੁੱਧ ਨੂੰ ਗਰਮ ਕਰ ਕੇ, ਜੰਮਣ ਲਾ, ਦਹੀਂ ਨੂੰ ਰਿੜਕ ਕੇ ਦੁੱਧ ਵਿੱਚੋਂ ਘਿਉ ਪ੍ਰਾਪਤ ਹੀ ਨਹੀਂ ਕੀਤਾ। ਜੇ ਤੁਸੀਂ ਉੱਪਰ ਦੱਸੇ ਸਾਧਨ ਅਨੁਸਾਰ ਦੁੱਧ ਦੀਆਂ ਸਾਰੀਆਂ ਹਾਲਤਾਂ ਨੂੰ ਆਪਣੇ ਹੱਥੀਂ ਸਾਧ ਲਵੋਗੇ ਤਦ ਤੁਸੀਂ ਆਪ ਹੀ ਕਹੋਗੇ ਕਿ ਮੈਂ ਤਾਂ ਭੁਲੇਖੇ ਵਿੱਚ ਹੀ ਰਿਹਾ, ਠੀਕ ਦੁੱਧ ਦੇ ਕਣ-ਕਣ ਵਿੱਚ ਘਿਉ ਸਮਾਇਆ ਹੋਇਆ ਹੈ। ਅਗਾਂਹ ਲਵੋ, ਗੁਰੂ ਪਾਤਸ਼ਾਹ ਜੀ ਨੇ ਗੁਰਬਾਣੀ ਵਿੱਚ ਮਿਸਾਲ ਦਿੱਤੀ ਹੈ ਕਿ ਸਾਰੀਆਂ ਲੱਕੜਾਂ ਵਿੱਚ ਗੁਪਤ ਰੂਪ ਵਿੱਚ ਅੱਗ ਸਮਾਈ ਹੋਈ ਹੈ ਪਰ ਕਦੇ ਕਿਸੇ ਨੇ ਵੇਖੀ ਹੈ? ਕਦੇ ਨਹੀਂ। ਇਸ ਦਾ ਭਾਵ ਇਹ ਨਹੀਂ ਕਿ ਜੇ ਅਸੀਂ ਲੱਕੜਾਂ ਵਿੱਚ ਗੁਪਤ ਅਗਨੀ ਨੂੰ ਵੇਖ ਨਹੀਂ ਸਕਦੇ ਤਾਂ ਉਸਦੀ ਹੋਂਦ ਤੋਂ ਹੀ ਮੁਨਕਰ ਹੋ ਜਾਈਏ। ਜੇ ਮਨ ਵਿੱਚ ਚਾਹਨਾ ਹੋਵੇ ਕਿ ਅਸੀਂ ਇਸ ਅਗਨੀ ਨੂੰ ਪ੍ਰਗਟ ਰੂਪ ਵਿੱਚ ਵੇਖਣਾ ਹੈ ਤਾਂ ਦੋ ਸੁੱਕੇ ਬਾਂਸ ਦੇ ਟੁਕੜੇ ਲੈ ਕੇ ਆਪਸ ਵਿੱਚ ਰਗੜਨੇ ਸ਼ੁਰੂ ਕਰ ਦੇਵੋ, ਬਸ ਥੋੜ੍ਹੇ ਸਮੇਂ ਵਿੱਚ ਹੀ ਅੱਗ ਪ੍ਰਗਟ ਹੋ ਜਾਵੇਗੀ। ਪੰਜਵੇਂ ਗੁਰਦੇਵ ਸਤਿਗੁਰੂ ਜੀ ਨੇ ਉਪਰਲੀਆਂ ਮਿਸਾਲਾਂ ਨੂੰ ਗੁਰਬਾਣੀ ਵਿੱਚ ਹੇਠ ਲਿਖੇ ਅਨੁਸਾਰ ਅੰਕਿਤ ਕੀਤਾ ਹੈ ਕਿ ਜਿਵੇਂ ਲੱਕੜਾਂ ਵਿੱਚ ਅੱਗ ਹੈ ਪਰ ਦਿਸਦੀ ਨਹੀਂ, ਦੁੱਧ ਵਿੱਚ ਘਿਉ ਤਾਂ ਹੈ ਪਰ ਨਜ਼ਰੀਂ ਨਹੀਂ ਆਉਂਦਾ; ਇਸੇ ਪ੍ਰਕਾਰ ਨੀਵੇਂ ਅਤੇ ਉੱਚੇ, ਅਮੀਰ ਅਥਵਾ ਗ਼ਰੀਬ 'ਚ ਅਤੇ ਸਾਰੇ ਹੀ ਪਰੀ-ਪੂਰਨ੧ ਹੋ ਕਰਕੇ ਪਰਮੇਸ਼ਰ ਰਮਿਆ ਹੋਇਆ ਹੈ ਪਰ ਸਾਨੂੰ ਦਿਸਦਾ ਨਹੀਂ। ਕਾਰਨ ਕੀ, ਜਿਵੇਂ ਲੱਕੜਾਂ 'ਚੋਂ ਅੱਗ ਅਤੇ ਦੁੱਧ 'ਚੋਂ ਘਿਉ ਨੂੰ ਵੇਖਣ ਲਈ ਸਾਡੀਆਂ ਅੱਖਾਂ ਅਸਮਰਥ ਹਨ :

ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ
ਮਹਿ ਘੀਆ ॥
ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ
ਮਾਧਉ੨ ਜੀਆ ॥੧॥
ਸੰਤਹੁ ਘਟਿ ਘਟਿ ਰਹਿਆ ਸਮਾਹਿਓ ॥
ਪੂਰਨ ਪੂਰਿ ਰਹਿਓ ਸਰਬ ਮਹਿ
ਜਲਿ ਥਲਿ ਰਮਈਆ ਆਹਿਓ ॥ ਰਹਾਉ ॥
ਗੁਣ ਨਿਧਾਨ ਨਾਨਕੁ ਜਸੁ ਗਾਵੈ ਸਤਿਗੁਰਿ
ਭਰਮੁ ਚੁਕਾਇਓ ॥
ਸਰਬ ਨਿਵਾਸੀ ਸਦਾ ਅਲੇਪਾ ਸਭ ਮਹਿ ਰਹਿਆ
ਸਮਾਇਓ ॥ (ਸੋਰਠਿ ਮ: ੫, ਅੰਗ ੬੧੭)

ਜੇ ਸਰਬ ਨਿਵਾਸੀ ਅਤੇ ਸਭ ਵਿੱਚ ਰਮੇ ਹੋਏ ਨੂੰ ਵੇਖਣ ਦੀ ਚਾਹਨਾ ਹੈ, ਉਸਨੂੰ ਪ੍ਰਗਟ ਰੂਪ ਵਿੱਚ ਵੇਖਣਾ ਚਾਹੁੰਦੇ ਹੋ, ਤਾਂ ਉੱਪਰ ਲਿਖੇ ਗੁਰੂ ਹੁਕਮ ਅਨੁਸਾਰ ਯਤਨ ਕਰਨਾ ਪਵੇਗਾ। ਕੀ? 'ਗੁਣ ਨਿਧਾਨ ਨਾਨਕੁ ਜਸੁ ਗਾਵੈ' ਜਸ ਗਾਉਣ ਰੂਪੀ ਸਾਧਨ ਅਪਨਾਉਣਾ ਪਵੇਗਾ। ਡਾਕਟਰ ਸਾਹਿਬ! ਰੱਬ ਨੂੰ ਵੇਖਣ ਵਾਸਤੇ ਭਗਤੀ ਕਰਨੇ ਰੂਪੀ ਚਸ਼ਮੇਂ ਲਾਉਣੇ ਪੈਣਗੇ :

ਕਰਿ ਫਕਰੁ ਦਾਇਮ ਲਾਇ ਚਸਮੇ ਜਹ ਤਹਾ
ਮਉਜੂਦੁ੩ ॥੩॥
(ਬਾਣੀ ਕਬੀਰ ਜੀ, ਅੰਗ ੭੨੭)

(ਚਲਦਾ)

# ਪ੍ਰਦਰਸ਼ਨਾਂ ਦੌਰਾਨ ਈਰਾਨ ਵਿੱਚ 6123 ਲੋਕਾਂ ਨੂੰ ਉਤਾਰਿਆ ਮੌਤ ਦੇ ਘਾਟ: ਰਿਪੋਰਟ

## ਅਮਰੀਕਾ ਸਥਿਤ ਮਨੁੱਖੀ ਅਧਿਕਾਰ ਕਾਰਕੁਨ ਨਿਊਜ਼ ਏਜੰਸੀ ਨੇ ਕੀਤਾ ਦਾਅਵਾ



ਦੁਬਈ: ਅਮਰੀਕਾ ਸਥਿਤ ਮਨੁੱਖੀ ਅਧਿਕਾਰ ਕਾਰਕੁਨ ਨਿਊਜ਼ ਏਜੰਸੀ ਦੇ ਅਨੁਸਾਰ, ਈਰਾਨ ਵੱਲੋਂ ਦੇਸ਼ ਵਿਆਪੀ ਵਿਰੋਧ ਪ੍ਰਦਰਸ਼ਨਾਂ 'ਤੇ ਕੀਤੀ ਗਈ ਕਾਰਵਾਈ ਵਿੱਚ ਘੱਟੋ-ਘੱਟ 6,126 ਲੋਕ ਮਾਰੇ ਗਏ ਹਨ, ਅਤੇ ਕਈ ਹੋਰ ਲੋਕਾਂ ਦੇ ਮਾਰੇ ਜਾਣ ਦਾ ਖਦਸ਼ਾ ਹੈ।

ਇਹ ਸਮੂਹ ਈਰਾਨ ਵਿੱਚ ਆਪਣੇ ਕਾਰਕੁਨਾਂ ਦੇ ਨੈੱਟਵਰਕ ਰਾਹੀਂ ਹਰੇਕ ਮੌਤ ਦੀ ਗਿਣਤੀ ਦੀ ਪੁਸ਼ਟੀ ਕਰਦਾ ਹੈ, ਅਤੇ ਇਸਦੇ ਅੰਕੜੇ ਪਹਿਲਾਂ ਵੀ ਸਹੀ ਸਾਬਤ ਹੋਏ ਹਨ।

ਐਸੋਸੀਏਟਿਡ ਪ੍ਰੈੱਸ (ਏਪੀ) ਇਸਲਾਮੀ ਗਣਰਾਜ ਵਿੱਚ ਇੰਟਰਨੈਟ ਬੰਦ ਹੋਣ ਅਤੇ ਫੋਨ ਕਾਲਾਂ ਵਿੱਚ ਵਿਘਨ ਪੈਣ ਕਾਰਨ ਮੌਤਾਂ ਦੀ ਗਿਣਤੀ ਦਾ ਸੁਤੰਤਰ ਤੌਰ 'ਤੇ ਮੁਲਾਂਕਣ ਨਹੀਂ ਕਰ ਸਕਿਆ।

ਈਰਾਨੀ ਸਰਕਾਰ ਨੇ ਮੌਤਾਂ ਦੀ ਗਿਣਤੀ 3,117 ਤੋਂ ਬਹੁਤ ਘੱਟ ਦੱਸੀ ਹੈ।

ਇਸ ਵਿੱਚ ਕਿਹਾ ਗਿਆ ਹੈ ਕਿ 2,427 ਨਾਗਰਿਕ ਅਤੇ ਸੁਰੱਖਿਆ ਬਲ ਸਨ, ਜਦੋਂ ਕਿ ਇਸ ਨੇ ਬਾਕੀਆਂ ਨੂੰ ਅੱਤਵਾਦੀ ਦੱਸਿਆ ਹੈ। ਈਰਾਨ ਦੀ ਧਰਮਸ਼ਾਸਤਰੀ ਨੇ ਪਹਿਲਾਂ ਅਸ਼ਾਂਤੀ ਦੌਰਾਨ ਹੋਈਆਂ ਮੌਤਾਂ ਨੂੰ ਘੱਟ ਰਿਪੋਰਟ ਕੀਤਾ ਹੈ ਜਾਂ ਛੱਡ ਦਿੱਤਾ ਹੈ।

# ਮਾਰਕ ਕਾਰਨੀ ਵੱਲੋਂ Buy Canadian ਦਾ ਨਾਅਰਾ

## ਦੇਸ਼ ਵਾਸੀਆਂ ਨੂੰ ਸਿਰਫ ਕੈਨੇਡੀਅਨ ਉਤਪਾਦ ਹੀ ਖਰੀਦਣ ਲਈ ਕਿਹਾ; ਟਰੰਪ ਦੀ ਚਿਤਾਵਨੀ ਤੋਂ ਬਾਅਦ ਕੈਨੇਡਾ-ਅਮਰੀਕਾ ਵਿਚ ਵਪਾਰਕ ਜੰਗ ਛਿੜੀ

ਵਿਨੀਪੈੱਗ : ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਕੈਨੇਡੀਅਨ ਵਸਤਾਂ 'ਤੇ 100 ਫ਼ੀਸਦੀ ਟੈਰਿਫ਼ (ਟੈਕਸ) ਲਗਾਉਣ ਦੀ ਧਮਕੀ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਾਲੇ ਵਪਾਰਕ ਜੰਗ ਛਿੜ ਗਈ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਦੇਸ਼ ਵਾਸੀਆਂ ਨੂੰ ਇੱਕ ਭਾਵੁਕ ਅਪੀਲ ਕੀਤੀ ਹੈ। ਉਨ੍ਹਾਂ ਨੇ ਕੈਨੇਡਾ ਨੂੰ ਆਰਥਿਕ ਤੌਰ 'ਤੇ ਸਵੈ-ਨਿਰਭਰ ਬਣਾਉਣ ਲਈ ਸਿਰਫ਼ ਕੈਨੇਡੀਅਨ ਉਤਪਾਦ ਖ਼ਰੀਦਣ ਦਾ ਸੱਦਾ ਦਿੱਤਾ ਹੈ।



ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਜਾਰੀ ਕਰਦਿਆਂ ਕਿਹ, 'ਜਦੋਂ ਸਾਡੀ ਆਰਥਿਕਤਾ ਨੂੰ ਬਾਹਰੋਂ ਖ਼ਤਰਾ ਹੁੰਦਾ ਹੈ ਤਾਂ ਸਾਨੂੰ ਉਨ੍ਹਾਂ ਚੀਜ਼ਾਂ 'ਤੇ ਧਿਆਨ ਦੇਣਾ ਚਾਹੀਦਾ ਹੈ ਜੋ ਸਾਡੇ ਕੰਟਰੋਲ ਵਿੱਚ ਹਨ। ਅਸੀਂ ਦੂਜੇ ਦੇਸ਼ਾਂ ਦੇ ਫ਼ੈਸਲਿਆਂ ਨੂੰ ਨਹੀਂ ਰੋਕ ਸਕਦੇ ਪਰ ਅਸੀਂ ਆਪਣੇ ਸਭ ਤੋਂ ਵਧੀਆ ਗਾਹਕ ਖ਼ੁਦ ਬਣ ਸਕਦੇ ਹਾਂ। ਅਸੀਂ ਕੈਨੇਡਾ ਦਾ ਬਣਿਆ ਸਾਮਾਨ ਖ਼ਰੀਦਾਂਗੇ ਅਤੇ ਕੈਨੇਡਾ ਵਿੱਚ ਹੀ ਬਣਾਵਾਂਗੇ। ਪੀ ਐੱਮ ਕਾਰਨੀ ਦੀ 'ਬਾਏ ਕੈਨੇਡੀਅਨ' ਮੁਹਿੰਮ ਇਸੇ ਆਰਥਿਕ ਖ਼ਤਰੇ ਨਾਲ ਨਜਿੱਠਣ ਦੀ ਇੱਕ ਕੋਸ਼ਿਸ਼ ਮੰਨੀ ਜਾ ਰਹੀ ਹੈ। ਪ੍ਰਧਾਨ ਮੰਤਰੀ ਕਾਰਨੀ ਨੇ ਇਸ ਵੀਡੀਓ ਸੰਦੇਸ਼ ਜਾਰੀ ਕਰਕੇ ਅਮਰੀਕੀ ਦਬਾਅ ਅੱਗੇ ਨਾ ਝੁਕਣ ਦਾ ਸੰਕੇਤ ਦਿੱਤਾ। ਉਨ੍ਹਾਂ ਅਪੀਲ ਕੀਤੀ ਕਿ ਨਾਗਰਿਕ ਸਿਰਫ਼ ਉਹੀ ਚੀਜ਼ਾਂ ਖ਼ਰੀਦਣ ਜੋ ਕੈਨੇਡੀਅਨ ਦੁਆਰਾ ਬਣਾਈਆਂ ਗਈਆਂ ਹਨ। ਇਸ ਨਾਲ ਘਰੇਲੂ ਉਦਯੋਗ ਮਜ਼ਬੂਤ ਹੋਣਗੇ ਅਤੇ ਦੂਜੇ ਦੇਸ਼ਾਂ (ਖ਼ਾਸ ਕਰਕੇ ਅਮਰੀਕਾ) 'ਤੇ ਨਿਰਭਰਤਾ ਘਟੇਗੀ। ਕਾਰਨੀ ਨੇ ਰੱਖਿਆ ਖੇਤਰ ਵਿੱਚ ਵੀ ਸਵੈ-ਨਿਰਭਰ ਹੋਣ ਅਤੇ ਦੇਸ਼ ਦੇ ਅੰਦਰ ਹੀ ਨਿਰਮਾਣ ਕਰਨ 'ਤੇ ਜ਼ੋਰ ਦਿੱਤਾ।

ਇਸ ਵਿਵਾਦ ਦਾ ਮੁੱਖ ਕਾਰਨ ਕੈਨੇਡਾ ਦਾ ਚੀਨ ਨਾਲ ਕੀਤਾ ਗਿਆ ਤਾਜ਼ਾ ਵਪਾਰਕ ਸਮਝੌਤਾ ਹੈ। ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫ਼ਾਰਮ 'ਟਰੂਥ ਸੋਸ਼ਲ' 'ਤੇ ਲਿਖਿਆ ਕਿ ਜੇਕਰ ਕਾਰਨੀ ਕੈਨੇਡਾ ਨੂੰ ਚੀਨ ਲਈ ਚੀਨੀ ਸਮਾਨ ਅਮਰੀਕਾ ਭੇਜਣ ਦਾ ਰਸਤਾ ਬਣਾਉਣ ਬਾਰੇ ਸੋਚ ਰਹੇ ਹਨ, ਤਾਂ ਉਹ ਬਹੁਤ ਵੱਡੀ ਗ਼ਲਤੀ ਕਰ ਰਹੇ ਹਨ। ਉਨ੍ਹਾਂ ਨੇ ਸਖ਼ਤ ਲਹਿਜ਼ੇ ਵਿੱਚ ਕਿਹਾ ਕਿ ਚੀਨ ਕੈਨੇਡਾ ਦੇ ਕਾਰੋਬਾਰਾਂ ਅਤੇ ਸਮਾਜਿਕ ਤਾਣੇ-ਬਾਣੇ ਨੂੰ ਪੂਰੀ ਤਰ੍ਹਾਂ ਨਿਗਲ ਜਾਵੇਗਾ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਕੈਨੇਡਾ ਚੀਨ ਨਾਲ ਕੋਈ ਵੀ ਸੌਦਾ ਕਰਦਾ ਹੈ ਤਾਂ ਅਮਰੀਕਾ ਆਉਣ ਵਾਲੇ ਹਰ ਕੈਨੇਡੀਅਨ ਉਤਪਾਦ 'ਤੇ ਤੁਰੰਤ 100% ਟੈਰਿਫ਼ ਲਗਾਇਆ ਜਾਵੇਗਾ।'

ਅਮਰੀਕਾ ਕੈਨੇਡਾ ਦਾ ਸਭ ਤੋਂ ਵੱਡਾ ਵਪਾਰਕ ਹਿੱਸੇਦਾਰ ਹੈ। ਜੇਕਰ ਟਰੰਪ ਇਹ ਟੈਰਿਫ਼ ਲਗਾਉਂਦੇ ਹਨ, ਤਾਂ ਕੈਨੇਡਾ ਦੀਆਂ ਬਰਾਮਦਾਂ ਬਹੁਤ ਮਹਿੰਗੀਆਂ ਹੋ ਜਾਣਗੀਆਂ, ਜਿਸ ਨਾਲ ਕੈਨੇਡਾ ਦੇ ਉਦਯੋਗਾਂ ਨੂੰ ਭਾਰੀ ਨੁਕਸਾਨ ਹੋ ਸਕਦਾ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਅਤੇ ਅਰਥ ਸ਼ਾਸਤਰੀ ਮਾਰਕ ਕਾਰਨੀ ਨੇ ਵਿਸ਼ਵ ਆਰਥਿਕ ਫੋਰਮ ਦੇ ਮੰਚ ਤੋਂ ਆਪਣੇ ਭਾਸ਼ਣ ਵਿਚ ਅਮਰੀਕਾ, ਰੂਸ ਅਤੇ ਚੀਨ ਵਰਗੀਆਂ ਮਹਾ ਸ਼ਕਤੀਆਂ ਨੂੰ ਸਿੱਧੀ ਚੁਣੌਤੀ ਦਿੱਤੀ। ਜ਼ਿਕਰਯੋਗ ਹੈ ਕਿ ਅਮਰੀਕਾ-ਕੈਨੇਡਾ-ਮੈਕਸਿਕੋ ਵਪਾਰ ਸਮਝੌਤਾ (CUSMA) ਇਸ ਸਾਲ ਵਿਚਾਰ ਅਧੀਨ ਹੈ ਅਤੇ ਟਰੰਪ ਦੀਆਂ ਧਮਕੀਆਂ ਨੇ ਇਸ ਦੇ ਭਵਿੱਖ 'ਤੇ ਸਵਾਲੀਆ ਨਿਸ਼ਾਨ ਲਗਾ ਦਿੱਤਾ ਹੈ। ਕੈਨੇਡਾ ਅਤੇ ਅਮਰੀਕਾ ਦੇ ਇਤਿਹਾਸ ਵਿੱਚ ਇਹ ਸਭ ਤੋਂ ਤਣਾਅਪੂਰਨ ਦੌਰ ਮੰਨਿਆ ਜਾ ਰਿਹਾ ਹੈ। ਪੀ ਐੱਮ ਕਾਰਨੀ ਦੀ 'ਰਾਸ਼ਟਰਵਾਦੀ' ਆਰਥਿਕ ਨੀਤੀ ਟਰੰਪ ਦੇ ਅਮਰੀਕਾ ਫ਼ਸਟ ਦੇ ਜਵਾਬ ਵਿੱਚ ਕੈਨੇਡਾ ਫ਼ਸਟ ਵਾਂਗ ਦੇਖੀ ਜਾ ਰਹੀ ਹੈ।

# ਕੈਨੇਡੀਅਨ ਪ੍ਰਧਾਨ ਮੰਤਰੀ ਕਾਰਨੀ ਮਾਰਚ ਵਿੱਚ ਭਾਰਤ ਦਾ ਦੌਰਾ ਕਰਨਗੇ

## ਤਰੀਕ ਦਾ ਨਹੀਂ ਹੋਇਆ ਐਲਾਨ; ਦੋਵੇਂ ਦੇਸ਼ਾਂ ਦਰਮਿਆਨ ਵਪਾਰਕ ਸਮਝੌਤੇ ਤੋਂ ਇਲਾਵਾ ਹੋਰ ਮਾਮਲਿਆਂ 'ਤੇ ਕੀਤੀ ਜਾਵੇਗੀ ਚਰਚਾ

ਓਟਵਾ : ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਮਾਰਚ ਦੇ ਪਹਿਲੇ ਹਫ਼ਤੇ ਭਾਰਤ ਦਾ ਦੌਰਾ ਕਰਨ ਲਈ ਤਿਆਰ ਹਨ। ਇਸ ਦੌਰਾਨ ਦੋਵੇਂ ਦੇਸ਼ ਆਪਣੀ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਕਈ ਮਾਮਲਿਆਂ 'ਤੇ ਗੱਲਬਾਤ ਕਰਨਗੇ ਤੇ ਸਮਝੌਤੇ ਸਹੀਬੰਦ ਕਰਨਗੇ। ਕੈਨੇਡਾ ਦੇ ਪ੍ਰਧਾਨ ਮੰਤਰੀ ਦੀ ਯਾਤਰਾ ਦੌਰਾਨ ਯੂਰੇਨੀਅਮ, ਊਰਜਾ, ਖਣਿਜ ਅਤੇ ਮਸਨੂਈ ਬੌਧਿਕਤਾ ਦੇ ਮਾਮਲਿਆਂ 'ਤੇ ਸਮਝੌਤਿਆਂ 'ਤੇ ਦਸਤਖਤ ਹੋਣਗੇ।



ਕੈਨੇਡਾ ਵਿੱਚ ਭਾਰਤ ਦੇ ਹਾਈ ਕਮਿਸ਼ਨਰ ਦਿਨੇਸ਼ ਪਟਨਾਇਕ ਨੇ ਇੱਕ ਇੰਟਰਵਿਊ ਵਿੱਚ ਕਿਹਾ ਕਿ ਕੈਨੇਡਾ ਦੇ ਊਰਜਾ ਮੰਤਰੀ ਟਿਮ ਹਾਜਸਨ ਇਸ ਹਫ਼ਤੇ ਭਾਰਤ ਦਾ ਦੌਰਾ ਕਰ ਰਹੇ ਹਨ, ਜਿਨ੍ਹਾਂ ਨੇ ਪੁਸ਼ਟੀ ਕੀਤੀ ਹੈ ਕਿ ਪ੍ਰਧਾਨ ਮੰਤਰੀ ਕਾਰਨੀ ਭਾਰਤ ਦਾ ਦੌਰਾ ਕਰਨਗੇ ਪਰ ਇਸ ਸਬੰਧੀ ਹਾਲੇ ਤਕ ਅਧਿਕਾਰਤ ਤੌਰ 'ਤੇ ਤਰੀਕ ਨਹੀਂ ਐਲਾਨੀ ਗਈ।

ਹਾਜਸਨ ਨੇ ਕਿਹਾ, 'ਇਸ ਸਾਲ ਕਿਸੇ ਸਮੇਂ ਪ੍ਰਧਾਨ ਮੰਤਰੀ ਮਾਰਕ ਕਾਰਨ ਦੇ ਦੌਰੇ ਦੀ ਯੋਜਨਾ ਹੈ। ਇਸ ਸਬੰਧੀ ਅਸੀਂ ਪਹਿਲਾਂ ਭਾਰਤ ਦਾ ਦੌਰਾ ਕਰ ਕੇ ਖਾਕਾ ਤਿਆਰ ਕਰੇਗਾ ਤੇ ਸਾਡੇ ਕੰਮ ਦੀ ਚਾਲ ਤੋਂ ਬਾਅਦ ਹੀ ਪ੍ਰਧਾਨ ਮੰਤਰੀ ਦੇ ਦੌਰੇ ਦੀ ਤਰੀਕ ਐਲਾਨੀ ਜਾਵੇਗੀ। ਗਲੋਬ ਐਂਡ ਮੇਲ ਨੇ ਰਾਇਟਰਜ਼ ਦੇ ਹਵਾਲੇ ਨਾਲ ਕਿਹਾ ਹੈ ਕਿ ਭਾਰਤ ਨਾਲ ਇੱਕ ਵਿਆਪਕ ਆਰਥਿਕ ਭਾਈਵਾਲੀ ਸਮਝੌਤੇ ਲਈ ਰਸਮੀ ਗੱਲਬਾਤ ਵੀ ਮਾਰਚ ਵਿੱਚ ਸ਼ੁਰੂ ਹੋਵੇਗੀ।

ਕੈਨੇਡਾ ਦੀ ਵਿਦੇਸ਼ ਮੰਤਰੀ ਅਨੀਤਾ ਆਨੰਦ ਨੇ ਪਹਿਲਾਂ ਕਿਹਾ ਸੀ ਕਿ ਦੋ ਸਾਲਾਂ ਦੇ ਤਣਾਅਪੂਰਨ ਸਬੰਧਾਂ ਮਗਰੋਂ ਕੈਨੇਡਾ ਤੇ ਭਾਰਤ ਵਪਾਰ ਸਮਝੌਤੇ ਨੂੰ ਅੱਗੇ ਵਧਾਉਣ ਲਈ ਤੇਜ਼ੀ ਨਾਲ ਕੰਮ ਕਰਨਗੇ। ਇਸ ਤੋਂ ਪਹਿਲਾਂ ਦੱਖਣੀ ਅਫਰੀਕਾ ਵਿਚ ਜੀ20 ਸਿਖਰ ਵਾਰਤਾ ਵਿਚ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਤੇ ਉਨ੍ਹਾਂ ਦੇ ਭਾਰਤੀ ਹਮਰੁਤਬਾ ਨਰਿੰਦਰ ਮੋਦੀ ਦਰਮਿਆਨ ਮੀਟਿੰਗ ਹੋਈ ਸੀ।

ਬੈਠਕ ਵਿਚ ਦੋਵਾਂ ਆਗੂਆਂ ਨੇ ਇਕ ਨਵੇਂ ਵਪਾਰ ਸਮਝੌਤੇ ਲਈ ਗੱਲਬਾਤ ਮੁੜ ਸ਼ੁਰੂ ਕਰਨ ਬਾਰੇ ਸਹਿਮਤੀ ਦਿੱਤੀ ਸੀ। ਆਨੰਦ ਨੇ ਕਿਹਾ ਕਿ ਦੋਵੇਂ ਆਗੂ ਇਸ ਗੱਲ 'ਤੇ ਦ੍ਰਿੜ ਸਨ ਕਿ ਇਹ ਕੰਮ ਜਲਦੀ ਤੋਂ ਜਲਦੀ ਪੂਰਾ ਹੋਵੇ। ਆਨੰਦ ਨੇ ਅਗਲੇ ਦਹਾਕੇ ਵਿਚ ਗੈਰ ਅਮਰੀਕੀ ਵਪਾਰ ਨੂੰ ਦੁੱਗਣਾ ਕਰਨ ਦੇ ਕਾਰਨੀ ਦੇ ਟੀਚੇ ਦਾ ਜ਼ਿਕਰ ਕੀਤਾ। ਕੈਨੇਡਾ ਵਿਸ਼ਵ ਦੇ ਉਨ੍ਹਾਂ ਕੁਝ ਦੇਸ਼ਾਂ ਵਿਚੋਂ ਇਕ ਹੈ, ਜਿਨ੍ਹਾਂ ਦਾ ਅਰਥਚਾਰਾ ਵਪਾਰ 'ਤੇ ਨਿਰਭਰ ਹੈ ਤੇ ਕੈਨੇਡਾ ਦਾ 75 ਫੀਸਦ ਤੋਂ ਵਧ ਬਰਾਮਦ ਅਮਰੀਕਾ ਨੂੰ ਜਾਂਦੀ ਹੈ।

# ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ-ਡੈਲਟਾ ਵਿਖੇ ਕਵੀ ਦਰਬਾਰ ਆਯੋਜਿਤ




ਕਵੀ ਦਰਬਾਰ ਦੌਰਾਨ ਸ਼ਾਮਿਲ ਕਵੀ ਸਾਹਿਬਾਨ ਰਚਨਾਵਾਂ ਦੀ ਸਾਂਝ ਪਾਉਂਦੇ ਹੋਏ ਅਤੇ ਸਨਮਾਨ ਦੇ ਦ੍ਰਿਸ਼।

ਸਰੀ (ਹਰਦਮ ਸਿੰਘ ਮਾਨ) ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਪੁਰਬ ਨੂੰ ਸਮਰਪਿਤ ਕਵੀ ਦਰਬਾਰ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਵਿਖੇ ਆਯੋਜਿਤ ਕੀਤਾ ਗਿਆ, ਜੋ ਕਿ ਕਵੀ ਸਾਹਿਬਾਨਾਂ ਦੇ ਭਰਪੂਰ ਹੁੰਗਾਰੇ ਨਾਲ ਬੜੀ ਸ਼ਰਧਾ, ਉਤਸ਼ਾਹ ਅਤੇ ਗੁਰਮਤਿ ਮਾਹੌਲ ਵਿਚ ਸੰਪੂਰਨ ਹੋਇਆ। ਇਸ ਸਮਾਗਮ ਦੌਰਾਨ ਵੱਖ-ਵੱਖ ਖੇਤਰਾਂ ਤੋਂ ਪਹੁੰਚੇ ਪ੍ਰਸਿੱਧ ਕਵੀਆਂ ਨੇ ਗੁਰਮਤਿ, ਸਿੱਖ ਇਤਿਹਾਸ ਅਤੇ ਪੰਥਕ ਚੇਤਨਾ ਨੂੰ ਆਧਾਰ ਬਣਾ ਕੇ ਉੱਚ ਕੋਟੀ ਦੀਆਂ ਕਾਵਿ ਰਚਨਾਵਾਂ ਪੇਸ਼ ਕੀਤੀਆਂ। ਸੰਗਤਾਂ ਵੱਲੋਂ ਇਨ੍ਹਾਂ ਰਚਨਾਵਾਂ ਨੂੰ ਭਰਪੂਰ ਸਨਮਾਨ ਅਤੇ ਸਰਾਹਨਾ ਪ੍ਰਾਪਤ ਹੋਈ।

ਚਾਰ ਸਾਲ ਦੀ ਉਮਰ ਦੀ ਬੱਚੀ ਤੋਂ ਲੈ ਕੇ 90 ਸਾਲ ਦੇ ਬਜ਼ੁਰਗਾਂ ਤੱਕ ਦੀ ਸ਼ਮੂਲੀਅਤ ਵਾਲੇ ਇਸ ਪ੍ਰਭਾਵਸ਼ਾਲੀ ਕਵੀ ਦਰਬਾਰ ਸਮਾਗਮ ਦੌਰਾਨ ਡਾ. ਗੁਰਵਿੰਦਰ ਸਿੰਘ ਵੱਲੋਂ ਸੰਚਾਲਨ ਦੀ ਸੇਵਾ ਨਿਭਾਈ ਗਈ। ਉਨ੍ਹਾਂ ਨੇ ਬਹੁਤ ਹੀ ਸੁਚੱਜੇ, ਸਲੀਕੇਦਾਰ ਅਤੇ ਜ਼ਿੰਮੇਵਾਰ ਢੰਗ ਨਾਲ ਸਮਾਗਮ ਦੀ ਸ਼ੋਭਾ ਨੂੰ ਨਿਖਾਰਿਆ। ਕਰੀਬ ਢਾਈ ਘੰਟੇ ਤੱਕ ਚੱਲੇ ਇਸ ਕਵੀ ਦਰਬਾਰ ਦੌਰਾਨ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਡਾ. ਗੁਰਵਿੰਦਰ ਸਿੰਘ ਸਮੇਤ, ਮਾਸਟਰ ਅਮਰੀਕ ਸਿੰਘ ਲੇਹਲ, ਅਵਤਾਰ ਸਿੰਘ ਬਰਾੜ, ਬੰਤਾ ਸਿੰਘ ਸਭਰਵਾਲ, ਬਾਵਾ ਸਿੰਘ ਹੂੰਜਣ ਪਰਮਜੀਤ ਸਿੰਘ ਨਿੱਜਰ, ਹਰਚੰਦ ਸਿੰਘ ਗਿੱਲ ਅਚਰਵਾਲ, ਪ੍ਰਬਲੀਨ ਕੌਰ ਕੈਂਥ, ਹਰਿਜਸ ਕੌਰ, ਸਿਮਰਨ ਕੌਰ, ਗੁਰਲੀਨ ਕੌਰ, ਗੁਰਮੀਤ ਸਿੰਘ ਤੂਰ, ਸੁਖਵਿੰਦਰ ਸਿੰਘ, ਹਰਜਿੰਦਰ ਕੌਰ ਅਤੇ ਕੁਲਵੰਤ ਸਿੰਘ ਸਰੋਤਾ ਪੰਜਾਬੀ ਸਾਹਿਤ ਸਭਾ ਮੁਕਤਸਰ ਸਮੇਤ ਸਾਰੇ ਭਾਗੀਦਾਰ ਕਵੀਆਂ ਨੂੰ ਪ੍ਰਸ਼ੰਸਾ ਪੱਤਰ ਭੇਟ ਕਰਕੇ ਸਨਮਾਨਿਤ ਕੀਤਾ ਗਿਆ ਅਤੇ ਸਮਾਗਮ ਦੀ ਸਫਲਤਾ ਲਈ ਸਹਿਯੋਗੀ ਸੇਵਾਦਾਰਾਂ ਦਾ ਦਿਲੋਂ ਧੰਨਵਾਦ ਕੀਤਾ ਗਿਆ। ਪੰਜਾਬੀ ਸਾਹਿਤ ਸਭਾ ਮੁਕਤਸਰ ਤੋਂ ਲੇਖਕ ਅਤੇ ਪੱਤਰਕਾਰ ਕੁਲਵੰਤ ਸਿੰਘ ਸਰੋਤਾ ਇਸ ਮੌਕੇ ਤੇ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਸਿੱਖ ਲਿਖਾਰੀ ਭਾਈ ਬੰਤਾ ਸਿੰਘ ਸਭਰਵਾਲ ਨੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਨੂੰ ਇੱਕ ਯਾਦਗਾਰੀ ਸੁਗਾਤ ਭੇਟ ਕਰਦਿਆਂ 50 ਸਾਲਾ ਪੁਰਾਣੇ ਇਤਿਹਾਸ ਦੀ ਸਾਂਝ ਪਾਈ।

## ਕੈਨੇਡਾ ਦੀ ਕਾਰਨੀ ਸਰਕਾਰ ਖ਼ਿਲਾਫ਼ ਲੋਕਾਂ ਦਾ ਫੁੱਟਿਆ ਗੁੱਸਾ !

# 31 ਜਨਵਰੀ ਨੂੰ ਦੇਸ਼ ਪੱਧਰੀ ਪ੍ਰਦਰਸ਼ਨਾਂ ਦਾ ਐਲਾਨ

ਕੈਨੇਡਾ ਵਿੱਚ 31 ਜਨਵਰੀ ਨੂੰ ਇੱਕ ਵੱਡਾ ਰਾਜਨੀਤਿਕ ਅਤੇ ਸਮਾਜਿਕ ਹੰਗਾਮਾ ਦੇਖਣ ਨੂੰ ਮਿਲ ਸਕਦਾ ਹੈ। ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਲੋਕਾਂ ਨੇ ਇੱਕਜੁੱਟ ਹੋ ਕੇ 'ਦੇਸ਼-ਵਿਆਪੀ ਪ੍ਰਦਰਸ਼ਨ' ਦਾ ਸੱਦਾ ਦਿੱਤਾ ਹੈ। ਇਸ ਤਹਿਤ ਕੈਨੇਡਾ ਦੇ ਪੂਰਬੀ ਤੱਟ ਤੋਂ ਲੈ ਕੇ ਪੱਛਮੀ ਤੱਟ ਤੱਕ ਦੇ ਮੁੱਖ ਸ਼ਹਿਰਾਂ ਵਿੱਚ ਹਜ਼ਾਰਾਂ ਲੋਕ ਸੜਕਾਂ 'ਤੇ ਉਤਰ ਕੇ ਸਰਕਾਰ ਵਿਰੁੱਧ ਆਪਣਾ ਰੋਸ ਪ੍ਰਗਟ ਕਰਨਗੇ।



ਇਨ੍ਹਾਂ ਪ੍ਰਦਰਸ਼ਨਾਂ ਦਾ ਮੁੱਖ ਉਦੇਸ਼ ਮੌਜੂਦਾ ਸਿਆਸੀ ਅਗਵਾਈ ਤੋਂ ਜਵਾਬਦੇਹੀ ਦੀ ਮੰਗ ਕਰਨਾ ਹੈ। ਪ੍ਰਦਰਸ਼ਨਕਾਰੀਆਂ ਦਾ ਕਹਿਣਾ ਹੈ ਕਿ ਦੇਸ਼ ਨੂੰ ਇਸ ਸਮੇਂ 'ਅਸਲ ਅਗਵਾਈ' ਦੀ ਲੋੜ ਹੈ। ਸੋਸ਼ਲ ਮੀਡੀਆ ਅਤੇ ਵੱਖ-ਵੱਖ ਜਥੇਬੰਦੀਆਂ ਰਾਹੀਂ ਲੋਕਾਂ ਨੂੰ ਜਨਤਕ ਥਾਵਾਂ 'ਤੇ ਇਕੱਠੇ ਹੋਣ ਦੀ ਅਪੀਲ ਕੀਤੀ ਜਾ ਰਹੀ ਹੈ ਤਾਂ ਜੋ ਸਾਂਝੀ ਆਵਾਜ਼ ਬੁਲੰਦ ਕੀਤੀ ਜਾ ਸਕੇ।

ਜਾਣਕਾਰੀ ਅਨੁਸਾਰ ਟੋਰਾਂਟੋ, ਵੈਨਕੂਵਰ, ਕੈਲਗਰੀ, ਐਡਮੰਟਨ ਅਤੇ ਰਾਜਧਾਨੀ ਓਟਾਵਾ ਵਰਗੇ ਵੱਡੇ ਸ਼ਹਿਰਾਂ ਵਿੱਚ ਪ੍ਰਦਰਸ਼ਨਾਂ ਦੀ ਰੂਪ-ਰੇਖਾ ਤਿਆਰ ਕਰ ਲਈ ਗਈ ਹੈ। ਪ੍ਰਦਰਸ਼ਨਕਾਰੀ ਵੱਖ-ਵੱਖ ਮੁੱਦਿਆਂ 'ਤੇ ਕਾਰਨੀ ਸਰਕਾਰ ਦੀਆਂ ਨੀਤੀਆਂ ਦੀ ਆਲੋਚਨਾ ਕਰ ਰਹੇ ਹਨ ਅਤੇ ਪਾਰਦਰਸ਼ੀ ਪ੍ਰਸ਼ਾਸਨ ਦੀ ਮੰਗ ਕਰ ਰਹੇ ਹਨ।

**ਪੁਲਸ ਅਤੇ ਪ੍ਰਸ਼ਾਸਨ ਚੌਕਸ**

31 ਜਨਵਰੀ ਨੂੰ ਹੋਣ ਵਾਲੇ ਇਸ ਵਿਸ਼ਾਲ ਇਕੱਠ ਨੂੰ ਦੇਖਦੇ ਹੋਏ ਵੱਖ-ਵੱਖ ਸ਼ਹਿਰਾਂ ਦੀ ਪੁਲਸ ਨੇ ਸੁਰੱਖਿਆ ਦੇ ਸਖ਼ਤ ਪ੍ਰਬੰਧ ਕਰਨੇ ਸ਼ੁਰੂ ਕਰ ਦਿੱਤੇ ਹਨ। ਪ੍ਰਸ਼ਾਸਨ ਵੱਲੋਂ ਅਪੀਲ ਕੀਤੀ ਗਈ ਹੈ ਕਿ ਪ੍ਰਦਰਸ਼ਨ ਸ਼ਾਂਤਮਈ ਰੱਖਿਆ ਜਾਵੇ ਤਾਂ ਜੋ ਆਮ ਜਨ-ਜੀਵਨ ਵਿੱਚ ਵਿਘਨ ਨਾ ਪਵੇ।

**ਕੀ ਹਨ ਮੁੱਖ ਮੰਗਾਂ ?**

ਲਾਂਕਿ ਇਸ ਪ੍ਰਦਰਸ਼ਨ ਦੇ ਪਿੱਛੇ ਕਈ ਸਥਾਨਕ ਅਤੇ ਰਾਸ਼ਟਰੀ ਮੁੱਦੇ ਜੁੜੇ ਹੋਏ ਹਨ, ਪਰ ਮੁੱਖ ਤੌਰ 'ਤੇ ਲੋਕ ਸਰਕਾਰੀ ਫੈਸਲਿਆਂ ਵਿੱਚ ਪਾਰਦਰਸ਼ਤਾ, ਆਰਥਿਕ ਨੀਤੀਆਂ ਅਤੇ ਰਹਿਣ-ਸਹਿਣ ਦੀ ਵਧਦੀ ਲਾਗਤ, ਲੀਡਰਸ਼ਿਪ ਵਿੱਚ ਬਦਲਾਅ ਅਤੇ ਜ਼ਿੰਮੇਵਾਰੀ ਦੀ ਭਾਵਨਾ ਦੀ ਮੰਗ ਕਰ ਰਹੇ ਹਨ। ਇਹ ਪ੍ਰਦਰਸ਼ਨ ਕੈਨੇਡਾ ਦੀ ਮੌਜੂਦਾ ਰਾਜਨੀਤਿਕ ਸਥਿਤੀ ਵਿੱਚ ਇੱਕ ਮਹੱਤਵਪੂਰਨ ਮੋੜ ਸਾਬਤ ਹੋ ਸਕਦਾ ਹੈ, ਕਿਉਂਕਿ ਦੇਸ਼ ਭਰ ਵਿੱਚ ਇੱਕੋ ਦਿਨ ਇੰਨੇ ਵੱਡੇ ਪੱਧਰ 'ਤੇ ਇਕੱਠ ਹੋਣਾ ਇੱਕ ਵੱਡੀ ਚੁਣੌਤੀ ਵਜੋਂ ਦੇਖਿਆ ਜਾ ਰਿਹਾ ਹੈ।

# ਟੋਰਾਂਟੋ 'ਚ ਬਰਫ਼ਬਾਰੀ ਨੇ ਰਿਕਾਰਡ ਤੋੜੇ; ਸਕੂਲ ਬੰਦ; ਉਡਾਣਾਂ ਵਿਚ ਵਿਘਨ

## ਪੀਅਰਸਨ ਹਵਾਈ ਅੱਡਾ ਖੇਤਰ 'ਤੇ 46 ਸੈਂਟੀਮੀਟਰ ਤੋਂ ਵੱਧ ਬਰਫ ਪਈ

ਵੈਨਕੂਵਰ : ਟੋਰਾਂਟੋ ਅਤੇ ਨੇੜਲੇ ਸ਼ਹਿਰਾਂ ਵਿੱਚ ਬਰਫਬਾਰੀ ਨੇ ਰਿਕਾਰਡ ਤੋੜ ਦਿੱਤੇ। ਇੱਥੇ ਪਹਿਲਾਂ ਵਾਲੀ ਬਰਫਬਾਰੀ ਕਾਰਨ ਜਨ-ਜੀਵਨ ਪ੍ਰਭਾਵਿਤ ਹੋ ਰਿਹਾ ਸੀ ਪਰ ਐਤਵਾਰ ਸਵੇਰ ਤੋਂ ਰਾਤ ਤੱਕ ਹੋਈ 40 ਸੈਂਟੀਮੀਟਰ ਬਰਫਬਾਰੀ ਨੇ ਲੋਕਾਂ ਦਾ ਬੁਰਾ ਹਾਲ ਕਰ ਦਿੱਤਾ ਹੈ। ਬੇਸ਼ੱਕ ਹਾਲੇ ਡੇਢ ਦੋ ਮਹੀਨੇ ਬਰਫਬਾਰੀ ਦਾ ਖਦਸ਼ਾ ਬਣਿਆ ਹੋਇਆ ਹੈ ਪਰ ਸੜਕਾਂ ਤੋਂ ਬਰਫ ਹਟਾਉਣ ਲਈ ਮਿਉਂਸਪੈਲਿਟੀਆਂ ਦੇ ਨਮਕ ਦੇ ਜ਼ਖੀਰੇ ਖਾਲੀ ਹੋਣ ਕਿਨਾਰੇ ਹਨ ਤੇ ਕਈ ਸ਼ਹਿਰਾਂ ਦੇ ਸਟੋਰਾਂ ਵਿੱਚ ਸਿਰਫ ਝਾੜ ਪੂੰਝ ਹੀ ਬਚਿਆ ਰਹਿ ਗਿਆ ਹੈ।



ਤਾਜ਼ਾ ਬਰਫਬਾਰੀ ਕਾਰਨ ਟੋਰਾਂਟੋ, ਬਰੈਂਪਟਨ, ਮਿਸੀਸਾਗਾ, ਕੈਲੇਡਨ, ਮਿਲਟਨ ਅਤੇ ਸਕਾਰਬਰੋ ਆਦਿ ਸ਼ਹਿਰਾਂ ਦੇ ਸਾਰੇ ਸਕੂਲ ਅਣਮਿੱਥੇ ਸਮੇਂ ਲਈ ਬੰਦ ਕਰ ਦਿੱਤੇ ਗਏ ਹਨ। ਇਨ੍ਹਾਂ ਦਿਨਾਂ ਵਿੱਚ ਹੋਣ ਵਾਲੇ ਖੇਡ ਮੁਕਾਬਲੇ ਅਤੇ ਹੋਰ ਅਹਿਮ ਸਮਾਗਮ ਅੱਗੇ ਪਾ ਦਿੱਤੇ ਗਏ ਹਨ। ਅੱਜ ਦੀ ਬਰਫਬਾਰੀ ਨੇ ਟੋਰਾਂਟੋ ਹਵਾਈ ਅੱਡੇ ਦੀਆਂ ਉਡਾਣਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕੀਤਾ ਹੈ। ਉਡਾਣ ਭਰਨ ਵਾਲੀਆਂ ਕਈ ਉਡਾਣਾਂ ਨੂੰ ਦੇਰੀ ਨਾਲ ਤੋਰਿਆ ਗਿਆ ਤੇ ਉਤਾਰੇ ਜਾਣ ਵਾਲੀਆਂ ਕਈ ਉਡਾਣਾਂ ਨੂੰ ਹੋਰ ਅੱਡਿਆਂ ਵੱਲ ਮੋੜਿਆ ਗਿਆ। ਟੋਰਾਂਟੋ ਦੇ ਪੀਅਰਸਨ ਹਵਾਈ ਅੱਡਾ ਖੇਤਰ 'ਚ 46 ਸੈਂਟੀਮੀਟਰ ਤੋਂ ਵੱਧ ਬਰਫ ਪਈ ਜਿਸ ਕਾਰਨ ਸੋਮਵਾਰ ਸਵੇਰ 26 ਉਡਾਣਾਂ ਨੂੰ ਉਡਾਣ ਭਰਨ ਤੋਂ ਰੋਕ ਦਿੱਤਾ ਗਿਆ। ਹਵਾਈ ਅੱਡੇ ਦੇ ਮੈਨੇਜਰ ਐਂਡਰੇ ਨੈਡਿਊ ਅਨੁਸਾਰ ਉਡਾਣ ਸੰਚਾਲਨ ਜੋਖ਼ਮ ਪ੍ਰਤੀ ਚੌਕਸ ਹੋ ਕੇ ਕੀਤਾ ਜਾ ਰਿਹਾ ਹੈ। ਉੱਧਰ ਟੋਰਾਂਟੋ ਦੇ ਘਰੇਲੂ ਹਵਾਈ ਅੱਡੇ ਬਿੱਲੀ ਬਿਸ਼ਪ ਖੇਤਰ 'ਚ ਬਰਫ ਦੀ ਤਹਿ 58 ਸੈਂਟੀਮੀਟਰ ਜੰਮ ਗਈ ਤੇ ਉਥੋਂ ਦੀਆਂ ਬਹੁਤੀਆਂ ਉਡਾਣਾਂ ਰੱਦ ਕੀਤੀਆਂ ਗਈਆਂ।

ਬਰਫ਼ ਦੀਆਂ ਤਹਿਆਂ ਕਾਰਨ ਅੱਧੇ ਤੋਂ ਵੱਧ ਬੱਸ ਸੇਵਾਵਾਂ ਰੱਦ ਰਹੀਆਂ। ਕਈ ਖੇਤਰਾਂ ਵਿਚ ਬਰਫਾਨੀ ਤੂਫਾਨ ਕਾਰਨ ਰੁੱਖਾਂ ਦੇ ਟਹਿਣੇ ਬਿਜਲੀ ਲਾਈਨਾਂ 'ਤੇ ਡਿੱਗਣ ਕਰਕੇ ਬਿਜਲੀ ਬੰਦ ਹੋ ਗਈ, ਜਿਸ ਨੂੰ ਠੀਕ ਕਰਨ ਲਈ ਵਿਭਾਗ ਵਲੋਂ ਹੰਗਾਮੀ ਸਥਿਤੀ ਐਲਾਨ ਕੇ ਕੰਮ ਕਰਾਇਆ ਜਾ ਰਿਹਾ ਹੈ। ਮੌਸਮ ਵਿਭਾਗ ਦੀਆਂ ਕੁਝ ਪੇਸ਼ੀਨਗੋਈਆਂ ਗਲਤ ਸਾਬਤ ਹੋ ਰਹੀਆਂ ਹਨ। ਵਿਭਾਗ ਨੇ ਠੰਡ ਦੇ ਹੋਰ ਜ਼ੋਰ ਫੜਨ ਦੀ ਚਿਤਾਵਨੀ ਜਾਰੀ ਕੀਤੀ ਹੈ। ਟੋਰਾਂਟੋ ਦੀ ਬਰਫਬਾਰੀ ਕਾਰਨ 30 ਸਾਲਾਂ ਦਾ ਰਿਕਾਰਡ ਟੁੱਟ ਗਿਆ ਹੈ। ਇਸ ਤੋਂ ਪਹਿਲਾਂ 1996 ਵਿਚ ਇੰਨੀ ਜ਼ਿਆਦਾ ਬਰਫਬਾਰੀ ਹੋਈ ਸੀ।

ਉੱਧਰ ਵੈਨਕੂਵਰ ਖੇਤਰ ਵਿੱਚ ਅਗਲੇ ਤਿੰਨ ਦਿਨਾਂ 'ਚ ਭਾਰੀ ਬਾਰਸ਼ ਦੀ ਚਿਤਾਵਨੀ ਜਾਰੀ ਕੀਤੀ ਗਈ ਹੈ। ਕੈਲਗਰੀ ਵਿੱਚ ਹੁਣ ਤੱਕ ਪੈ ਰਹੀ ਠੰਢ ਦੇ ਪ੍ਰਕੋਪ ਨੂੰ ਬਰੇਕ ਲੱਗਣ ਦੀ ਪੇਸ਼ੀਨਗੋਈ ਕੀਤੀ ਗਈ ਹੈ ਪਰ ਐਡਮੰਟਨ ਦਾ ਤਾਪਮਾਨ ਟਿਕਿਆ ਰਹਿ ਸਕਦਾ ਹੈ। ਬਰਫਬਾਰੀ ਨੇ ਢੋਆ ਢੁਆਈ ਦਾ ਕੰਮ ਬਹੁਤ ਘਟਾ ਦਿੱਤਾ ਹੈ, ਜਿਸ ਕਾਰਨ ਕਈ ਸਟੋਰਾਂ ਵਿੱਚ ਜ਼ਖੀਰੇ ਖਾਲੀ ਹੋਣ ਲੱਗੇ ਹਨ। ਸੜਕਾਂ ਦੀ ਹਾਲਤ ਸੁਰੱਖਿਅਤ ਨਾ ਹੋਣ ਕਾਰਣ ਟਰੱਕ ਕੰਪਨੀਆਂ ਲੰਮੇ ਰੂਟਾਂ ਦੇ ਜੋਖ਼ਮ ਲੈਣ ਤੋਂ ਕਰਤਾਉਣ ਲੱਗੀਆਂ ਹਨ।

CALL US: 209-637-0210 | 612-578-8078
925-495-0207

SAN RAMON
Lathrop & Main Street Manteca
URGENT CARE & CLINIC

# CITIZENSHIP ELIGIBILITY AND GREEN CARD APPLICATION

DR. RAJESH MAHESHWARI, MD

VISIT US NOW!

SAN RAMON
San Ramon
URGENT CARE & CLINIC

LATHROP
Lathrop
URGENT CARE

MAIN STREET
Main Street
URGENT CARE

9140 Alcosta Boulevard Ste D
San Ramon, CA 94583
(925) 361-5959

15810 Harlan Road #A
Lathrop, CA 95330
(209) 983-9000

1040 North Main Street
Manteca, CA 95336
(209) 825-5155

https://www.sanramonurgentcare.com/

Email us at info@sanramonucc.com



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਏ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

(ਪਿਛਲੇ ਅੰਕ ਦੀ ਬਾਕੀ)

ਗੁਰਦੁਆਰਾ ਗਜ਼ਟ ਅੰਮ੍ਰਿਤਸਰ (45) ਅਪ੍ਰੈਲ 1937

**ਸ਼ੇਖੂਪੁਰਾ** : ਭਾਈ ਪ੍ਰੀਤਮ ਸਿੰਘ ਜੀ ਪ੍ਰਚਾਰਕ ਖ਼ਬਰ ਦਿੰਦੇ ਹਨ ਕਿ 26 ਫਰਵਰੀ ਨੂੰ ਚੱਕ ਨੰ. 12 ਵਿਚ ਅੰਮ੍ਰਿਤ ਪ੍ਰਚਾਰ ਕੀਤਾ ਗਿਆ। 33 ਪ੍ਰਾਣੀ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਹੋਏ। 28 ਫਰਵਰੀ ਨੂੰ ਚੱਕ ਨੰ. 237 ਵਿਚ ਅੰਮ੍ਰਿਤ ਪ੍ਰਚਾਰ ਤੇ 19 ਪ੍ਰਾਣੀਆਂ ਅੰਮ੍ਰਿਤ ਛਕਿਆ। 4 ਮਾਰਚ ਨੂੰ 123 ਚੱਕ ਵਾਲੇ ਅਖੌਤੀ ਅਛੂਤਾਂ ਨੂੰ ਸਿੰਘ ਸਭਾ ਜੜ੍ਹਾਂਵਾਲਾ ਵਿਖੇ ਲਿਆ ਕੇ ਅੰਮ੍ਰਿਤਪਾਨ ਕਰਵਾਇਆ ਗਿਆ। 11 ਪ੍ਰਾਣੀਆਂ ਅੰਮ੍ਰਿਤਪਾਨ ਕੀਤਾ।

**ਪਟਨਾ ਸਾਹਿਬ** : ਗਿਆਨੀ ਗੁਰਬਚਨ ਸਿੰਘ ਜੀ ਪ੍ਰਚਾਰਕ ਖ਼ਬਰ ਦਿੰਦੇ ਹਨ ਕਿ 13 ਮਾਰਚ ਨੂੰ ਸੰਗਰਾਂਦ ਦੇ ਦੀਵਾਨ ਤੇ ਅੰਮ੍ਰਿਤ ਪ੍ਰਚਾਰ ਹੋਇਆ। 65 ਪ੍ਰਾਣੀਆਂ ਅੰਮ੍ਰਿਤਪਾਨ ਕੀਤਾ।

ਬਹਾਵਲ ਨਗਰ : ਭਾਈ ਰਣਧੀਰ ਸਿੰਘ ਜੀ ਪ੍ਰਚਾਰਕ ਖ਼ਬਰ ਦਿੰਦੇ ਹਨ ਕਿ 15 ਮਾਰਚ ਨੂੰ ਸਿੰਘ ਸਭਾ ਮੈਲਸੀ ਦੀ ਛਤਰ ਛਾਇਆ ਹੇਠ ਅੰਮ੍ਰਿਤ ਪ੍ਰਚਾਰ ਹੋਇਆ। 40 ਪ੍ਰਾਣੀਆਂ ਅੰਮ੍ਰਿਤਪਾਨ ਕੀਤਾ।

**ਜਲੰਧਰ** : ਭਾਈ ਗਿਆਨ ਸਿੰਘ ਜੀ ਪ੍ਰਚਾਰਕ ਬਿਲਗਾ ਖ਼ਬਰ ਦਿੰਦੇ ਹਨ ਕਿ 15 ਮਾਰਚ ਨੂੰ ਰੁੜਕਾ ਕਲਾਂ ਵਿਚ ਰਵਿਦਾਸੀਆਂ ਵਲੋਂ ਰੱਖੇ ਦੀਵਾਨ ਤੇ ਅੰਮ੍ਰਿਤ ਪ੍ਰਚਾਰ ਕੀਤਾ ਗਿਆ। 50 ਪ੍ਰਾਣੀਆਂ ਅੰਮ੍ਰਿਤ ਪਾਨ ਕੀਤਾ।

**ਸ਼ੇਖੂਪੁਰਾ** : ਭਾਈ ਪ੍ਰੀਤਮ ਸਿੰਘ ਜੀ ਪ੍ਰਚਾਰਕ ਦੀ ਰਿਪੋਰਟ ਤੋਂ ਪਤਾ ਲੱਗਦਾ ਹੈ ਕਿ 15-3-37 ਨੂੰ ਪੱਥਰਾਂ ਵਾਲੀ ਵਿਚ ਅੰਮ੍ਰਿਤ ਪ੍ਰਚਾਰ ਹੋਇਆ, ਜਿਸ ਤੇ 4 ਪ੍ਰਾਣੀਆਂ ਅੰਮ੍ਰਿਤ ਪਾਨ ਕੀਤਾ। ਕਕਾਰਾਂ ਦੀ ਸੇਵਾ ਸਰਦਾਰ ਪਿਆਰਾ ਸਿੰਘ ਜੀ ਜਥੇਦਾਰ ਜਵੰਦਾ ਨੇ ਕੀਤੀ।

**ਅੰਮ੍ਰਿਤਸਰ** : ਭਾਈ ਚਰਨ ਸਿੰਘ ਜੀ ਤੁੰਗ ਪ੍ਰਚਾਰਕ ਮਿਸ਼ਨ ਖ਼ਬਰ ਦਿੰਦੇ ਹਨ ਕਿ 16,17, 18 ਮਾਰਚ ਨੂੰ ਬਡਾਲਾ ਕਲਾਂ ਵਿਚ ਭਾਰੀ ਦੀਵਾਨ ਸਜਿਆ, ਅੰਮ੍ਰਿਤ ਪ੍ਰਚਾਰ ਵੀ ਹੋਇਆ। 135 ਪ੍ਰਾਣੀਆਂ ਅੰਮ੍ਰਿਤ ਪਾਨ ਕੀਤਾ। ਕਕਾਰ ਮਿਸ਼ਨ ਵਲੋਂ ਦਿੱਤੇ ਗਏ।

**ਬਰੇਲੀ (ਯੂ.ਪੀ.)** : ਸਰਦਾਰ ਨਿਰੰਜਨ ਸਿੰਘ ਜੀ ਦੁਕੋਹੀਆ, ਆਨਰੇਰੀ ਸਕੱਤਰ ਸ੍ਰੀ ਗੁਰੂ ਨਾਨਕ ਧਰਮ ਪ੍ਰਚਾਰਕ ਕਮੇਟੀ, ਸਿੱਖ ਸੰਗਤ ਬਰੇਲੀ ਇਤਲਾਹ ਦਿੰਦੇ ਹਨ ਕਿ 15-2-37 ਦੀ ਸ਼ਾਮ ਨੂੰ ਮਹਲਾ ਮਲੂਕਾਪੁਰ ਬਰੇਲੀ ਵਿਖੇ




ਪਹਾੜੀ-ਬੀਰਬਲ, ਤੁਸੀ, ਜਮਨ, ਲਲਾ, ਪਿਆਰੇ, ਨਨੇ ਚੌਧਰੀ ਦੇ ਯਤਨ ਤੇ ਉਦਮ ਨਾਲ ਸ੍ਰੀ ਗੁਰੂ ਨਾਨਕ ਧਰਮ ਪ੍ਰਚਾਰਕ ਕਮੇਟੀ ਦੇ ਪ੍ਰਬੰਧ ਹੇਠ ਦੀਵਾਨ ਸਜਿਆ। ਦੀਵਾਨ ਇਕ ਖੁੱਲ੍ਹੇ ਮੈਦਾਨ ਵਿਚ ਸ਼ਾਮਿਆਨੇ ਲਗਾ ਕੇ ਸਜਾਇਆ ਗਿਆ ਸੀ। ਸ਼ਾਮ ਨੂੰ ਕੈਪਟਨ ਸਰਦਾਰ ਪ੍ਰਤਾਪ ਸਿੰਘ ਜੀ ਸਾਹਿਬ ਦੀ ਕਾਰ 'ਤੇ ਮਹਾਰਾਜ ਜੀ ਦੀ ਸਵਾਰੀ ਦੀਵਾਨ ਅਸਥਾਨ 'ਤੇ (ਗੁਰਦੁਆਰਾ ਗਜ਼ਟ ਅੰਮ੍ਰਿਤਸਰ (46) ਅਪ੍ਰੈਲ 1937) ਪੁਚਾਈ ਗਈ। ਦੀਵਾਨ ਠੀਕ 7 ਵਜੇ ਸ਼ੁਰੂ ਕੀਤਾ ਗਿਆ। ਅੱਧਾ ਘੰਟਾ ਮਲੂਕਾ ਪੁਰ ਦੇ ਬੈਂਡ ਬਾਜੇ ਵਾਲੇ ਜਥੇ ਨੇ ਬੈਂਡ ਵਜਾ ਕੇ ਦੀਵਾਨ ਦੀ ਰੌਣਕ ਨੂੰ ਬਹੁਤ ਭਰਪੂਰ ਕਰ ਦਿੱਤਾ। ਦੇਖਣ ਵਾਲਿਆਂ ਦੀ ਬੜੀ ਭਾਰੀ ਭੀੜ ਸੀ। ਫੇਰ ਭਾਈ ਪਰਮਜੀਤ ਸਿੰਘ ਜੀ ਗ੍ਰੰਥੀ ਨੇ ਸਕੂਲ ਦੇਵਿਦਿਆਰਥੀਆਂ ਨੂੰ ਨਾਲ ਲੈ ਕੇ ਕੀਰਤਨ ਕੀਤਾ। ਫੇਰ ਗਿਆਨੀ ਅਮਰ ਸਿੰਘ ਜੀ ਕੀਰਤਨ ਦੇ ਨਾਲ ਵਿਸਥਾਰ ਸਹਿਤ ਵਿਖਿਆਨ ਕੀਤਾ। ਪਿਛੋਂ ਦਾਸ ਨੇ ਸਤਿਸੰਗ ਮਹਿਮਾ ਤੇ ਇਕ ਲੈਕਚਰ ਦਿੱਤਾ। ਇਸ ਸਤਿਸੰਗ ਵਿਚ ਮੁਸਲਮਾਨ ਵੀ ਕਾਫ਼ੀ ਗਿਣਤੀ ਵਿਚ ਸਨ, ਕਿਉਂਕਿ ਇਕ ਪਾਸੇ ਮੁਸਲਮਾਨੀ ਵਸੋਂ ਹੈ ਤੇ ਦੂਜੇ ਪਾਸੇ ਭਾਰੀ ਗਿਣਤੀ ਵਿਚ ਅਖੌਤੀ ਅਛੂਤ ਵੱਸਦੇ ਹਨ, ਜਿਹੜੇ ਕਿ ਸਾਰੇ ਹੀ ਗੁਰੂ ਨਾਨਕ ਸਾਹਿਬ ਦੇ ਨਾਮ ਲੇਵਾ ਹਨ ਤੇ ਬੁੱਧਵਾਰ ਵਾਲੇ ਦਿਨ ਉਦਾਸੀ ਸੰਗਤ ਦੇ ਗੁਰਦੁਆਰੇ ਬਰੇਲੀ ਜੰਕਸ਼ਨ ਤੇ ਦੀਵਾਨ ਸਜਾਉਂਦੇ ਹਨ। ਭਾਈ ਸਰਦਾਰਾ ਸਿੰਘ ਜੀ ਪੀਲੀ ਭੂਤ ਤੋਂ ਪੁੱਜ ਗਏ ਤੇ ਇਨ੍ਹਾਂ ਦਾ ਭੀ ਲੈਕਚਰ ਹੋਇਆ ਤੇ ਚੰਗਾ ਅਸਰ ਪਿਆ। ਠੀਕ 11 ਵਜੇ ਰਾਤ ਨੂੰ ਅਰਦਾਸਾ ਸੋਧ ਕੇ, ਕੜਾਹ ਪ੍ਰਸ਼ਾਦ ਦੀ ਦੇਗ ਵਰਤਾ ਕੇ ਦੀਵਾਨ ਦੀ ਸਮਾਪਤੀ ਕੀਤੀ ਗਈ। ਮਹੱਲੇ ਵਾਲਿਆਂ ਨੇ ਸੰਗਤ ਦੀ ਸੇਵਾ ਚਾਹ ਪਾਣੀ ਦੁਆਰਾ ਕੀਤੀ।

**ਬਹਾਵਲ ਨਗਰ** : ਭਾਈ ਰਣਧੀਰ ਸਿੰਘ ਪ੍ਰਚਾਰਕ ਖ਼ਬਰ ਦਿੰਦੇ ਹਨ ਕਿ 22-3-37 ਨੂੰ ਰਹੀਮ ਯਾਰ ਖ਼ਾਨ ਵਿਚ ਹੋਏ ਅੰਮ੍ਰਿਤ ਪ੍ਰਚਾਰ ਤੇ 10 ਪ੍ਰਾਣੀਆਂ ਅੰਮ੍ਰਿਤ ਪਾਨ ਕੀਤਾ। ਕਕਾਰਾਂ ਦੀ ਸਹਾਇਤਾ ਸਥਾਨਕ ਸਿੰਘ ਸਭਾ ਨੇ ਕੀਤੀ।

**ਗੁਰਦਾਸਪੁਰ** : ਭਾਈ ਨੱਥਾ ਸਿੰਘ ਜੀ ਮੈਨੇਜਰ ਗੁਰਦੁਆਰਾ ਕੋਟ ਨੈਦਾ ਲਿਖਦੇ ਹਨ ਕਿ ਇਸ ਮੱਸਿਆ ਦੇ ਦੀਵਾਨ ਤੇ ਅੰਮ੍ਰਿਤ ਪ੍ਰਚਾਰ ਹੋਇਆ, ਜਿਸ 'ਤੇ 14 ਪ੍ਰਾਣੀਆਂ ਅੰਮ੍ਰਿਤ ਪਾਨ ਕੀਤਾ।

(ਚਲਦਾ)

## ਆਸਟ੍ਰੇਲੀਆ 'ਚ ਜੰਗਲੀ ਅੱਗ ਦਾ ਕਹਿਰ !

# ਮਦਦ ਲਈ ਅੱਗੇ ਆਏ 'ਯੂਨਾਈਟਿਡ ਸਿੱਖਸ' ਨੇ ਲਾਇਆ ਲੰਗਰ

ਆਸਟ੍ਰੇਲੀਆ ਦੇ ਵਿਕਟੋਰੀਆ ਸੂਬੇ ਵਿੱਚ 7 ਜਨਵਰੀ 2026 ਤੋਂ ਲੱਗੀ ਭਿਆਨਕ ਜੰਗਲੀ ਅੱਗ ਨੇ ਇਲਾਕੇ 'ਚ ਭਾਰੀ ਤਬਾਹੀ ਮਚਾਈ ਹੈ, ਜਿਸ ਕਾਰਨ ਕਈ ਘਰ ਸੜ ਕੇ ਸੁਆਹ ਹੋ ਗਏ ਹਨ ਅਤੇ ਸੈਂਕੜੇ ਪਰਿਵਾਰ ਬੇਘਰ ਹੋ ਗਏ ਹਨ। ਇਸ ਸੰਕਟ ਦੇ ਸਮੇਂ 'ਚ ਅੰਤਰਰਾਸ਼ਟਰੀ ਸੰਸਥਾ 'ਯੂਨਾਈਟਿਡ ਸਿੱਖਸ ਆਸਟ੍ਰੇਲੀਆ' ਅੱਗੇ ਆਈ ਹੈ ਤੇ ਪੀੜਤਾਂ ਦੀ ਮਦਦ ਲਈ ਤੁਰੰਤ ਰਾਹਤ ਕਾਰਜ ਸ਼ੁਰੂ ਕਰ ਦਿੱਤੇ ਹਨ।




ਵਿਕਟੋਰੀਆ ਦੇ ਸਟ੍ਰੈਥਬੋਗੀ, ਟੋਵੋਂਗ, ਮਾਨਸਫੀਲਡ, ਮੁਰਿੰਡਿੰਡੀ ਅਤੇ ਨਤੀਮੁਕ ਵਰਗੇ ਇਲਾਕੇ ਇਸ ਅੱਗ ਦੀ ਮਾਰ ਹੇਠ ਸਭ ਤੋਂ ਵੱਧ ਆਏ ਹਨ। ਹਜ਼ਾਰਾਂ ਲੋਕਾਂ ਨੂੰ ਆਪਣੇ ਘਰ ਛੱਡ ਕੇ ਸੁਰੱਖਿਅਤ ਥਾਵਾਂ 'ਤੇ ਜਾਣ ਲਈ ਮਜ਼ਬੂਰ ਹੋਣਾ ਪਿਆ ਹੈ, ਜਿਸ ਮਗਰੋਂ ਸੰਸਥਾ ਵੱਲੋਂ ਸਕਿਪਟਨ ਵਿੱਚ ਲੰਗਰ ਚਲਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ, ਬਲਾਰਾਤ ਪੋਨੀ ਕਲੱਬ ਵਿਖੇ ਸ਼ਰਨ ਲੈਣ ਵਾਲੇ ਪਰਿਵਾਰਾਂ ਅਤੇ ਉਨ੍ਹਾਂ ਦੇ ਘੋੜਿਆਂ ਦੀ ਵੀ ਦੇਖਭਾਲ ਕੀਤੀ ਜਾ ਰਹੀ ਹੈ।

'ਯੂਨਾਈਟਿਡ ਸਿੱਖਸ' ਦੀ ਟੀਮ ਹਰ ਰੋਜ਼ ਲਗਭਗ 100 ਪਰਿਵਾਰਾਂ ਅਤੇ ਫਾਇਰ ਫਾਈਟਰਜ਼ ਨੂੰ ਗਰਮ ਭੋਜਨ ਅਤੇ ਜ਼ਰੂਰੀ ਸਾਮਾਨ ਮੁਹੱਈਆ ਕਰਵਾ ਰਹੀ ਹੈ। ਭੋਜਨ ਦੇ ਨਾਲ-ਨਾਲ ਪੀਣ ਵਾਲਾ ਸਾਫ਼ ਪਾਣੀ, ਦਵਾਈਆਂ, ਹਾਈਜੀਨ ਕਿੱਟਾਂ ਅਤੇ ਹੋਰ ਲੋੜੀਂਦਾ ਸਾਮਾਨ ਵੰਡਣ ਲਈ ਸਥਾਨਕ ਪ੍ਰਸ਼ਾਸਨ ਨਾਲ ਤਾਲਮੇਲ ਕੀਤਾ ਜਾ ਰਿਹਾ ਹੈ। ਯੂਨਾਈਟਿਡ ਸਿੱਖਸ ਆਸਟ੍ਰੇਲੀਆ ਦੇ ਡਾਇਰੈਕਟਰ ਗੁਰਵਿੰਦਰ ਸਿੰਘ ਨੇ ਕਿਹਾ ਕਿ ਉਹ ਇਸ ਔਖੀ ਘੜੀ ਵਿੱਚ ਭਾਈਚਾਰਿਆਂ ਦੇ ਨਾਲ ਖੜ੍ਹੇ ਹਨ ਅਤੇ ਲੰਬੇ ਸਮੇਂ ਦੀ ਸਹਾਇਤਾ ਲਈ ਵਚਨਬੱਧ ਹਨ।

ਸੰਸਥਾ ਨੇ ਇਨ੍ਹਾਂ ਰਾਹਤ ਕਾਰਜਾਂ ਨੂੰ ਜਾਰੀ ਰੱਖਣ ਲਈ ਲੋਕਾਂ ਅਤੇ ਕਾਰੋਬਾਰੀ ਸੰਸਥਾਵਾਂ ਨੂੰ ਦਵਾਈਆਂ, ਸਾਫ਼ ਪਾਣੀ, ਸੁੱਕਾ ਰਾਸ਼ਨ ਅਤੇ ਅਸਥਾਈ ਰਿਹਾਇਸ਼ੀ ਸਮੱਗਰੀ ਦਾਨ ਕਰਨ ਦੀ ਅਪੀਲ ਕੀਤੀ ਹੈ। ਇਹ ਸੰਸਥਾ ਸੰਯੁਕਤ ਰਾਸ਼ਟਰ ਨਾਲ ਸਬੰਧਿਤ ਹੈ ਅਤੇ ਵਿਸ਼ਵ ਪੱਧਰ 'ਤੇ ਲੋੜਵੰਦਾਂ ਦੀ ਸਹਾਇਤਾ ਲਈ ਕੰਮ ਕਰਦੀ ਹੈ।

# ਪੰਜਾਬ ਦੇ ਬੱਚਿਆਂ ਲਈ 'ਮੌਤ ਦੀ ਡੋਰ' ਬਣ ਚੁੱਕੀ ਹੈ ਚਾਈਨਾ ਡੋਰ, ਸਰਕਾਰਾਂ ਬੇਅਸਰ, ਕਾਰਵਾਈ ਜ਼ੀਰੋ

ਫਰਿਜ਼ਨੋ/ਕੈਲੀਫੋਰਨੀਆ (ਗੁਰਿੰਦਰਜੀਤ ਸਿੰਘ ਨੀਟਾ ਮਾਛੀਕੇ) : ਪੰਜਾਬ ਵਿੱਚ ਪਤੰਗਬਾਜ਼ੀ ਇੱਕ ਸਮੇਂ ਸਮਾਜਿਕ ਰਿਵਾਇਤ ਹੁੰਦੀ ਸੀ, ਪਰ ਅੱਜ ਚਾਈਨਾ ਡੋਰ ਨੇ ਇਸ ਰਿਵਾਇਤ ਨੂੰ ਖ਼ੂਨੀ ਸ਼ੌਕ ਵਿੱਚ ਬਦਲ ਦਿੱਤਾ ਹੈ। ਹੈਰਾਨੀਜਨਕ ਗੱਲ ਇਹ ਹੈ ਕਿ ਸੂਬੇ ਵਿੱਚ ਚਾਹੇ ਅਕਾਲੀ ਸਰਕਾਰ ਰਹੀ ਹੋਵੇ, ਚਾਹੇ ਕਾਂਗਰਸ ਦੀ ਜਾਂ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ, ਚਾਈਨਾ ਡੋਰ ਨਾਲ ਹੋ ਰਹੀਆਂ ਮੌਤਾਂ ਅਤੇ ਜਖ਼ਮ ਰੁਕਣ ਦਾ ਨਾਮ ਨਹੀਂ ਲੈ ਰਹੇ। ਲੋਕਾਂ ਦੀ ਜਾਨ ਖਤਰੇ ਵਿੱਚ ਹੈ ਪਰ ਕਾਰਵਾਈ ਦਾ ਪੱਧਰ ਬਹੁਤ ਹੀ ਕਮਜ਼ੋਰ ਦਿਖਾਈ ਦੇ ਰਿਹਾ ਹੈ।



ਅੱਜ ਪੰਜਾਬ ਦੇ ਕਈ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਵਿੱਚ ਚਾਈਨਾ ਡੋਰ ਨਾਲ ਅਜਿਹੇ ਹਾਦਸੇ ਵੱਧ ਰਹੇ ਹਨ ਜਿਨ੍ਹਾਂ ਨੂੰ "ਹਾਦਸਾ" ਕਹਿਣਾ ਵੀ ਨਿਆਂ ਨਹੀਂ। ਕਦੇ ਕਿਸੇ ਬੱਚੇ ਦੀ ਗਰਦਨ 'ਤੇ ਡੋਰ ਫਿਰ ਜਾਂਦੀ ਹੈ, ਕਦੇ ਕਿਸੇ ਦਾ ਚਿਹਰਾ ਸਦਾ ਲਈ ਵਿਗੜ ਜਾਂਦਾ ਹੈ, ਤੇ ਕਈ ਵਾਰ ਕਿਸੇ ਦੋ-ਪਹੀਆ ਸਵਾਰ ਦੀ ਡੋਰ ਨਾਲ ਗਰਦਨ ਤੱਕ ਕੱਟ ਜਾਂਦੀ ਹੈ। ਇਹ ਸਿਰਫ਼ ਜਖ਼ਮ ਨਹੀਂ, ਬਲਕਿ ਕਈ ਪਰਿਵਾਰਾਂ ਲਈ ਉਮਰ ਭਰ ਦਾ ਦੁੱਖ ਬਣ ਜਾਂਦਾ ਹੈ।

ਚਾਈਨਾ ਡੋਰ ਅਸਲ ਵਿੱਚ ਗਲਾਸ ਪਾਊਡਰ ਅਤੇ ਕੈਮੀਕਲ ਨਾਲ ਤਿਆਰ ਹੁੰਦੀ ਹੈ। ਇਹ ਚਮੜੀ ਲਈ ਚਾਕੂ ਵਾਂਗ ਕੱਟਣ ਵਾਲੀ ਹੁੰਦੀ ਹੈ, ਜੋ ਇਕ ਸਕਿੰਟ 'ਚ ਖ਼ੂਨ ਕੱਢ ਸਕਦੀ ਹੈ ਅਤੇ ਕਈ ਵਾਰ ਜਾਨ ਵੀ ਲੈ ਸਕਦੀ ਹੈ। ਇਸ ਲਈ ਹੁਣ ਇਹ ਸਿਰਫ਼ "ਡੋਰ" ਨਹੀਂ ਰਹੀ, ਇਹ ਮੌਤ ਦੀ ਡੋਰ ਬਣ ਗਈ ਹੈ। ਇਸ ਦੇ ਬਾਵਜੂਦ ਹਕੀਕਤ ਇਹ ਹੈ ਕਿ ਡੋਰ ਦੀ ਵਿਕਰੀ ਬਿਨਾਂ ਕਿਸੇ ਡਰ ਦੇ ਜਾਰੀ ਹੈ।

ਅਕਸਰ ਸਰਕਾਰਾਂ ਵੱਲੋਂ ਪਾਬੰਦੀ ਦੇ ਦਾਅਵੇ ਕੀਤੇ ਜਾਂਦੇ ਹਨ ਪਰ ਜ਼ਮੀਨੀ ਪੱਧਰ 'ਤੇ ਨਾ ਬਰਾਬਰ ਕਾਰਵਾਈ ਹੋ ਰਹੀ ਹੈ। ਸ਼ਹਿਰਾਂ ਦੇ ਬਾਜ਼ਾਰਾਂ, ਗਲੀ-ਮੁਹੱਲਿਆਂ ਦੀਆਂ ਦੁਕਾਨਾਂ ਅਤੇ ਕਈ ਥਾਵਾਂ 'ਤੇ ਆਨਲਾਈਨ ਰਾਹੀਂ ਵੀ ਇਹ ਡੋਰ ਮਿਲ ਰਹੀ ਹੈ। ਜੇ ਕਦੇ-ਕਦੇ ਛਾਪੇਮਾਰੀ ਵੀ ਹੁੰਦੀ ਹੈ ਤਾਂ ਉਹ ਕਈ ਵਾਰ ਸਿਰਫ਼ ਕਾਗਜ਼ੀ ਕਾਰਵਾਈ ਜਾਂ ਫੋਟੋ ਸੈਸ਼ਨ ਤੱਕ ਸੀਮਿਤ ਰਹਿ ਜਾਂਦੀ ਹੈ।

ਸਵਾਲ ਇਹ ਹੈ ਕਿ ਜਦੋਂ ਚਾਈਨਾ ਡੋਰ ਨਾਲ ਕਿਸੇ ਦੀ ਜਾਨ ਜਾਣ ਦਾ ਡਰ ਸੱਚ ਹੈ, ਤਾਂ ਵੇਚਣ ਵਾਲੇ ਅਤੇ ਵਰਤਣ ਵਾਲੇ ਖਿਲਾਫ਼ ਕਤਲ ਵਰਗਾ ਕੇਸ ਕਿਉਂ ਨਹੀਂ ? ਜੇ ਕੋਈ ਇਸ ਡੋਰ ਨੂੰ ਸਮੱਗਲ ਕਰਦਾ ਹੈ ਜਾਂ ਵੱਡੀ ਮਾਤਰਾ ਵਿੱਚ ਵੇਚਦਾ ਹੈ ਤਾਂ ਉਸ 'ਤੇ ਸਿਰਫ਼ ਹਲਕੇ ਕਾਨੂੰਨ ਨਹੀਂ, ਬਲਕਿ ਇਰਾਦਾ ਕਤਲ ਜਾਂ ਘੱਟੋ-ਘੱਟ ਕਤਲ ਸਮਾਨ ਜੁਰਮ ਵਾਲੀਆਂ ਧਾਰਾਵਾਂ ਅਧੀਨ ਕੇਸ ਦਰਜ ਹੋਣਾ ਚਾਹੀਦਾ ਹੈ, ਕਿਉਂਕਿ ਇਹ ਡੋਰ ਆਪਣੇ ਆਪ ਵਿੱਚ ਹੀ ਇੱਕ ਘਾਤਕ ਹਥਿਆਰ ਹੈ।

ਇਸ ਮਸਲੇ ਵਿੱਚ ਪੰਜਾਬ ਪੁਲਸ ਦੀ ਭੂਮਿਕਾ ਵੀ ਮਹੱਤਵਪੂਰਨ ਹੈ। ਪੁਲਸ ਨੂੰ ਚਾਹੀਦਾ ਹੈ ਕਿ ਉਹ ਡੋਰ ਵੇਚਣ ਵਾਲੀਆਂ ਦੁਕਾਨਾਂ ਅਤੇ ਸਪਲਾਈ ਚੇਨ 'ਤੇ ਸਖ਼ਤ ਨਿਗਰਾਨੀ ਕਰੇ। ਪਤੰਗਬਾਜ਼ੀ ਦੇ ਸੀਜ਼ਨ ਦੌਰਾਨ ਖ਼ਾਸ ਟੀਮਾਂ ਬਣਾਕੇ ਨਿਯਮਤ ਛਾਪੇ, ਸਮਗਲਰਾਂ ਦੀ ਪਛਾਣ, ਅਤੇ ਸਖ਼ਤ ਸਜ਼ਾ ਦੇ ਰਾਹੀਂ ਹੀ ਇਹ ਨਾਸੂਰ ਖ਼ਤਮ ਹੋ ਸਕਦਾ ਹੈ। ਨਾਲ ਹੀ ਸਕੂਲਾਂ, ਕਾਲਜਾਂ ਅਤੇ ਪਿੰਡ ਪੱਧਰ 'ਤੇ ਲੋਕਾਂ ਨੂੰ ਜਾਗਰੂਕ ਕਰਨ ਲਈ ਮੁਹਿੰਮ ਚਲਾਈ ਜਾਵੇ।

ਇਹ ਗੱਲ ਵੀ ਯਾਦ ਰੱਖਣੀ ਚਾਹੀਦੀ ਹੈ ਕਿ ਇਸ ਡੋਰ ਦੇ ਜ਼ਿਆਦਾਤਰ ਬੱਚੇ ਅਤੇ ਨੌਜਵਾਨ ਸ਼ਿਕਾਰ ਹੁੰਦੇ ਹਨ। ਇੱਕ ਡੋਰ ਦੀ ਲਾਪਰਵਾਹੀ ਕਿਸੇ ਬੱਚੇ ਦੀ ਜ਼ਿੰਦਗੀ ਦਾ ਸਾਰਾ ਭਵਿੱਖ ਖਤਮ ਕਰ ਸਕਦੀ ਹੈ। ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਤੁਰੰਤ ਸਖ਼ਤ ਕਾਨੂੰਨ ਲਿਆਏ ਤਾਂ ਜੋ ਕੋਈ ਵੀ ਚਾਈਨਾ ਡੋਰ ਵੇਚਣ ਜਾਂ ਖਰੀਦਣ ਤੋਂ ਪਹਿਲਾਂ ਸੌ ਵਾਰ ਸੋਚੇ। ਅੰਤ ਵਿੱਚ ਰੱਬ ਦਾ ਵਾਸਤਾ, ਸਰਕਾਰ ਅਤੇ ਪੁਲਿਸ ਨੂੰ ਇਹ ਸਮਝਣਾ ਪਵੇਗਾ ਕਿ ਅਗਲਾ ਬੱਚਾ ਕਿਸੇ ਹੋਰ ਦਾ ਨਹੀਂ, ਸਾਡਾ ਆਪਣਾ ਵੀ ਹੋ ਸਕਦਾ ਹੈ। ਜਦ ਤੱਕ ਸਖ਼ਤ ਕਾਨੂੰਨ ਅਤੇ ਕੈੜੀ ਕਾਰਵਾਈ ਨਹੀਂ ਹੁੰਦੀ, ਇਹ "ਮੌਤ ਦੀ ਡੋਰ "ਪੰਜਾਬ ਵਿੱਚ ਘਰਾਂ ਨੂੰ ਉਜਾੜਦੀ ਰਹੇਗੀ। ਹੁਣ ਸਮਾਂ ਆ ਗਿਆ ਹੈ ਕਿ ਚਾਈਨਾ ਡੋਰ ਦੇ ਖਿਲਾਫ਼ ਜ਼ੀਰੋ ਟੋਲਰੇਂਸ ਨੀਤੀ ਅਪਣਾਈ ਜਾਵੇ।

ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਊਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਇਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।



**ਹੈਲਥ ਗਾਈਡ**

# ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਕਾਰਨ :**

1. ਬੁਢਾਪਾ।
2. ਮਾਹਵਾਰੀ ਦਾ ਰੁਕਣਾ (ਹਾਰਮੋਨ ਦੀ ਕਮੀ)।
3. ਸਿਗਰਟ ਤੇ ਸ਼ਰਾਬ ਪੀਣਾ।
4. ਪਰਿਵਾਰਿਕ ਪਿਛੋਕੜ।
5. ਕਈ ਦਵਾਈਆਂ, ਜਿਵੇਂ ਸਟੀਰੋਇਡਜ਼।

**ਲੱਛਣ :**

1. ਬਿਮਾਰੀ ਦੇ ਸ਼ੁਰੂਆਤ ਵਿਚ ਇਸਦੇ ਲੱਛਣਾਂ ਦਾ ਪਤਾ ਨਹੀਂ ਲੱਗਦਾ।
2. ਹੱਡੀ ਦਾ ਆਸਾਨੀ ਨਾਲ ਟੁੱਟ ਜਾਣਾ।
3. ਜੋੜਾਂ ਦੀ ਜੱਜ਼ਿਸ਼ ਅਤੇ ਦਰਦ।
4. ਪਿੱਠ ਵਿੱਚ ਦਰਦ।

**ਰੋਕਥਾਮ/ਬਚਾਅ :**

1. ਕੈਲਸ਼ੀਅਮ ਅਤੇ ਵਿਟਾਮਿਨ-ਡੀ ਹਰ ਰੋਜ਼ ਲਵੋ।
2. ਰੋਜ਼ਾਨਾ ਕਸਰਤ ਕਰੋ।
3. ਸਿਗਰਟ ਅਤੇ ਸ਼ਰਾਬ ਨਾ ਪੀਓ।

**ਡਾਕਟਰ ਨੂੰ ਕਦੋਂ ਦਿਖਾਈਏ :**

1. ਜੇਕਰ ਤੁਹਾਨੂੰ ਇਸ ਬਿਮਾਰੀ ਦਾ ਪਰਿਵਾਰਿਕ ਪਿਛੋਕੜ ਹੈ।
2. ਅਚਾਨਕ, ਬਿਨਾਂ ਕਿਸੇ ਕਾਰਨ ਪਿੱਠ ਦਾ ਦਰਦ।
3. ਅਚਾਨਕ ਕਿਸੇ ਹੱਡੀ ਦਾ ਟੁੱਟਣਾ।
4. ਮਾਹਵਾਰੀ ਰੁਕਣ ਤੋਂ ਬਾਅਦ, ਆਪਣੇ ਡਾਕਟਰ ਦੇ ਨਾਲ ਹਾਰਮੋਨ (ਸਰੀਰ ਵਿੱਚ ਪਾਏ ਜਾਣ ਵਾਲੇ ਰਸਾਇਣ) ਅਤੇ ਵਿਟਾਮਿਨਾਂ ਦੇ ਬਾਰੇ ਸਲਾਹ ਮਸ਼ਵਰਾ ਕਰੋ ਜੋ ਤੁਸਲ ਰੋਜ਼ਾਨਾ ਲੈ ਸਕੋ।

**ਐਕੂਪੰਕਚਰ**

**ਐਕੂਪੰਕਚਰ ਕੀ ਹੈ ?**




ਐਕੂਪੰਕਚਰ ਚੀਨ ਦਾ ਇੱਕ ਪਰੰਪਰਾਗਤ ਇਲਾਜ ਦਾ ਤਰੀਕਾ ਹੈ ਜਿਸ ਵਿੱਚ ਸਰੀਰ ਦੇ ਬਹੁਤ ਸਾਰੇ ਬਿੰਦੂਆਂ ਨੂੰ ਉਤੇਜਿਤ ਕਰਨ ਲਈ ਬਾਰੀਕ ਸੂਈਆਂ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਸਰੀਰ ਵਿੱਚ ਹਰ ਬਿਮਾਰੀ ਦਾ ਕੋਈ ਮੁੱਖ ਬਿੰਦੂ ਹੁੰਦਾ ਹੈ। ਇਨ੍ਹਾਂ ਬਿੰਦੂਆਂ ਨੂੰ ਉਤੇਜਿਤ ਕਰਕੇ ਦਿਮਾਗ ਦੀ ਊਰਜਾ ਦਾ ਸੰਤੁਲਨ ਦੁਬਾਰਾ ਬਣਾਉਣ ਵਿੱਚ ਐਕੂਪੰਕਚਰ ਮੱਦਦਗਾਰ ਹੈ।

**ਕੀ ਐਕੂਪੰਕਚਰ ਮੱਦਦ ਕਰਦਾ ਹੈ ?**

ਸਬੂਤ ਇਹ ਦਰਸਾਉਂਦੇ ਹਨ ਕਿ ਬਹੁਤੀਆਂ ਬਿਮਾਰੀਆਂ ਵਿੱਚ ਐਕੂਪੰਕਚਰ ਬਹੁਤਾ ਮੱਦਦਗਾਰ ਸਾਬਤ ਨਹੀਂ ਹੈ, ਪਰ ਇਹ ਹੇਠ ਲਿਖੇ ਹਾਲਾਤ ਨੂੰ ਦੂਰ ਕਰਨ ਵਿੱਚ ਸਹਾਈ ਹੈ :

1. ਸਿਰ ਦਰਦ।
2. ਜੀਅ ਮਚਲਾਉਣਾ।
3. ਕੈਂਸਰ ਦੇ ਇਲਾਜ ਵਿੱਚ ਉਲਟੀਆਂ ਆਉਣੀਆਂ।
4. ਪਿੱਠ ਦਾ ਦਰਦ।
5. ਗੋਡੇ ਦਾ ਗਠੀਆ।

**ਕਾਈਰੋਪ੍ਰੈਕਟਿਕ ਇਲਾਜ**

**(ਨਸਾਂ ਨਾਲ ਸੰਬੰਧਿਤ ਇਲਾਜ)**

ਕਾਈਰੋਪ੍ਰੈਕਟਿਕ ਇਲਾਜ ਕੀ ਹੈ ?

ਕਾਈਰੋਪ੍ਰੈਕਟਿਕ ਇਲਾਜ ਵਿੱਚ ਰੀੜ ਦੀ ਹੱਡੀ ਦਾ ਤਾਲਮੇਲ ਬਿਠਾ ਕੇ ਰੀੜ ਦੀ ਹੱਡੀ ਨੂੰ ਸਿੱਧਾ ਕੀਤਾ ਜਾਂਦਾ ਹੈ।

ਕੀ ਇਹ ਮੱਦਦਗਾਰ ਹੈ ?

ਕਾਈਰੋਪ੍ਰੈਕਟਿਕ ਇਲਾਜ ਰੀੜ ਦੀ ਹੱਡੀ ਦੇ ਦਰਦ ਨੂੰ ਥੋੜਾ ਬਹੁਤ ਰਾਹਤ ਜ਼ਰੂਰ ਦਿੰਦਾ ਹੈ। ਹੇਠ ਲਿਖੀਆਂ ਬਿਮਾਰੀਆਂ ਨਾਲ ਸੰਬੰਧਿਤ ਦਰਦ ਦੂਰ ਕਰਨ ਵਿੱਚ ਇਹ ਮੱਦਦਗਾਰ ਹਨ :

1. ਪਿੱਠ ਦਾ ਦਰਦ।
2. ਗਰਦਨ ਦਾ ਦਰਦ।
3. ਮੋਢਿਆਂ ਦਾ ਦਰਦ।
4. ਗੱਡੀਆਂ ਦੇ ਹਾਦਸੇ ਪਿੱਛੋਂ ਹੋਣ ਵਾਲੀ ਦਰਦ।

**ਚੁੰਬਕੀ ਇਲਾਜ**

ਕੁਝ ਲੋਕ ਮੰਨਦੇ ਹਨ ਕਿ ਚੁੰਬਕ ਵਿੱਚ ਵੀ ਬਿਮਾਰੀਆਂ ਨੂੰ ਠੀਕ ਕਰਨ ਦੀ ਸ਼ਕਤੀ ਹੁੰਦੀ ਹੈ। ਚੁੰਬਕ ਨੂੰ ਬਰੇਸਲੈੱਟ (ਹੱਥ ਕੜਾ), ਜੁੱਤੀਆਂ ਅਤੇ ਹੋਰ ਵਸਤਾਂ ਵਿੱਚ ਵਰਤਿਆ ਜਾਂਦਾ ਹੈ।

**ਕੀ ਚੁੰਬਕ ਕੰਮ ਕਰਦੀ ਹੈ ?**

ਚੁੰਬਕ ਦੇ ਚੰਗੇ ਪ੍ਰਭਾਵ ਦੇ ਸੰਬੰਧ ਵਿੱਚ ਕੋਈ ਖ਼ਾਸ ਸਬੂਤ ਨਹਲ ਹਨ।

**ਚੁੰਬਕੀ ਇਲਾਜ ਦੀ ਸੁਰੱਖਿਅਤਾ :**

ਚੁੰਬਕਾਂ ਆਮ ਤੌਰ ਤੇ ਸੁਰੱਖਿਅਤ ਹਨ। ਹੇਠ ਲਿਖਿਆਂ ਵਿੱਚੋਂ ਜੇਕਰ ਤੁਹਾਨੂੰ ਕੁਝ ਹੈ ਤਾਂ ਚੁੰਬਕੀ ਇਲਾਜ ਨਾ ਕਰਾਓ :

1. ਦਿਲ ਵਿੱਚ ਪੇਸਮੇਕਰ ਲੱਗਾ ਹੈ।
2. ਦਿਲ ਦੀ ਧੜਕਣ ਨੂੰ ਦੁਬਾਰਾ ਕਰੰਟ ਦੇ ਕੇ ਚਲਾਉਣ ਵਾਲੀ ਮਸ਼ੀਨ (ਡੀਫ਼ਿਬਰੀਲੇਟਰ) ਲੱਗਿਆ ਹੈ।
3. ਇੰਸੁਲਿਨ ਪੰਪ (ਸ਼ੂਗਰ ਦੇ ਰੋਗ ਵਿੱਚ ਵਰਤੋਂ ਵਿੱਚ ਆਉਣ ਵਾਲੀ ਮਸ਼ੀਨ)।

**ਮੁਹਾਸੇ (ਐਕਨੇ)**

ਮੁਹਾਸੇ ਹੋਣ ਦਾ ਕਾਰਨ ਚਮੜੀ ਦੀਆਂ ਤੇਲ ਦੀਆਂ ਗ੍ਰੰਥੀਆਂ ਬੰਦ ਹੋਣ ਕਰਕੇ ਬੈਕਟੀਰੀਆ ਪੈਦਾ ਹੋਣਾ ਹੈ। ਮੁਹਾਸੇ ਆਮ ਤੌਰ ਤੇ ਜਵਾਨੀ ਦੀ ਉਮਰ ਵਿੱਚ ਹੁੰਦੇ ਹਨ, ਪਰ ਬਾਅਦ ਵਿੱਚ ਵੀ ਸ਼ੁਰੂ ਹੋ ਸਕਦੇ ਹਨ। ਸਟ੍ਰੈੱਸ ਮੁਹਾਸਿਆਂ ਨੂੰ ਵਧਾ ਸਕਦੀ ਹੈ।

**ਰੋਕਥਾਮ/ਬਚਾਅ :**

1. ਚਿਹਰੇ ਨੂੰ ਹਲਕੇ ਸਾਬਣ ਨਾਲ ਸਾਫ਼ ਰੱਖੋ, ਚਿਹਰੇ ਨੂੰ ਰਗੜੋ ਨਾ।
2. ਮੁਹਾਸਿਆਂ ਨੂੰ ਨਾ ਭੰਨੋ।
3. ਸਟ੍ਰੈੱਸ ਨੂੰ ਘਟਾਓ।
4. ਖਾਣੇ ਦੇ ਪਰਹੇਜ਼ ਬਾਰੇ ਆਪਣੇ ਡਾਕਟਰ ਨਾਲ ਸਲਾਹ ਕਰੋ।

(ਚਲਦਾ)

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।

# ਪਿੰਡ ਗੁਰਮ (ਬਰਨਾਲਾ) ਦੇ ਮਾਪਿਆਂ ਦੇ ਇਕਲੌਤੇ ਪੁੱਤ ਰਾਜਪ੍ਰੀਤ ਸਿੰਘ (23) ਦੀ ਕੈਨੇਡਾ ਵਿੱਚ ਹੋਈ ਮੌਤ

ਬਰਨਾਲਾ: ਪੰਜਾਬ ਦੇ ਨੌਜਵਾਨਾਂ ਦੀ ਕਨੇਡਾ ਵਿੱਚ ਲਗਾਤਾਰ ਮੌਤਾਂ ਦਾ ਅੰਕੜਾ ਵਧਦਾ ਹੀ ਨਜ਼ਰ ਆ ਰਿਹਾ ਹੈ। ਜਿਸ ਵਿੱਚ ਬਰਨਾਲਾ ਦੇ ਵਿਧਾਨ ਸਭਾ ਹਲਕਾ ਮਹਿਲ ਕਲਾਂ ਦੇ ਸਭ ਤੋਂ ਵੱਧ ਨੌਜਵਾਨ ਇਸ ਅੰਕੜੇ ਦਾ ਸ਼ਿਕਾਰ ਹੋ ਰਹੇ ਹਨ। ਹੁਣ ਤਾਜ਼ਾ ਮਾਮਲਾ ਮਹਿਲ ਕਲਾਂ ਦੇ ਪਿੰਡ ਗੁਰਮ ਸਾਹਮਣੇ ਆਇਆ ਹੈ। ਜਿੱਥੇ 23 ਸਾਲ ਦੇ ਰਾਜਪ੍ਰੀਤ ਸਿੰਘ ਪੁੱਤਰ ਕੁਲਵੰਤ ਸਿੰਘ ਦੀ ਕਨੇਡਾ ਵਿੱਚ ਬਿਮਾਰੀ ਕਾਰਨ ਮੌਤ ਹੋ ਗਈ।



ਮ੍ਰਿਤਕ ਰਾਜਪ੍ਰੀਤ ਸਿੰਘ ਆਪਣੇ ਮਾਪਿਆਂ ਦਾ ਇਕਲੌਤਾ ਪੁੱਤ ਸੀ ਜੋ ਪੌਣੇ ਦੋ ਸਾਲ ਪਹਿਲਾਂ ਹੀ ਕੈਨੇਡਾ ਦੇ ਬਰੈਮਟਨ ਵਿੱਚ ਆਪਣੇ ਮਾਪਿਆਂ ਦੀ ਸੁਪਨੇ ਸਕਾਰ ਕਰਨ ਲਈ ਪੜ੍ਹਾਈ ਕਰਨ ਲਈ ਵਿਦੇਸ਼ ਕੈਨੇਡਾ ਗਿਆ ਹੋਇਆ ਸੀ। ਜੋ ਪਿਛਲੇ ਦਿਨੀ ਬਿਮਾਰ ਹੋਣ ਕਾਰਨ ਉਸ ਦੀ ਇਲਾਜ ਦੌਰਾਨ ਮੌਤ ਹੋ ਗਈ। ਮ੍ਰਿਤਕ ਰਾਜਪ੍ਰੀਤ ਸਿੰਘ ਆਪਣੇ ਮਾਪਿਆਂ ਦਾ ਇਕਲੌਤਾ ਪੁੱਤ ਸੀ ਜਿਸ ਨੂੰ ਵਿਦੇਸ਼ ਕਨੇਡਾ ਭੇਜਣ ਲਈ ਉਸ ਦੇ ਪ੍ਰਾਈਵੇਟ ਬੱਸ ਡਰਾਈਵਰ ਵਜੋਂ ਕੰਮ ਕਰਨ ਵਾਲੇ ਪਿਤਾ ਕੁਲਵੰਤ ਸਿੰਘ ਨੇ ਆਪਣੇ ਹਿੱਸੇ ਆਉਂਦੀ ਦੋ ਏਕੜ ਜ਼ਮੀਨ ਵਿੱਚੋਂ ਕੁਝ ਜ਼ਮੀਨ ਗਹਿਣੇ ਰੱਖ, ਲੋਨ ਅਤੇ ਕਰਜਾ ਚੁੱਕ ਕੇ 23 ਲੱਖ ਲਾ ਕੇ ਉਸ ਨੂੰ ਕਨੇਡਾ ਭੇਜਿਆ ਸੀ, ਤਾਂ ਜੋ ਉਸ ਦੇ ਇਕਲੌਤੇ ਪੁੱਤ ਦਾ ਭਵਿੱਖ ਸੁਖਾਲਾ ਹੋ ਸਕੇ। ਪਰ ਇਸ ਮੰਦਭਾਗੀ ਘਟਨਾ ਨੇ ਜਿੱਥੇ ਪਰਿਵਾਰ ਨੂੰ ਝੰਝੋੜ ਕੇ ਰੱਖ ਦਿੱਤਾ, ਉੱਥੇ ਆਰਥਿਕ ਪੱਖੋਂ ਵੀ ਇਸ ਪਰਿਵਾਰ ਨਾਲ ਵੱਡੀ ਢਾਹ ਲੱਗੀ ਹੈ। ਇਸ ਮੌਕੇ ਉਤੇ ਪੁੱਤ ਦੀ ਮੌਤ ਤੋਂ ਬਾਅਦ ਰੋਂਦੇ ਕੁਰਲਾਉਂਦੇ ਮਾਪਿਆਂ ਅਤੇ ਪਰਿਵਾਰਿਕ ਮੈਂਬਰਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਰਾਜਪ੍ਰੀਤ ਸਿੰਘ ਨੂੰ ਕਨੇਡਾ ਕਰਜਾ ਚੁੱਕ ਕੇ ਭੇਜਿਆ ਸੀ। ਰਾਜਪ੍ਰੀਤ ਸਿੰਘ ਦੀ 17/01/2026 ਨੂੰ ਬਿਮਾਰੀ ਕਾਰਨ ਕੈਨੇਡਾ ਵਿੱਚ ਮੌਤ ਹੋ ਗਈ। ਮ੍ਰਿਤਕ ਦੇ ਨੂੰ ਕਨੇਡਾ ਤੋਂ ਵਾਪਸ ਪੰਜਾਬ ਪਿੰਡ ਲਿਆਉਣ ਲਈ ਵੀ ਉਹਨਾਂ ਨੇ 9 ਲੱਖ 50 ਹਜਾਰ ਕਰਜ਼ਾ ਚੁੱਕ ਕੇ ਆਪਣੇ ਪੁੱਤ ਦੀ ਮ੍ਰਿਤਕ ਦੇਹ ਨੂੰ ਪੰਜਾਬ ਲਿਆਂਦਾ, ਤਾਂ ਜੋ ਧਾਰਮਿਕ ਰੀਤੀ ਰਿਵਾਜਾਂ ਅਨੁਸਾਰ ਉਹ ਆਪਣੇ ਇਕਲੌਤੇ ਪੁੱਤ ਰਾਜਪ੍ਰੀਤ ਸਿੰਘ ਦਾ ਅੰਤਿਮ ਸੰਸਕਾਰ ਕਰ ਸਕਣ। ਕੈਨੇਡਾ ਤੋਂ ਪੰਜਾਬ ਪਰਤੀ ਰਾਜਪ੍ਰੀਤ ਸਿੰਘ ਦੀ ਮ੍ਰਿਤਕ ਦੇਹ ਦਾ ਧਾਰਮਿਕ ਰੀਤੀ ਰਿਵਾਜਾਂ ਅਨੁਸਾਰ ਪਰਿਵਾਰਕ ਮੈਂਬਰਾਂ ਵੱਲੋਂ ਅੰਤਿਮ ਸੰਸਕਾਰ ਕੀਤਾ ਗਿਆ। ਇਸ ਮੌਕੇ ਰੋਂਦੇ ਕੁਰਲਾਉਂਦੇ ਮਾਪਿਆਂ ਅਤੇ ਪਰਿਵਾਰਿਕ ਮੈਂਬਰਾਂ ਨੇ ਪੰਜਾਬ ਸਰਕਾਰ ਤੋਂ ਮੰਗ ਕਰਦੇ ਕਿਹਾ ਕਿ ਮ੍ਰਿਤਕ ਰਾਜਪ੍ਰੀਤ ਸਿੰਘ ਦੇ ਮਾਪਿਆਂ ਕੋਲ ਸਿਰਫ ਦੋ ਏਕੜ ਦੇ ਕਰੀਬ ਜਮੀਨ ਹੈ ਜਿਨਾਂ ਨੇ ਆਪਣੀ ਜਮੀਨ ਅਤੇ ਲੋਕਾਂ ਸਮੇਤ ਬੈਂਕ ਤੋਂ ਕਰਜ਼ਾ ਚੁੱਕ ਕੇ ਆਪਣੇ ਪੁੱਤ ਨੂੰ ਵਿਦੇਸ਼ ਕੈਨੇਡਾ ਭੇਜਿਆ ਸੀ ਜਿਸ ਲਈ ਪੰਜਾਬ ਸਰਕਾਰ ਚੜੇ ਕਰਜੇ ਨੂੰ ਮਾਫ ਕਰਨ ਲਈ ਪਰਿਵਾਰ ਦੇ ਆਰਥਿਕ ਮਦਦ ਕਰੇ ਤਾਂ ਜੋ ਬਾਕੀ ਰਹਿੰਦੇ ਪਰਿਵਾਰ ਦਾ ਗੁਜ਼ਾਰਾ ਹੋ ਸਕੇ। ਰੋਂਦੀ ਕੁਰਲਾਉਂਦੀ ਹੋਈ ਮਾਂ ਨੇ ਇਹ ਵੀ ਦੱਸਿਆ ਕਿ ਮ੍ਰਿਤਕ ਨੇ ਸਵੇਰੇ ਆਪਣੀ ਮਾਂ ਨਾਲ ਸ਼ਾਮ ਨੂੰ ਗੱਲ ਕਰਨ ਦੀ ਗੱਲ ਆਖੀ ਸੀ। ਜੋ ਆਖਰੀ ਵਾਰ ਆਪਣੇ ਮਾਪਿਆਂ ਨਾਲ ਗੱਲ ਵੀ ਨਹੀਂ ਕਰ ਸਕਿਆ। ਲਗਾਤਾਰ ਕੈਨੇਡਾ ਵਿੱਚ ਨੌਜਵਾਨ ਪੰਜਾਬੀਆਂ ਦੀ ਮੌਤ ਦੇ ਅੰਕੜੇ ਵੱਧਦੇ ਹੀ ਜਾ ਰਹੇ ਹਨ, ਜੋ ਚਿੰਤਾ ਦਾ ਵਿਸ਼ਾ ਹਨ। ਪਿਛਲੇ ਦਿਨਾਂ ਵਿੱਚ ਵੀ ਵਿਧਾਨ ਸਭਾ ਹਲਕਾ ਮਹਿਲ ਕਲਾਂ ਦੇ ਦੋ ਨੌਜਵਾਨ ਵੀ ਮੌਤ ਦੀ ਲਪੇਟ ਵਿੱਚ ਆ ਚੁੱਕੇ ਹਨ। ਜਿਨਾਂ ਦੇ ਪਿਤਾ ਵੀ ਪ੍ਰਾਈਵੇਟ ਬੱਸ ਡਰਾਈਵਰ ਤੌਰ ਤੇ ਆਪਣੀ ਡਿਊਟੀ ਕਰਦੇ ਸਨ। ਜਿਨ੍ਹਾਂ ਨੇ ਵੀ ਕਰਜ਼ਾ ਚੁੱਕ ਕੇ ਆਪਣੇ ਇਕਲੌਤੇ ਪੁੱਤਾਂ ਨੂੰ ਵਿਦੇਸ਼ ਭੇਜਿਆ ਸੀ। ਹੁਣ ਕੁਲਵੰਤ ਸਿੰਘ ਵੀ ਉਹਨਾਂ ਵਿੱਚ ਮੰਦਭਾਗਾ ਪਿਤਾ ਹੈ, ਜਿਸ ਦੇ ਪੁੱਤ ਦੀ ਮੌਤ ਵੀ ਬਿਮਾਰੀ ਕਾਰਨ ਕੈਨੇਡਾ ਵਿੱਚ ਹੋ ਗਈ।

# ਭਾਰਤ ਤੇ ਯੂਰੋਪੀਅਨ ਯੂਨੀਅਨ ਵਿਚਾਲੇ ਮੁਕਤ ਵਪਾਰ ਸਮਝੌਤਾ

## ਲਗਜ਼ਰੀ ਕਾਰਾਂ ਤੋਂ ਲੈ ਕੇ ਮਹਿੰਗੀ ਸ਼ਰਾਬ ਤੱਕ ਜਾਣੋ ਭਾਰਤ ਵਿੱਚ ਕੀ-ਕੀ ਹੋਵੇਗਾ ਸਸਤਾ !

ਨਵੀਂ ਦਿੱਲੀ : ਭਾਰਤ ਅਤੇ ਯੂਰੋਪੀਅਨ ਯੂਨੀਅਨ ਵਿਚਕਾਰ ਲੰਬੇ ਸਮੇਂ ਤੋਂ ਲਟਕਿਆ ਹੋਇਆ ਮੁਕਤ ਵਪਾਰ ਸਮਝੌਤਾ ਹੁਣ ਸਿਰੇ ਚੜ੍ਹ ਗਿਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਯੂਰੋਪੀਅਨ ਕਮਿਸ਼ਨ ਦੀ ਪ੍ਰਧਾਨ ਉਰਸੁਲਾ ਵਾਨ ਡਰ ਨੇ ਨਵੀਂ ਦਿੱਲੀ ਵਿੱਚ ਭਾਰਤ-ਯੂਰੋਪੀਅਨ ਯੂਨੀਅਨ ਮੁਕਤ ਵਪਾਰ ਸਮਝੌਤੇ (FTA) 'ਤੇ ਦਸਤਖ਼ਤ ਕੀਤੇ। ਦੋਹਾਂ ਪੱਖਾਂ ਵੱਲੋਂ ਸਮਝੌਤੇ 'ਤੇ ਹਸਤਾਖਰ ਹੋਣ ਤੋਂ ਬਾਅਦ ਹਾਲੇ ਕੁਝ ਪ੍ਰਸ਼ਾਸਕੀ ਅਤੇ ਕਾਨੂੰਨੀ ਪ੍ਰਕਿਰਿਆਵਾਂ ਪੂਰੀਆਂ ਕੀਤੀਆਂ ਜਾਣਗੀਆਂ, ਜਿਸ ਤੋਂ ਬਾਅਦ ਇਹ ਸਮਝੌਤਾ ਅਗਲੇ ਸਾਲ ਤੋਂ ਲਾਗੂ ਹੋਣ ਦੀ ਉਮੀਦ ਹੈ। ਇਸ ਸਮਝੌਤੇ ਨੂੰ 21ਵੀਂ ਸਦੀ ਦੀ ਵਿਸ਼ਵ ਅਰਥਵਿਵਸਥਾ ਦੀ ਦਿਸ਼ਾ ਤੈਅ ਕਰਨ ਵਾਲਾ ਇੱਕ ਇਤਿਹਾਸਕ ਕਦਮ ਮੰਨਿਆ ਜਾ ਰਿਹਾ ਹੈ। ਇਹ ਭਾਰਤ ਦਾ 19ਵਾਂ ਵਪਾਰ ਸਮਝੌਤਾ ਹੋਵੇਗਾ।



**ਐਫ.ਟੀ.ਏ. ਦੀ ਮਹੱਤਤਾ:** ਇਹ ਸਮਝੌਤਾ ਅਜਿਹੇ ਸਮੇਂ ਹੋ ਰਿਹਾ ਹੈ ਜਦੋਂ ਅਮਰੀਕਾ ਵੱਲੋਂ ਹੋਰ ਦੇਸ਼ਾਂ 'ਤੇ ਭਾਰੀ ਟੈਕਸ ਲਾਏ ਜਾਣ ਕਾਰਨ ਵਿਸ਼ਵ ਵਪਾਰ ਪ੍ਰਭਾਵਿਤ ਹੋ ਰਿਹਾ ਹੈ। ਭਾਰਤ ਨੂੰ ਕਈ ਉਤਪਾਦਾਂ 'ਤੇ 50 ਪ੍ਰਤੀਸ਼ਤ ਤੱਕ ਟੈਰਿਫ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਐਫਟੀਆਈ ਜ਼ਰੀਏ ਭਾਰਤ ਦਰਾਮਦ ਨੂੰ ਵੱਖਰਾ ਬਣਾਉਣ ਦੇ ਨਾਲ-ਨਾਲ ਚੀਨ 'ਤੇ ਨਿਰਭਰਤਾ ਵੀ ਘਟਾ ਸਕੇਗਾ। ਇਸੇ ਤਰ੍ਹਾਂ, ਯੂਰੋਪੀਅਨ ਯੂਨੀਅਨ ਨੂੰ ਵੀ ਅਮਰੀਕੀ ਟੈਰਿਫ ਦੇ ਖ਼ਤਰੇ ਤੋਂ ਨਿਜਾਤ ਮਿਲ ਸਕਦੀ ਹੈ।

ਭਾਰਤ ਅਤੇ EU ਲਈ ਲਾਭਕਾਰੀ : ਮੁਕਤ ਵਪਾਰ ਸਮਝੌਤੇ ਤਹਿਤ ਦੋਵੇਂ ਪਾਸਿਆਂ ਵੱਲੋਂ ਟੈਰਿਫ ਘਟਾਏ ਜਾਂ ਖ਼ਤਮ ਕੀਤੇ ਜਾਣਗੇ, ਜਿਸ ਨਾਲ ਦੋਵੇਂ ਦੇਸ਼ਾਂ ਦੀਆਂ ਵਸਤਾਂ ਦੀ ਇਕ ਦੂਜੇ ਦੇ ਬਾਜ਼ਾਰ ਤਕ ਪਹੁੰਚ ਵਧੇਗੀ। ਇਸ ਨਾਲ ਤਕਨਾਲੋਜੀ, ਫਾਰਮਾਸਿਊਟੀਕਲ, ਆਟੋਮੋਬਾਈਲ, ਟੈਕਸਟਾਈਲ ਅਤੇ ਸਟੀਲ ਵਰਗੇ ਖੇਤਰਾਂ ਨੂੰ ਵੱਡਾ ਲਾਭ ਮਿਲਣ ਦੀ ਉਮੀਦ ਹੈ। ਖਾਸ ਤੌਰ 'ਤੇ ਕੱਪੜਾ, ਚਮੜਾ, ਫਾਰਮਾਸਿਊਟੀਕਲ, ਪੈਟਰੋਲੀਅਮ ਉਤਪਾਦ ਅਤੇ ਇਲੈਕਟ੍ਰੀਕਲ ਮਸ਼ੀਨਰੀ ਵਰਗੇ ਕਿਰਤ-ਆਧਾਰਿਤ ਖੇਤਰ ਯੂਰੋਪੀਅਨ ਯੂਨੀਅਨ ਬਾਜ਼ਾਰ ਵਿੱਚ ਹੋਰ ਪ੍ਰਤੀਯੋਗੀ ਬਣਨਗੇ। ਸੇਵਾ ਖੇਤਰ ਵਿੱਚ ਵੀ ਭਾਰਤ ਲਈ ਵੱਡੇ ਮੌਕੇ ਹਨ। ਦੂਰਸੰਚਾਰ, ਆਈਟੀ, ਵਪਾਰਕ ਅਤੇ ਆਵਾਜਾਈ ਸੇਵਾਵਾਂ ਦੇ ਨਿਰਯਾਤ ਵਿੱਚ ਵਾਧਾ ਹੋ ਸਕਦਾ ਹੈ। ਦੂਜੇ ਪਾਸੇ ਯੂਰੋਪੀਅਨ ਯੂਨੀਅਨ ਨੂੰ ਭਾਰਤ ਵੱਲੋਂ ਜਹਾਜ਼ਾਂ ਦੇ ਪੁਰਜ਼ੇ, ਇਲੈਕਟ੍ਰੀਕਲ ਮਸ਼ੀਨਰੀ, ਰਸਾਇਣ ਅਤੇ ਹੋਰ ਵਰਗੇ ਉਤਪਾਦਾਂ ਦੇ ਦਰਾਮਦ ਤੋਂ ਲਾਭ ਹੋਵੇਗਾ।

**ਦੁਵੱਲਾ ਵਪਾਰ:** ਦੁਵੱਲੇ ਵਪਾਰ ਦੇ ਅੰਕੜੇ ਵੀ ਇਸ ਸਾਂਝ ਦੀ ਮਹੱਤਤਾ ਦੱਸਦੇ ਹਨ। 2024-25 ਵਿੱਚ ਭਾਰਤ-ਯੂਰੋਪੀਅਨ ਯੂਨੀਅਨ ਦਰਮਿਆਨ ਵਪਾਰ 11 ਲੱਖ 33 ਹਜ਼ਾਰ ਕਰੋੜ ਰੁਪਏ ਹੋਇਆ, ਜਿਸ ਨਾਲ ਯੂਰੋਪੀਅਨ ਯੂਨੀਅਨ ਭਾਰਤ ਦਾ ਸਭ ਤੋਂ ਵੱਡਾ ਵਪਾਰ ਭਾਈਵਾਲ ਬਣ ਗਿਆ ਹੈ। ਯੂਰੋਪੀਅਨ ਯੂਨੀਅਨ ਤੋਂ ਭਾਰਤ ਦੀ ਕੁੱਲ ਦਰਾਮਦ ਦਾ ਲਗਪਗ 17 ਪ੍ਰਤੀਸ਼ਤ ਹਿੱਸਾ ਆਉਂਦਾ ਹੈ।

**ਵਾਈਨ ਵਪਾਰ:** ਭਾਰਤ ਅਤੇ ਯੂਰਪੀ ਸੰਘ ਦਰਮਿਆਨ ਸ਼ਰਾਬ ਅਤੇ ਹੋਰ ਪਦਾਰਥਾਂ ਦਾ ਵਪਾਰ ਮਹੱਤਵਪੂਰਨ ਹੈ। ਸਾਲ 2023-24 ਦੌਰਾਨ ਭਾਰਤ ਨੇ ਯੂਰਪੀ ਸੰਘ ਨੂੰ ਵਾਈਨ ਦੀ ਦਰਾਮਦ ਲਗਪਗ 12.45 ਕਰੋੜ ਦੀ ਕੀਤੀ। ਇਸ ਤੋਂ ਇਲਾਵਾ ਵਿਸਕੀ, ਵੋਡਕਾ, ਬ੍ਰਾਂਡੀ ਆਦਿ ਵਰਗੇ ਉਤਪਾਦਾਂ ਦੀ ਦਰਾਮਦ ਕਰੀਬ 538.7 ਕਰੋੜ ਬਣਦੀ ਹੈ। ਦੂਜੇ ਪਾਸੇ, ਭਾਰਤ ਨੇ ਯੂਰਪੀ ਸੰਘ ਤੋਂ ਵਾਈਨ ਬਰਾਮਦ ਕਰੀਬ 3,422.9 ਕਰੋੜ ਦੀ ਕੀਤੀ। ਵਿਸਕੀ, ਬ੍ਰਾਂਡੀ, ਜਿਨ, ਟਕੀਲਾ, ਵੋਡਕਾ ਆਦਿ ਵਰਗੇ ਪਦਾਰਥਾਂ ਦੀ ਬਰਾਮਦ ਲਗਪਗ 184.1 ਕਰੋੜ ਰਹੀ।

ਭਾਰਤ-ਯੂਰੋਪੀਅਨ ਯੂਨੀਅਨ ਮੁਕਤ ਵਪਾਰ ਸਮਝੌਤਾ ਦੀ ਗੱਲਬਾਤ 2007 ਵਿੱਚ ਸ਼ੁਰੂ ਹੋਈ ਸੀ ਪਰ ਕਈ ਮਾਮਲਿਆਂ ਕਾਰਨ 2013 ਤੋਂ ਬਾਅਦ ਰੁਕ ਗਈ। 2022 ਵਿੱਚ ਗੱਲਬਾਤ ਮੁੜ ਸ਼ੁਰੂ ਹੋਈ ਅਤੇ ਹੁਣ ਇਹ ਅੰਤਿਮ ਪੜਾਅ 'ਚ ਪਹੁੰਚ ਗਈ ਹੈ। ਇਹ ਸਮਝੌਤਾ ਭਾਰਤ ਦੀ ਗਲੋਬਲ ਵਪਾਰਕ ਰਣਨੀਤੀ ਲਈ ਇੱਕ ਵੱਡਾ ਮੀਲ ਪੱਥਰ ਸਾਬਤ ਹੋ ਸਕਦਾ ਹੈ।

# ਗੱਲ ਹੋਵੇ ਜੇ ਕਮਾਲ ! ਬਣਦੀ ਉਹ ਮਿਸਾਲ !!

ਜ਼ਿਲ੍ਹਾ ਹੁਸ਼ਿਆਰਪੁਰ ਦੇ ਗੜ੍ਹਸ਼ੰਕਰ ਸ਼ਹਿਰ ਲਾਗਲੇ ਪਿੰਡ ਪਾਲ੍ਹੇਵਾਲ ਕੁਟੀਆ ਵਿਚ ਰਹਿੰਦੇ ਹੁੰਦੇ ਸਨ ਸੰਤ ਗਿਆਨਾ ਨੰਦ ਜੋ ਹਮੇਸ਼ਾ ਭਗਵੇਂ ਰੰਗ ਦੀ ਗਿਲਤੀ ਪਹਿਨਦੇ ਸਨ। ਦੇਸੀ ਜੜ੍ਹੀ-ਬੂਟੀਆਂ ਦੀਆਂ ਦਵਾਈਆਂ ਬਣਾਉਣ ਦਾ ਸ਼ਰਫ ਵੀ




ਹਾਸਲ ਸੀ ਉਨ੍ਹਾਂ ਨੂੰ। ਸੂਰਤ ਪੱਖੋਂ ਤਾਂ ਉਹ ਸਨ ਘੋਨ ਮੋਨ ਪਰ ਗੁਰਬਾਣੀ ਅਤੇ ਸਿੱਖ ਇਤਹਾਸ ਦੇ ਚੰਗੇ ਜਾਣੂ ਹੋਣ ਕਰਕੇ ਦੂਰ ਦੂਰ ਦੇ ਸਿੱਖ ਸਮਾਗਮਾਂ ਵਿਚ ਵੀ ਉਨ੍ਹਾਂ ਨੂੰ ਬੁਲਾਇਆ ਜਾਂਦਾ ਸੀ। ਮੇਰਾ ਉਨ੍ਹਾਂ ਨਾਲ ਅਕਸਰ ਮੇਲ-ਮਿਲਾਪ ਹੁੰਦਾ ਰਹਿੰਦਾ ਸੀ। ਪਿਆਰ ਨਾਲ ਉਹ ਮੈਨੂੰ 'ਤ੍ਰੈ-ਨੇਤਰ ਸਿੰਘ' ਕਹਿ ਕੇ ਬੁਲਾਇਆ ਕਰਦੇ ਸਨ।

ਸਾਡੇ ਪਿੰਡ ਆਇਆਂ ਕੋਈ ਗੱਲ ਚੱਲੀ ਤੋਂ ਉਨ੍ਹਾਂ ਮੈਨੂੰ ਆਪਣੀ ਇਕ ਅਜੀਬ ਜਿਹੀ ਹੱਡ-ਬੀਤੀ ਸੁਣਾਈ। ਇੰਗਲੈਂਡ ਰਹਿੰਦੇ ਉਨ੍ਹਾਂ ਦੇ ਸ਼ਰਧਾਲੂਆਂ ਨੇ ਪਿਆਰ ਸਤਿਕਾਰ ਨਾਲ ਉਨ੍ਹਾਂ ਨੂੰ ਆਪਣੇ ਕੋਲ ਯੂ.ਕੇ ਬੁਲਾਇਆ। ਉੱਥੇ ਜਾ ਕੇ ਸੰਤ ਜੀ ਨੂੰ ਪਤਾ ਲੱਗਾ ਕਿ ਉਹ ਸ਼ਰਧਾਲੂ ਉੱਥੇ ਸ਼ਰਾਬ ਦਾ ਕਾਰੋਬਾਰ ਕਰਦੇ ਹਨ। ਜਿਵੇਂ ਸਾਧ ਬਾਬਿਆਂ ਦੇ ਸ਼ਰਧਾਲੂ ਜਨ, ਨਿੱਜੀ ਕਾਰੋਬਾਰ ਵਿਚ ਬਣਦੇ ਉਤਪਾਦ ਆਪਣੇ ਸੰਤਾਂ ਨੂੰ ਵਰਤਣ ਲਈ ਭੇਟ ਕਰਕੇ ਜ਼ਿਆਦਾ ਪ੍ਰਸੰਨ ਹੁੰਦੇ ਹਨ ਤਿਵੇਂ ਇਹ ਇੰਗਲੈਂਡੀਏ ਸ਼ਰਧਾਲੂ ਬਾਬੇ ਗਿਆਨਾ ਨੰਦ ਨੂੰ ਸ਼ਰਾਬ ਦੀ ਪੇਸ਼ਕਸ਼ ਕਰਨ ਲੱਗੇ!



ਤਰਲੋਚਨ ਸਿੰਘ 'ਦੁਪਾਲ ਪੁਰ'
001-408-905-5517

ਸੰਤ ਕਹਿੰਦੇ ਮੈਂ ਉਨ੍ਹਾਂ ਨੂੰ 'ਕੋਈ ਅਕਲ ਨੂੰ ਹੱਥ ਮਾਰੋ!' ਕਹਿ ਕੇ ਵਰਜਿਆ ਵੀ ਪਰ ਉਹ ਸ਼ਰਾਬ ਪੀਣ ਬਾਰੇ ਕਈ ਤਰਾਂ ਦੀਆਂ ਦਲੀਲਾਂ ਦੇਣ ਲੱਗ ਪਏ ਕਦੇ ਕੋਈ ਬੋਤਲ ਮੇਰੇ ਮੋਹਰੇ ਰੱਖ ਕੇ ਕਿਹਾ ਕਰਨ ਕਿ ਇਹ ਸ਼ਰਾਬ ਨਹੀਂ ਜੌਆਂ ਦਾ ਅਰਕ ਹੀ ਹੈ ਗਰਮੀਆਂ 'ਚ ਜੌਆਂ ਦੇ ਸੱਤੂ ਵੀ ਸਾਰੇ ਪੀ ਲੈਂਦੇ ਹਨ, ਇਸ 'ਪਾਣੀ' ਨੂੰ ਵੀ ਸੱਤੂ ਹੀ ਸਮਝੋ। ਕਦੇ ਕਿਸੇ ਹੋਰ ਰੰਗ ਦੀ ਬੋਤਲ ਮੇਰੇ ਅੱਗੇ ਰੱਖਕੇ ਕਹਿਣ ਕਿ ਇਹਨੂੰ ਤਾਂ ਇੱਥੇ ਆਪਣੀਆਂ ਬੀਬੀਆਂ ਵੀ ਪੀ ਲੈਂਦੀਆਂ ਹਨ! ਤੁਸੀਂ ਇਹ ਤਾਂ ਛਕ ਕੇ ਦੇਖੋ? ਮੇਰੇ ਵਲੋਂ ਪੱਕਾ ਇਨਕਾਰ ਕਰੀ ਜਾਣ 'ਤੇ ਉਹ ਇਕ ਦਿਨ ਥੋੜਾ ਝੁੰਜਲਾ ਕੇ ਕਹਿਣ ਲੱਗੇ ਕਿ ਸੰਤ ਜੀ ਤੁਸੀਂ ਸਾਡੀ ਸ਼ੌਪ 'ਤੇ ਚੱਲ ਕੇ ਦੇਖਿਉ ਸਾਡੇ ਕੋਲੋਂ ਰਾਗੀ ਢਾਡੀ ਅਤੇ ਕਈ 'ਜਥੇਦਾਰ' ਵੀ ਫਲਾਣੇ ਬਰਾਂਡ ਦੀ ਸ਼ਰਾਬ ਲੈਣ ਆਉਂਦੇ ਹਨ। ਜੇ ਉਹ ਧਾਰਮਿਕ ਪ੍ਰਚਾਰਕ ਲੋਕ ਕਿਤੇ ਥੋੜ੍ਹੀ ਬਹੁਤ ਸ਼ਰਾਬ ਪੀ ਲੈਂਦੇ ਹਨ ਤਾਂ ਸਾਡੀ 'ਸ਼ਰਧਾ ਪੂਰੀ ਕਰਦਿਆਂ' ਤੁਹਾਡੇ ਦੋ ਘੁੱਟ ਪੀਣ ਨਾਲ ਕੀ ਗੁਨਾਹ ਹੋ ਚੱਲਿਆ ਐ ਭਲਾ ਗਿਆਨਾ ਨੰਦ ਕਹਿੰਦੇ ਉਨ੍ਹਾਂ ਮੂੰਹੋਂ ਇਹ ਗੱਲ ਸੁਣਕੇ ਮੈਂ ਹੱਸਦਿਆਂ ਕਿਹਾ-

'ਬਸ ਬਸ ਬਸ.....ਭਾਈ ਸਿੱਖੋ, ਮੈਂ ਇਸੇ ਕਰਕੇ ਹੀ ਨਹੀਂ ਪੀਂਦਾ ਕਿ ਕੋਈ ਇੱਕ-ਅੱਧ ਧਾਰਮਿਕ ਪ੍ਰਚਾਰਕ ਐਸਾ ਵੀ ਹੋਣਾ ਹੀ ਚਾਹੀਦਾ ਹੈ ਕਿ ਜਿਹਦੀ 'ਨਾ ਪੀਂਦਾ ਹੋਣ ਦੀ' ਮਿਸਾਲ ਦਿੱਤੀ ਜਾ ਸਕੇ? ਬਈ ਅਜਿਹਾ ਵੀ ਕੋਈ ਚਾਹੀਦਾ ਈ ਐ ਕਿ ਨਹੀਂ?'

ਦੂਸਰੀ ਨਿਗੂਣੀ ਜਿਹੀ 'ਕਮਾਲ' ਮੇਰੇ ਨਿੱਜ ਨਾਲ ਸਬੰਧਤ ਹੈ-ਸਾਡੇ ਪਿੰਡ ਲਾਗੇ ਵਗਦੇ ਸਤਲੁਜ ਦਰਿਆ ਵੱਲ੍ਹ ਦੇ ਪਾਸੇ 'ਫਲਾਹੀਆਂ' ਨਾਮ ਦੀ ਝਿੜੀ (ਜੋ ਕਿਸੇ ਸਮੇਂ ਪਸ਼ੂਆਂ ਦੀ ਖੁਲ੍ਹੀ ਚਰਾਂਦ ਹੁੰਦੀ ਸੀ) ਵਿੱਚ ਪੰਜਾਂ ਪੀਰਾਂ ਦੀ ਇਕ ਕਬਰ ਹੈ। ਬਜ਼ੁਰਗ ਦੱਸਦੇ ਹੁੰਦੇ ਸਨ ਕਿ ਸੰਨ ਸੰਤਾਲੀ ਤੋਂ ਪਹਿਲਾਂ ਦੁਪਾਲ ਪੁਰ ਰਹਿੰਦੇ ਕਈ ਮੁਸਲਿਮ ਪ੍ਰਵਾਰਾਂ 'ਚੋਂ ਅਰਾਈਂ ਪ੍ਰਵਾਰ ਇੱਥੇ ਜੁਮੇਂ ਨੂੰ ਕਵਾਲੀਆਂ ਗਾਉਂਦੇ ਹੁੰਦੇ ਸਨ। ਸਾਡੇ ਬਚਪਨ ਵੇਲੇ ਤਾਂ ਉਹ ਬੇਅਬਾਦ ਜਿਹੀ ਹੁੰਦੀ ਸੀ ਪਰ ਹੌਲੀ ਹੌਲੀ ਲੋਕੀ ਉੱਥੇ ਮੱਥਾ ਟੇਕਣ ਲੱਗ ਪਏ। ਸਾਡੇ ਦੇਖਦੇ ਦੇਖਦੇ ਉੱਥੇ ਇਕ 'ਮਜੌਰ' ਵੀ ਬਹਿ ਗਿਆ ਜੋ ਹਰੇਕ ਸਾਲਾ 'ਸੱਭਿਆਚਾਰਕ ਮੇਲਾ' ਵੀ ਕਰਾਉਣ ਲੱਗ ਪਿਆ ਕਬਰ ਉੱਤੇ।

ਦੇਖਾ-ਦੇਖੀ ਸਾਡੇ ਪਿੰਡ ਦੇ ਬਹੁਤੇ ਲੋਕਾਂ ਵਾਂਗ ਵੀਰਵਾਰ ਜਾਂ ਸ਼ੁੱਕਰਵਾਰ ਵਾਲੇ ਦਿਨ ਇਕ ਉਹ ਪ੍ਰਵਾਰ ਵੀ ਪੰਜਾਂ ਪੀਰਾਂ ਦੇ ਮੱਥਾ ਟੇਕਣ ਜਾਣ ਲੱਗ ਪਿਆ ਜਿਸ ਟੱਬਰ ਦਾ ਇਕ ਨੌਜਵਾਨ ਮੁੰਡਾ ਮੇਰੇ ਛੋਟੇ ਭਰਾ ਦਾ ਹਮਜਮਾਤੀ ਸੀ। ਇਸੇ ਕਾਰਨ ਉਹਦੀ ਸਾਡੇ ਨਾਲ ਚੰਗੀ ਬਹਿਣੀ-ਉੱਠਣੀ ਸੀ। ਉਹ ਮੁੰਡਾ ਅਕਸਰ ਸਾਡੇ ਨਾਲ ਗੁਰਮਤਿ ਜਾਂ ਗੁਰਬਾਣੀ ਬਾਰੇ ਵੀ ਸਵਾਲ-ਜਵਾਬ ਕਰਦਾ ਰਹਿੰਦਾ ਸੀ। ਉਹਦੇ ਘਰ ਦੇ ਦੂਸਰੇ ਜੀਅ ਤਾਂ ਗਾਹੇ ਬਗਾਹੇ ਪੰਜੀਂ ਪੀਰੀਂ 'ਚਿਰਾਗ਼' ਵਗੈਰਾ ਕਰਨ ਚਲੇ ਜਾਂਦੇ ਪਰ ਉਹ ਨਹੀਂ ਸੀ ਕਦੇ ਉੱਥੇ ਜਾਂਦਾ!

ਇਸੇ ਦੌਰਾਨ ਕੁੱਝ ਅਰਸੇ ਬਾਅਦ ਸਾਡੇ ਪਿੰਡ ਦੇ ਇਕ ਹੋਰ ਕਹਿੰਦੇ ਕਹਾਉਂਦੇ 'ਸਿੱਖ ਪ੍ਰਵਾਰ' ਨੇ ਵੀ ਪੰਜ ਪੀਰਾਂ ਦੀ ਕਬਰ 'ਤੇ ਜਾਣਾ ਸ਼ੁਰੂ ਕਰ ਦਿੱਤਾ! ਫਲਾਹੀਆਂ ਵਾਲੀ ਕਬਰ ਦੇ ਨਵੇਂ ਨਵੇਂ ਸ਼ਰਧਾਲੂ ਬਣੇ ਇਸ 'ਸਿੱਖ ਪ੍ਰਵਾਰ' ਦੀ ਮਿਸਾਲ ਦਿੰਦਿਆਂ ਉਸ ਮੁੰਡੇ ਦੇ ਘਰ ਵਾਲਿਆਂ ਨੇ ਕਿਹਾ ਕਿ ਕਾਕਾ ਦੇਖ ਲੈ ਫਲਾਣਿਆਂ ਦਾ ਟੱਬਰ ਵੀ ਚਿਰਾਗ਼ ਕਰਨ ਲੱਗ ਪਿਆ ਐ! ਹੁਣ ਤਾਂ ਤੂੰ ਸਾਡੇ ਨਾਲ ਪੰਜੀ ਪੀਰੀਂ ਚੱਲਿਆ ਕਰ ਮੱਥਾ ਟੇਕਣ?

ਉਸ ਮੁੰਡੇ ਨੇ ਸਾਡੇ ਘਰੇ ਆ ਕੇ ਮੈਨੂੰ ਦੱਸਿਆ! ਕਹਿੰਦਾ ਭਾਅ ਜੀ ਮੈਂ ਤੁਹਾਡਾ ਨਾਂ ਲੈ ਕੇ ਆਪਣੇ ਘਰ ਦਿਆਂ ਨੂੰ ਕਿਹਾ ਕਿ ਜਿਸ ਦਿਨ ਬੀਰੇ ਹੁਣਾ ਦੇ ਘਰ ਦੇ ਉੱਥੇ ਜਾਣ ਲੱਗ ਪਏ ਫੇਰ ਮੈਨੂੰ ਦੱਸਿਉ, ਮੈਂ ਵੀ ਜਰੂਰ ਚਲਾ ਜਾਇਆ ਕਰਾਂ ਗਾ ਤੁਹਾਡੇ ਨਾਲ!!

'ਤਦ ਮੈਂ ਦੇਖ ਅਚੰਭਤ ਹੋਇਆ।
ਸਿੱਖਾਂ ਦੀ ਕਿਸਮਤ ਪਰ ਰੋਇਆ।
ਦੇਖੋ ਯਾਰੋ ਇਹ ਗੁਰ ਪੰਥ।
ਗੁਣਦਾ ਮੂਲ ਨਾ ਗੁਰੂ ਗ੍ਰੰਥ।
ਜਗ੍ਹਾ ਜਗ੍ਹਾ ਪਰ ਭਟਕਤ ਐਸੇ।
ਭੁੱਖਾ ਕਾਗ ਕੁਰੰਗ ਪਰ ਜੈਸੇ।'

-ਗਿਆਨੀ ਦਿੱਤ ਸਿੰਘ ਲਿਖਤ ਕਿਤਾਬ 'ਗੁੱਗਾ ਗਪੌੜਾ ਤੇ ਸੁਲਤਾਨ ਪੁਆੜਾ' ਸਫਾ-45

# ਸਾਰਥਿਕ ਮਾਹੌਲ 'ਚ ਹੋਈ ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀਆਂ ਦੀ ਮੀਟਿੰਗ

## • ਪਾਣੀ ਦੇ ਫੈਸਲੇ ਬਿਨਾਂ ਨਹਿਰ ਬਣਾਉਣ ਅਰਥਹੀਣ : ਭਗਵੰਤ ਮਾਨ

## • ਪੰਜਾਬ ਨੇ ਮੁੜ ਦੁਹਰਾਇਆ ਕਿ ਦੇਣ ਲਈ ਸਾਡੇ ਕੋਲ ਵਾਧੂ ਨਹੀਂ



ਚੰਡੀਗੜ੍ਹ : ਸੁਪਰੀਮ ਕੋਰਟ ਵਲੋਂ ਪੰਜਾਬ ਤੇ ਹਰਿਆਣਾ ਨੂੰ ਆਪਸੀ ਗੱਲਬਾਤ ਰਾਹੀਂ ਸਤਲੁਜ-ਯਮੁਨਾ ਲਿੰਕ ਨਹਿਰ ਦੀ ਉਸਾਰੀ ਦਾ ਹੱਲ ਕੱਢਣ ਲਈ ਦਿੱਤੇ ਆਦੇਸ਼ਾਂ ਅਨੁਸਾਰ ਪੰਜਾਬ ਤੇ ਹਰਿਆਣਾ ਦੇ ਮੁੱਖ ਮੰਤਰੀਆਂ ਦਰਮਿਆਨ ਹੋਈ 6ਵੀਂ ਬੈਠਕ ਦੌਰਾਨ ਇਸ ਮੁੱਦੇ 'ਤੇ ਗੱਲਬਾਤ ਹੋਈ। ਚੰਡੀਗੜ੍ਹ ਦੇ ਹੋਟਲ ਤਾਜ ਵਿਚ ਹੋਈ ਇਸ ਮੀਟਿੰਗ ਦੌਰਾਨ ਦੋਵਾਂ ਰਾਜਾਂ ਦੇ ਸਿੰਜਾਈ ਮੰਤਰੀ, ਮੁੱਖ ਸਕੱਤਰ ਤੇ ਸੀਨੀਅਰ ਅਧਿਕਾਰੀ ਵੀ ਹਾਜ਼ਰ ਸਨ। ਸੂਚਨਾ ਅਨੁਸਾਰ ਮੀਟਿੰਗ ਵਿਚ ਪੰਜਾਬ ਦੇ ਮੁੱਖ ਮੰਤਰੀ ਨੇ ਆਪਣਾ ਪੱਖ ਦੁਹਰਾਇਆ ਕਿ ਮਗਰਲੇ ਸਾਲਾਂ ਦੌਰਾਨ ਪੰਜਾਬ ਦੇ ਦਰਿਆਵਾਂ ਵਿਚ ਪਾਣੀ ਦੀ ਉਪਲਬਧਤਾ ਵਿਚ ਵੱਡੀ ਕਮੀ ਆਈ ਹੈ, ਜਿਸ ਕਾਰਨ ਪਾਣੀ ਦੀ ਵੰਡ ਸੰਬੰਧੀ ਕੋਈ ਵੀ ਫ਼ੈਸਲਾ ਮੌਜੂਦਾ ਉਪਲਬਧਤਾ ਅਨੁਸਾਰ ਹੀ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਇਸ ਵੇਲੇ ਰਾਜ ਦੀਆਂ ਪਾਣੀ ਸੰਬੰਧੀ ਆਪਣੀਆਂ ਲੋੜਾਂ ਹੀ ਪੂਰੀਆਂ ਨਹੀਂ ਹੋ ਰਹੀਆਂ ਅਤੇ ਪੰਜਾਬ ਕੋਲ ਕਿਸੇ ਹੋਰ ਰਾਜ ਨੂੰ ਦੇਣ ਲਈ ਵਾਧੂ ਪਾਣੀ ਉਪਲਬਧ ਨਹੀਂ ਹੈ। ਪੰਜਾਬ ਦੇ ਪ੍ਰਮੁੱਖ ਸਕੱਤਰ ਸਿੰਜਾਈ ਕ੍ਰਿਸ਼ਨ ਕੁਮਾਰ ਨੇ ਵੀ ਉਪਲਬਧ ਪਾਣੀ ਵਿਚ ਆਈ ਕਮੀ ਦਾ ਬਿਊਰਾ ਦਿੱਤਾ ਅਤੇ ਦੱਸਿਆ ਕਿ ਰਾਜ ਕੋਲ ਆਪਣੀ ਸਿੰਜਾਈ ਲੋੜਾਂ ਲਈ ਵੀ ਲੋੜੀਂਦਾ ਪਾਣੀ ਨਹੀਂ ਹੈ। ਇਹ ਮੀਟਿੰਗ ਜੋ ਕੋਈ 30-35 ਮਿੰਟ ਹੀ ਚੱਲੀ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਮੀਟਿੰਗ ਚੰਗੇ ਮਾਹੌਲ ਵਿਚ ਹੋਈ। ਉਨ੍ਹਾਂ ਕਿਹਾ ਕਿ ਇਹ ਮੁੱਦਾ ਲੰਬੇ ਸਮੇਂ ਤੋਂ ਲਟਕ ਰਿਹਾ ਹੈ। ਅਸੀਂ ਭਾਈ ਘਨੱਈਆ ਦੇ ਵਾਰਿਸ ਹਾਂ ਜੋ ਦੁਸ਼ਮਣਾਂ ਨੂੰ ਵੀ ਪਾਣੀ ਪਿਆਉਂਦੇ ਰਹੇ, ਲੇਕਿਨ ਹਰਿਆਣਾ ਤਾਂ ਸਾਡਾ ਦੁਸ਼ਮਣ ਨਹੀਂ, ਬਲਕਿ ਸਾਡਾ ਭਰਾ ਹੈ। ਅਸੀਂ ਵੀ ਚਾਹੁੰਦੇ ਹਾਂ ਕਿ ਇਸ ਮਸਲੇ ਦਾ ਕੋਈ ਹੱਲ ਨਿਕਲੇ, ਇਸ ਲਈ ਅੱਜ ਦੀ ਮੀਟਿੰਗ 'ਚ ਫ਼ੈਸਲਾ ਹੋਇਆ ਹੈ ਕਿ ਹੁਣ ਅੱਗੋਂ ਦੋਵਾਂ ਰਾਜਾਂ ਦੇ ਅਧਿਕਾਰੀ ਮੁਢਲੇ ਤੌਰ 'ਤੇ ਇਸ ਮਸਲੇ ਦੇ ਹੱਲ ਲਈ ਵਿਚਾਰ-ਵਟਾਂਦਰੇ ਜਾਰੀ ਰੱਖਣ ਅਤੇ ਆਪਣੀਆਂ ਸਰਕਾਰਾਂ ਨੂੰ ਇਸ ਸੰਬੰਧੀ ਰਿਪੋਰਟ ਕਰਦੇ ਰਹਿਣ। ਉਨ੍ਹਾਂ ਕਿਹਾ ਕਿ ਅਧਿਕਾਰੀ ਸੁਪਰੀਮ ਕੋਰਟ ਦੀ ਤਾਰੀਖ਼ ਦਾ ਇੰਤਜ਼ਾਰ ਕੀਤੇ ਬਿਨਾਂ ਮੀਟਿੰਗ ਕਰ ਸਕਦੇ ਹਨ, ਜੋ ਮਹੀਨੇ ਵਿਚ ਇਕ ਵਾਰ ਤੋਂ ਵੱਧ ਵੀ ਹੋ ਸਕਦੀਆਂ ਹਨ। ਮੁੱਖ ਮੰਤਰੀ ਕਿਹਾ ਕਿ ਫ਼ੈਸਲੇ ਤੇ ਬਟਵਾਰੇ ਤਾਂ ਗੱਲਬਾਤ ਰਾਹੀਂ ਬੈਠ ਕੇ ਹੀ ਹੋ ਸਕਦੇ ਹਨ। ਲੇਕਿਨ ਕਿਸੇ ਦਾ ਹੱਕ ਨਹੀਂ ਮਾਰਿਆ ਜਾਣਾ ਚਾਹੀਦਾ। ਜਦੋਂ ਪੱਤਰਕਾਰਾਂ ਨੇ ਮੁੱਖ ਮੰਤਰੀ ਨੂੰ ਪੁੱਛਿਆ ਕਿ ਐਸ.ਵਾਈ.ਐਲ. ਨਹਿਰ 'ਤੇ ਉਸਾਰੀ ਕਦੋਂ ਸ਼ੁਰੂ ਹੋਵੇਗੀ ਤਾਂ ਮੁੱਖ ਮੰਤਰੀ ਨੇ ਕਿਹਾ ਕਿ ਪਹਿਲਾਂ ਪਾਣੀ ਦੀ ਵੰਡ ਤੇ ਉਪਲੱਬਧਤਾ ਸੰਬੰਧੀ ਤਾਂ ਫ਼ੈਸਲਾ ਹੋਣ ਦੇਵੋ ਫਿਰ ਨਹਿਰ ਵੀ ਬਣ ਜਾਵੇਗੀ। ਉਨ੍ਹਾਂ ਪੱਤਰਕਾਰਾਂ ਨੂੰ ਕਿਹਾ ਕਿ ਪਾਣੀ ਤੋਂ ਬਿਨਾਂ ਨਹਿਰ ਬਣਾ ਕੇ ਨਹਿਰ 'ਚ ਜੂਸ ਭੇਜੋਗੇ। ਉਨ੍ਹਾਂ ਪੱਤਰਕਾਰਾਂ ਨੂੰ ਕਿਹਾ ਕਿ ਉਨ੍ਹਾਂ ਨੂੰ ਅੱਜ ਕੋਈ ਬ੍ਰੇਕਿੰਗ ਨਿਊਜ਼ ਨਹੀਂ ਮਿਲਣ ਵਾਲੀ। ਮੁੱਖ ਮੰਤਰੀ ਹਰਿਆਣਾ ਨਾਇਬ ਸਿੰਘ ਸੈਣੀ ਨੇ ਵੀ ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਹ ਗੁਰੂਆਂ ਦੀ ਧਰਤੀ ਹੈ ਅਤੇ ਗੁਰੂਆਂ ਦੇ ਅਨਮੋਲ ਬਚਨ ਸਾਡੀ ਰਹਿਨੁਮਾਈ ਕਰਦੇ ਹਨ। ਉਨ੍ਹਾਂ ਕਿਹਾ ਕਿ ਜਦੋਂ ਗੱਲਬਾਤ ਚੰਗੇ ਮਾਹੌਲ 'ਚ ਹੁੰਦੀ ਹੈ, ਤਾਂ ਉਸ ਦੇ ਨਤੀਜੇ ਵੀ ਚੰਗੇ ਆਉਂਦੇ ਹਨ। ਉਨ੍ਹਾਂ ਕਿਹਾ ਕਿ ਇਹ ਮੀਟਿੰਗ ਸੁਪਰੀਮ ਕੋਰਟ ਦੇ ਆਦੇਸ਼ਾਂ 'ਤੇ ਹੀ ਹੋ ਰਹੀ ਹੈ ਅਤੇ ਅਗਲੇ ਦਿਨਾਂ ਦੌਰਾਨ ਅਧਿਕਾਰੀਆਂ ਦੀਆਂ ਮੀਟਿੰਗਾਂ ਜਾਰੀ ਰਹਿਣਗੀਆਂ। ਅਧਿਕਾਰੀਆਂ ਦੀਆਂ ਰਿਪੋਰਟਾਂ ਦੇ ਅਧਾਰ 'ਤੇ ਦੋਵੇਂ ਮੁੱਖ ਮੰਤਰੀ ਇਸ ਮੁੱਦੇ 'ਤੇ ਕੋਈ ਫ਼ੈਸਲੇ ਲੈਣਗੇ। ਮੀਟਿੰਗ ਪੰਜਾਬ ਵਲੋਂ ਮੁੱਖ ਮੰਤਰੀ ਤੋਂ ਇਲਾਵਾ ਸਿੰਜਾਈ ਮੰਤਰੀ ਬਰਿੰਦਰ ਕੁਮਾਰ ਗੋਇਲ, ਐਡਵੋਕੇਟ ਜਨਰਲ ਮਨਿੰਦਰਜੀਤ ਸਿੰਘ ਬੇਦੀ, ਮੁੱਖ ਸਕੱਤਰ ਕੇ.ਏ.ਪੀ. ਸਿਨਹਾ ਅਤੇ ਪ੍ਰਮੁੱਖ ਸਕੱਤਰ ਸਿੰਜਾਈ ਕ੍ਰਿਸ਼ਨ ਕੁਮਾਰ ਤੇ ਦੂਜੇ ਅਧਿਕਾਰੀ ਵੀ ਹਾਜ਼ਰ ਸਨ। ਜਦੋਂ ਕਿ ਹਰਿਆਣਾ ਵਲੋਂ ਵੀ ਮੁੱਖ ਮੰਤਰੀ ਤੋਂ ਇਲਾਵਾ ਸਿੰਜਾਈ ਮੰਤਰੀ ਸ੍ਰੀਮਤੀ ਸ਼ਰੂਤੀ ਚੌਧਰੀ ਰਾਜ ਦੇ ਮੁੱਖ ਸਕੱਤਰ ਤੇ ਪ੍ਰਮੁੱਖ ਸਕੱਤਰ ਸਿੰਜਾਈ ਵੀ ਹਾਜ਼ਰ ਸਨ।

# ਬਦਲੇ ਸੁਰ, ਮਿਲੇ ਤਾਲ: ਪੰਜਾਬ-ਹਰਿਆਣਾ ਹੁਣ 'ਭਰਾ-ਭਰਾ'

ਚੰਡੀਗੜ੍ਹ, (ਚਰਨਜੀਤ ਭੁੱਲਰ) ਸਤਲੁਜ ਯਮੁਨਾ ਲਿੰਕ ਨਹਿਰ ਮਾਮਲੇ 'ਤੇ ਇੱਥੇ ਛੇਵੇਂ ਗੇੜ ਦੀ ਮੀਟਿੰਗ 'ਚ ਮੁੱਖ ਮੰਤਰੀ ਭਗਵੰਤ ਮਾਨ ਤੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੇ ਮਿਜਾਜ਼ ਬਦਲੇ ਹੋਏ ਨਜ਼ਰ ਆਏ। ਸ੍ਰੀ ਮਾਨ ਅਤੇ ਸ੍ਰੀ ਸੈਣੀ ਵਿੱਚ ਅੱਜ ਸੁਰ ਵੀ ਮਿਲੇ ਅਤੇ ਤਾਲ ਵੀ। ਇੱਕ-ਦੂਜੇ ਖ਼ਿਲਾਫ਼ ਸਿਆਸੀ ਤੀਰ ਖਿੱਚਣ ਵਾਲੇ ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀ ਮੁਹੱਬਤੀ ਰੌਅ 'ਚ ਦਿਖੇ।



ਮੀਟਿੰਗ ਵੀ ਦੋਸਤਾਨਾ ਮਾਹੌਲ 'ਚ ਹੋਈ ਅਤੇ ਮੀਟਿੰਗ ਵਿੱਚ ਜਾਣ ਤੋਂ ਪਹਿਲਾਂ ਦੋਵੇਂ ਮੁੱਖ ਮੰਤਰੀ ਸਵੇਰ ਦੇ ਖਾਣੇ 'ਤੇ ਮਿਲੇ। ਪਹਿਲੀ ਵਾਰ ਦੋਵਾਂ ਨੇ ਸਾਂਝੀ ਪ੍ਰੈੱਸ ਕਾਨਫਰੰਸ ਕੀਤੀ। ਪਹਿਲਾਂ ਸ੍ਰੀ ਮਾਨ ਅਤੇ ਸ੍ਰੀ ਸੈਣੀ ਨੇ ਮੀਟਿੰਗ ਦੌਰਾਨ ਯਾਦਗਾਰੀ ਤੋਹਫ਼ੇ ਸਾਂਝੇ ਕੀਤੇ ਅਤੇ ਆਪੋ-ਆਪਣੇ ਅਫ਼ਸਰਾਂ ਦੀ ਜਾਣ-ਪਛਾਣ ਕਰਾਈ। ਪਿਛੇ ਦੇਖੀਏ ਤਾਂ ਪੰਜ ਮੀਟਿੰਗਾਂ ਵਿੱਚ ਦੋਵੇਂ ਮੁੱਖ ਮੰਤਰੀ ਆਪੋ-ਆਪਣੇ ਸੂਬੇ ਦੇ ਹੱਕ ਨੂੰ ਠੋਸ ਤਰੀਕੇ ਨਾਲ ਪੇਸ਼ ਕਰਦੇ ਰਹੇ ਸਨ। ਪਾਣੀ ਦੀ ਇੱਕ ਬੂੰਦ ਨਾ ਦੇਣ, ਨਹਿਰ ਦੀ ਉਸਾਰੀ ਕਰਨ ਅਤੇ ਹਰਿਆਣਾ ਤੋਂ ਯਮੁਨਾ ਦੇ ਪਾਣੀ 'ਚੋਂ ਹਿੱਸਾ ਮੰਗਣ ਵਰਗੇ ਇਹ ਮੁੱਦੇ ਜ਼ੋਰਦਾਰ ਤਰੀਕੇ ਨਾਲ ਉਠਦੇ ਰਹੇ ਹਨ। ਅਧਿਕਾਰੀ ਵੀ ਅੱਜ ਬਦਲੇ ਮਾਹੌਲ ਤੋਂ ਕਾਫ਼ੀ ਹੈਰਾਨ ਸਨ।

ਅੱਜ ਦੋਵੇਂ ਮੁੱਖ ਮੰਤਰੀ ਆਪੋ-ਆਪਣੇ ਸੂਬੇ ਦੇ ਮਾਹੌਲ ਨੂੰ ਖ਼ਰਾਬ ਨਾ ਹੋਣ ਦੀ ਗੱਲ ਵੀ ਆਖਦੇ ਰਹੇ। ਸਿਆਸੀ ਮਾਹਿਰ ਆਖਦੇ ਹਨ ਕਿ ਪੰਜਾਬ ਵਿਧਾਨ ਸਭਾ ਚੋਣਾਂ ਹੁਣ ਬਹੁਤਾ ਦੂਰ ਨਹੀਂ ਹਨ। ਭਾਜਪਾ ਪੂਰੀ ਤਿਆਰੀ ਨਾਲ ਇਨ੍ਹਾਂ ਚੋਣਾਂ 'ਚ ਉੱਤਰੇਗੀ ਅਤੇ ਖ਼ਾਸ ਕਰ ਕੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਪੰਜਾਬ 'ਚ ਗੇੜੇ ਮਾਰ ਰਹੇ ਹਨ। ਹਰਿਆਣਾ ਦੇ ਕਿਸਾਨਾਂ ਲਈ ਕੀਤੇ ਕੰਮਾਂ ਨੂੰ ਪੰਜਾਬ 'ਚ ਉਭਾਰ ਰਹੇ ਹਨ। ਸਤਲੁਜ ਯਮੁਨਾ ਲਿੰਕ ਨਹਿਰ ਭਾਵੁਕ ਮੁੱਦਾ ਹੈ ਅਤੇ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਇਸ ਨੂੰ ਪੰਜਾਬ ਚੋਣਾਂ ਦੇ ਮੱਦੇਨਜ਼ਰ ਗਰਮਾਉਣਾ ਨਹੀਂ ਚਾਹੁੰਦੀ। ਪੰਜਾਬ ਚੋਣਾਂ ਦਾ ਪਰਛਾਵਾਂ ਅੱਜ ਮੀਟਿੰਗ 'ਤੇ ਸਾਫ਼ ਨਜ਼ਰ ਆਇਆ। ਭਾਜਪਾ ਪਾਣੀਆਂ ਦੇ ਮੁੱਦੇ 'ਤੇ ਪੰਜਾਬ ਦੇ ਕਿਸਾਨੀ ਨੂੰ ਫ਼ਿਲਹਾਲ ਨਾਰਾਜ਼ ਨਹੀਂ ਕਰਨਾ ਚਾਹੁੰਦੀ। ਇਸੇ ਕਰ ਕੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਉੱਤਰੀ ਜ਼ੋਨਲ ਕੌਂਸਲ ਦੀ ਫ਼ਰੀਦਾਬਾਦ 'ਚ ਹੋਈ ਮੀਟਿੰਗ ਪਾਣੀਆਂ ਨਾਲ ਸਬੰਧਤ ਸਭ ਮੁੱਦੇ ਮੁਲਤਵੀ ਕਰ ਦਿੱਤੇ ਸਨ।

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਅੱਜ ਬਾਬੇ ਨਾਨਕ ਦੀ ਬਾਣੀ ਦੇ ਹਵਾਲੇ ਨਾਲ ਕਿਹਾ ਕਿ ਗੁਰੂਆਂ ਦੀਆਂ ਸਿੱਖਿਆਵਾਂ ਨੇ ਮਾਰਗ ਦਰਸ਼ਨ ਕੀਤਾ ਹੈ ਅਤੇ ਗੱਲਬਾਤ ਸੁਖਾਵੇਂ ਮਾਹੌਲ 'ਚ ਹੋਈ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਉਹ ਤਾਂ ਭਾਈ ਘਨ੍ਹੱਈਆ ਦੇ ਵਾਰਸ ਹਨ ਅਤੇ ਹਰਿਆਣਾ ਦੁਸ਼ਮਣ ਨਹੀਂ, ਸਾਡਾ ਭਰਾ ਹੈ। ਹਰਿਆਣਾ 1966 'ਚ ਵੱਖ ਹੋ ਗਿਆ ਪਰ ਛੋਟਾ ਭਰਾ ਹੈ। ਮੁੱਖ ਮੰਤਰੀ ਮਾਨ ਨੇ ਪ੍ਰੈੱਸ ਕਾਨਫਰੰਸ ਦੇ ਅਖੀਰ 'ਚ ਕਿਹਾ ਕਿ ਉਹ ਅੱਜ ਕੋਈ ਬਰੇਕਿੰਗ ਨਹੀਂ ਦੇਣਗੇ।

ਸਿਆਸੀ ਮਾਹਿਰ ਇਹ ਵੀ ਆਖ ਰਹੇ ਹਨ ਕਿ ਸਤਲੁਜ ਯਮੁਨਾ ਲਿੰਕ ਨਹਿਰ ਦਾ ਮਾਮਲਾ ਸੁਪਰੀਮ ਕੋਰਟ 'ਚ ਹੈ ਅਤੇ ਸੁਪਰੀਮ ਕੋਰਟ ਨੇ ਦੋਵੇਂ ਸੂਬਿਆਂ ਨੂੰ ਗੱਲਬਾਤ ਜ਼ਰੀਏ ਮਾਮਲਾ ਨਜਿੱਠਣ ਲਈ ਨਿਰਦੇਸ਼ ਦਿੱਤੇ ਹੋਏ ਹਨ।

**ਵਿਰੋਧੀਆਂ ਨੇ ਮੁੱਖ ਮੰਤਰੀ ਨੂੰ ਘੇਰਿਆ**

ਚੰਡੀਗੜ੍ਹ : ਸਤਲੁਜ ਯਮੁਨਾ ਲਿੰਕ ਨਹਿਰ (ਐੱਸ ਵਾਈ ਐੱਲ) ਬਾਰੇ ਮੀਟਿੰਗ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਭਾਈ ਘੱਨ੍ਹਈਆ ਜੀ ਦਾ ਹਵਾਲਾ ਦੇਣ 'ਤੇ ਸਿਆਸਤ ਗਰਮਾ ਗਈ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮੁੱਖ ਮੰਤਰੀ ਵੱਲੋਂ ਭਾਈ ਘੱਨ੍ਹਈਆ ਜੀ ਦਾ ਹਵਾਲਾ ਦੇ ਕੇ ਪੰਜਾਬ ਦੇ ਦਰਿਆਈ ਪਾਣੀਆਂ ਨੂੰ ਹੋਰਾਂ ਰਾਜਾਂ ਖਾਸ ਕਰ ਕੇ ਹਰਿਆਣਾ ਨੂੰ ਦੇਣ ਲਈ ਜਾਇਜ਼ ਠਹਿਰਾਉਣ ਦੀ ਨਿਖੇਧੀ ਕੀਤੀ ਹੈ। ਵਿਧਾਇਕ ਪਰਗਟ ਸਿੰਘ ਨੇ ਕਿਹਾ ਕਿ ਐੱਸ ਵਾਈ ਐੱਲ ਵਰਗੇ ਮਸਲੇ 'ਤੇ ਮੁੱਖ ਮੰਤਰੀ ਵੱਲੋਂ ਰਿਪੇਰੀਅਨ ਸਿਧਾਂਤ ਅਨੁਸਾਰ ਗੱਲ ਕਰਨ ਦੀ ਬਜਾਏ ਸਿੱਖ ਇਤਿਹਾਸ ਵਿੱਚੋਂ ਭਾਈ ਘੱਨ੍ਹਈਆ ਜੀ ਦੀ ਉਦਾਹਰਨ ਗ਼ਲਤ ਸੰਦਰਭ ਵਿੱਚ ਦੇਣਾ ਪੂਰੀ ਸਰਕਾਰ ਦੀ ਬਦਨੀਤੀ ਨੂੰ ਦਰਸਾਉਂਦਾ ਹੈ। ਇੰਡੀਅਨ ਨੈਸ਼ਨਲ ਲੋਕ ਦਲ ਦੇ ਕੌਮੀ ਪ੍ਰਧਾਨ ਅਭੈ ਸਿੰਘ ਚੌਟਾਲਾ ਨੇ ਕਿਹਾ ਕਿ ਪੰਜਾਬ ਤੇ ਹਰਿਆਣਾ ਦੇ ਮੁੱਖ ਮੰਤਰੀਆਂ ਵੱਲੋਂ ਲੋਕਾਂ ਨੂੰ ਗੁਮਰਾਹ ਕਰਨ ਲਈ ਮੀਟਿੰਗ ਕੀਤੀ ਗਈ ਹੈ।

# ਸ਼ਹੀਦ ਬਾਬਾ ਦੀਪ ਸਿੰਘ ਦੇ ਜਨਮ ਦਿਹਾੜੇ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਜਾਇਆ ਨਗਰ ਕੀਰਤਨ





ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਸਬੰਧੀ ਅੱਜ ਧਾਰਮਿਕ ਸਭਾ-ਸੁਸਾਇਟੀਆਂ ਤੇ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਤੱਕ ਨਗਰ ਕੀਰਤਨ ਸਜਾਇਆ ਗਿਆ। ਨਗਰ ਕੀਰਤਨ ਦੀ ਆਰੰਭਤਾ ਤੋਂ ਪਹਿਲਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਗਿਆਨੀ ਅਮਰਜੀਤ ਸਿੰਘ ਨੇ ਪੰਜ ਪਿਆਰੇ ਸਾਹਿਬਾਨ ਤੇ ਨਿਸ਼ਾਨਚੀ ਸਿੰਘਾਂ ਨੂੰ ਸਿਰੋਪਾਓ ਦੇ ਕੇ ਨਿਵਾਜਿਆ। ਅਰਦਾਸ ਉਪਰੰਤ ਗਿਆਨੀ ਅਮਰਜੀਤ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸਰੂਪ ਪਾਲਕੀ ਸਾਹਿਬ ਵਿਚ ਸੁਸ਼ੋਭਿਤ ਕੀਤਾ ਅਤੇ ਨਗਰ ਕੀਰਤਨ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠ ਚੌਰ ਸਾਹਿਬ ਦੀ ਸੇਵਾ ਨਿਭਾਈ।

ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਰੰਭ ਹੋਏ ਨਗਰ ਕੀਰਤਨ ਦਾ ਪਲਾਜ਼ਾ ਘੰਟਾ ਘਰ, ਜ਼ਲ੍ਹਿਆਂ ਵਾਲਾ ਬਾਗ, ਚੌਂਕ ਘਿਓ ਮੰਡੀ, ਪਾਣੀ ਵਾਲੀ ਟੈਂਕੀ, ਸਵਰਨ ਹਾਊਸ, ਸੁਲਤਾਨਵਿੰਡ ਰੋਡ, 100 ਫੁੱਟੀ ਰੋਡ ਤੋਂ ਤੇਜ ਨਗਰ ਚੌਕ, ਸ਼ਹੀਦ ਊਧਮ ਸਿੰਘ ਨਗਰ, ਕੋਟ ਮਾਹਣਾ ਸਿੰਘ ਤਰਨ ਤਾਰਨ ਰੋਡ ਆਦਿ ਥਾਵਾਂ 'ਤੇ ਸੰਗਤ ਨੇ ਭਰਵਾਂ ਸਵਾਗਤ ਕਰਦਿਆਂ ਸਤਿਕਾਰ ਭੇਟ ਕੀਤਾ। ਨਗਰ ਕੀਰਤਨ ਵਿਚ ਨਿਹੰਗ ਸਿੰਘ ਜਥੇਬੰਦੀਆਂ ਘੋੜੇ, ਊਠ ਅਤੇ ਹਾਥੀ ਸਮੇਤ ਜਾਹੋ-ਜਲਾਲ ਨਾਲ ਸ਼ਾਮਲ ਹੋਈਆਂ। ਇਸੇ ਦੌਰਾਨ ਗਤਕਾ ਤੇ ਬੈਂਡ ਪਾਰਟੀਆਂ ਨੇ ਵੀ ਭਰਵੀਂ ਸ਼ਮੂਲੀਅਤ ਕੀਤੀ। ਵੱਖ-ਵੱਖ ਪੜਾਵਾਂ 'ਤੇ ਸੰਗਤਾਂ ਵੱਲੋਂ ਕਈ ਪ੍ਰਕਾਰ ਦੇ ਲੰਗਰ ਲਗਾਏ ਗਏ ਸਨ।

## ਗੁਰਦੁਆਰਾ ਗੁਰੂ ਕੇ ਮਹਿਲ ਤੋਂ ਬਰਾਤ ਰੂਪੀ ਨਗਰ ਕੀਰਤਨ ਸਜਾਇਆ

### ਦੇਰ ਸ਼ਾਮ ਨਗਰ ਕੀਰਤਨ ਦੀ ਗੁਰੂ ਕਾ ਲਾਹੌਰ ਵਿੱਚ ਸਮਾਪਤੀ ਹੋਈ



ਸ੍ਰੀ ਆਨੰਦਪੁਰ ਸਾਹਿਬ : ਕਲਗੀਧਰ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਅਤੇ ਮਾਤਾ ਜੀਤ ਕੌਰ ਦੇ ਵਿਆਹ ਪੁਰਬ ਪੰਥ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਤਖ਼ਤ ਕੇਸਗੜ੍ਹ ਸਾਹਿਬ ਦੀ ਛਤਰ ਛਾਇਆ ਹੇਠ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਜੋੜ ਮੇਲੇ ਦੇ ਪਹਿਲੇ ਦਿਨ ਗੁਰਦੁਆਰਾ ਗੁਰੂ ਕੇ ਮਹਿਲ (ਭੋਰਾ ਸਾਹਿਬ) ਆਨੰਦਪੁਰ ਸਾਹਿਬ ਵਿਖੇ ਅਖੰਡ ਪਾਠ ਦੇ ਭੋਗ ਉਪਰੰਤ ਦੀਵਾਨ ਸਜਾਏ ਗਏ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਨਗਰ ਕੀਰਤਨ ਦੀ ਆਰੰਭਤਾ ਦੀ ਅਰਦਾਸ ਤਖ਼ਤ ਕੇਸਗੜ੍ਹ ਸਾਹਿਬ ਦੇ ਹੈੱਡ ਗ੍ਰੰਥੀ ਸਿੰਘ ਜੋਗਿੰਦਰ ਸਿੰਘ ਵੱਲੋਂ ਕੀਤੀ ਗਈ। ਨਗਰ ਕੀਰਤਨ ਆਨੰਦਪੁਰ ਸਾਹਿਬ ਦੇ ਬਜ਼ਾਰਾਂ ਵਿੱਚੋਂ ਹੁੰਦਾ ਹੋਇਆ ਗੁਰਦੁਆਰਾ ਸਿਹਰਾ ਸਾਹਿਬ ਵਿਖੇ ਰੁਕਿਆ, ਜਿੱਥੇ ਸਜੇ ਦੀਵਾਨ ਵਿਚ ਰਾਗੀ-ਢਾਡੀਆਂ ਵਲੋਂ ਕੀਰਤਨ ਅਤੇ ਵਾਰਾਂ ਸੁਣਾਈਆਂ ਗਈਆਂ। ਉਪਰੰਤ ਨਗਰ ਕੀਰਤਨ ਗੁਰਦੁਆਰਾ ਤ੍ਰਿਵੈਣੀ ਸਾਹਿਬ, ਗੁਰਦੁਆਰਾ ਪੌੜ ਸਾਹਿਬ ਤੋਂ ਹੁੰਦਾ ਹੋਇਆ ਗੁਰਦੁਆਰਾ ਆਨੰਦ ਕਾਰਜ ਗੁਰੂ ਕਾ ਲਾਹੌਰ ਪੁੱਜ ਕੇ ਦੇਰ ਸ਼ਾਮ ਸਮਾਪਤ ਹੋਇਆ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਭਾਈ ਅਮਰਜੀਤ ਸਿੰਘ ਚਾਵਲਾ, ਸ਼੍ਰੋਮਣੀ ਕਮੇਟੀ ਦੇ ਐਗਜੈਕਟਿਵ ਮੈਂਬਰ ਦਲਜੀਤ ਸਿੰਘ ਭਿੰਡਰ, ਐਗਜੈਕਟਿਵ ਮੈਂਬਰ ਬੀਬੀ ਹਰਜਿੰਦਰ ਕੌਰ, ਕਾਰ ਸੇਵਾ ਕਿਲਾ ਅਨੰਦਗੜ੍ਹ ਸਾਹਿਬ ਸੰਪਰਦਾ ਦੇ ਮੁੱਖ ਪ੍ਰਬੰਧਕ ਸੰਤ ਬਾਬਾ ਸਤਨਾਮ ਸਿੰਘ, ਬਾਬਾ ਅਵਤਾਰ ਸਿੰਘ ਟਿੱਬੀ ਸਾਹਿਬ ਵਾਲੇ, ਤਖ਼ਤ ਕੇਸਗੜ੍ਹ ਸਾਹਿਬ ਦੇ ਮੈਨੇਜਰ ਮਲਕੀਤ ਸਿੰਘ, ਵਧੀਕ ਮੈਨੇਜਰ ਹਰਦੇਵ ਸਿੰਘ, ਵਧੀਕ ਮੈਨੇਜਰ ਸੰਦੀਪ ਸਿੰਘ ਕਲੋਤਾ, ਇੰਦਰਜੀਤ ਸਿੰਘ ਅਰੋੜਾ ਪ੍ਰਧਾਨ ਵਪਾਰ ਮੰਡਲ, ਸਾਬਕਾ ਪ੍ਰਧਾਨ ਮਹਿੰਦਰ ਸਿੰਘ ਵਾਲੀਆ, ਜਸਵਿੰਦਰ ਸਿੰਘ ਬਿੱਟੂ, ਜਥੇਦਾਰ ਰਾਮ ਸਿੰਘ, ਮਨਜਿੰਦਰ ਸਿੰਘ ਬਰਾੜ, ਤੇਜਿੰਦਰ ਸਿੰਘ ਵਾਲੀਆ, ਠੇਕੇਦਾਰ ਗੁਰਨਾਮ ਸਿੰਘ, ਇਸਤਰੀ ਸਤਿਸੰਗ ਸਭਾ ਦੇ ਪ੍ਰਧਾਨ ਮਾਤਾ ਗੁਰਚਰਨ ਕੌਰ, ਬੀਬੀ ਸੁਰਿੰਦਰਪਾਲ ਕੌਰ, ਬੀਬੀ ਤਜਿੰਦਰ ਕੌਰ, ਬੀਬੀ ਮਨਜੀਤ ਕੌਰ, ਬੀਬੀ ਤਰਨਜੀਤ ਕੌਰ, ਬੀਬੀ ਬਲਬੀਰ ਕੌਰ ਤੇ ਬੀਬੀ ਪਰਵਿੰਦਰ ਕੌਰ ਤੋਂ ਇਲਾਵਾ ਵੱਡੀ ਗਿਣਤੀ ਵਿਚ ਦੇਸ਼-ਵਿਦੇਸ਼ ਦੀ ਸੰਗਤ ਹਾਜ਼ਰ ਸੀ।

## ਸ੍ਰੀ ਦਰਬਾਰ ਸਾਹਿਬ ਵਿਖੇ ਬ੍ਰਿਟਿਸ਼ ਵ਼ਫਦ ਦਾ ਕੀਤਾ ਗਿਆ ਸਨਮਾਨ

### ਸਿਮਰਨਜੀਤ ਸਿੰਘ ਮਾਨ ਵੱਲੋਂ ਸ੍ਰੀ ਸਾਹਿਬ ਤੇ ਸਿਰੋਪਾਓ ਕੀਤਾ ਗਿਆ ਭੇਟ

ਅੰਮ੍ਰਿਤਸਰ : ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਅੱਜ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਏ। ਇਸ ਮੌਕੇ ਉਨ੍ਹਾਂ ਨੇ ਬਰਮਿੰਘਮ ਦੇ ਸਾਬਕਾ ਲਾਰਡ ਮੇਅਰ ਕਾਰਲ ਰਾਈਸ ਮੋਬ ਦੀ ਅਗਵਾਈ ਹੇਠ ਆਏ ਬ੍ਰਿਟਿਸ਼ ਵਫ਼ਦ ਨੂੰ ਸ੍ਰੀ ਸਾਹਿਬ, ਸਿਰੋਪਾ ਅਤੇ ਸ਼ਾਲ ਦੇ ਕੇ ਸਨਮਾਨਿਤ ਕੀਤਾ।



ਸਨਮਾਨ ਉਪਰੰਤ ਮੀਡੀਆ ਨਾਲ ਗੱਲਬਾਤ ਕਰਦਿਆਂ ਮਾਨ ਨੇ ਕਿਹਾ ਕਿ ਸਿੱਖਾਂ ਅਤੇ ਵਿਦੇਸ਼ੀ ਰਾਜਨੀਤਿਕ ਆਗੂਆਂ ਨਾਲ ਮਜ਼ਬੂਤ ਸਬੰਧ ਬਣਾਈ ਰੱਖਣ ਲਈ ਇਹ ਸਨਮਾਨ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਕਾਰਲ ਰਾਈਸ ਵਿਸ਼ੇਸ਼ ਤੌਰ 'ਤੇ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕਣ ਲਈ ਪਹੁੰਚੇ ਸਨ। ਮਾਨ ਨੇ ਚੌਥੇ ਅਤੇ ਪੰਜਵੇਂ ਪਾਤਸ਼ਾਹ ਦੀ ਵਿਰਾਸਤ ਨੂੰ ਯਾਦ ਕਰਦਿਆਂ ਕਿਹਾ ਕਿ ਰੰਗਰੇਟਿਆਂ ਦਾ ਬੁੰਗਾ ਬਣਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਚਿੰਤਾ ਜਤਾਈ ਕਿ ਇਸ ਦੀ ਅਣਹੋਂਦ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੀ ਹੈ । ਉਨ੍ਹਾਂ ਨੇ 328 ਗੁੰਮ ਹੋਏ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੇ ਮਾਮਲੇ ਨੂੰ ਲੈ ਕੇ ਵੀ ਗੰਭੀਰ ਸਵਾਲ ਉਠਾਏ । ਮਾਨ ਨੇ ਕਿਹਾ ਕਿ ਸਪੱਸ਼ਟ ਨਿਰਦੇਸ਼ਾਂ ਦੇ ਬਾਵਜੂਦ ਸਿੱਟ ਵੱਲੋਂ ਕੋਈ ਢੁੱਕਵੀਂ ਪ੍ਰਗਤੀ ਨਹੀਂ ਕੀਤੀ ਗਈ। ਇਸ ਦੇ ਨਾਲ ਹੀ ਉਨ੍ਹਾਂ ਨੇ ਸਿੱਖ ਜੂਡੀਸਲ ਕਮਿਸ਼ਨ ਦੇ ਮੈਂਬਰ ਸਤਨਾਮ ਸਿੰਘ ਕਲੇਰ ਉੱਤੇ ਲਾਪਰਵਾਹੀ ਅਤੇ ਸੰਭਾਵਿਤ ਹੇਰਾਫੇਰੀ ਦੇ ਦੋਸ਼ ਲਗਾਉਂਦਿਆਂ ਕਿਹਾ ਕਿ ਸੁਣਵਾਈਆਂ ਤੇ ਵਾਰ-ਵਾਰ ਗੈਰਹਾਜ਼ਰੀ ਸਵਾਲ ਖੜ੍ਹੇ ਕਰਦੀ ਹੈ ਅਤੇ ਇਸ ਸਬੰਧੀ ਰਸਮੀ ਸ਼ਿਕਾਇਤਾਂ ਵੀ ਕੀਤੀਆਂ ਗਈਆਂ ਹਨ। ਜਿਸ ਤੋਂ ਬਾਅਦ ਹਾਈਕੋਰਟ ਨੇ ਆਦੇਸ਼ ਦਿੱਤਾ ਹੈ ਕਿ ਸਤਨਾਮ ਸਿੰਘ ਕਲੇਰ 328 ਪਾਵਨ ਸਰੂਪਾਂ ਦੇ ਮਾਮਲੇ ਵਿੱਚ ਹੁਣ ਦਖਲ ਨਹੀਂ ਕਰ ਸਕਦੇ ।

ਮਾਨ ਨੇ ਸ੍ਰੀ ਦਰਬਾਰ ਸਾਹਿਬ ਵਿਖੇ ਹਾਲ ਹੀ ਵਿੱਚ ਹੋਈ ਬੇਅਦਬੀ ਦੀ ਘਟਨਾ ਦੀ ਤਿੱਖੀ ਨਿੰਦਾ ਕਰਦਿਆਂ ਕਿਹਾ ਕਿ ਕਿਸੇ ਵੀ ਧਰਮ ਦੇ ਪੂਜਾ ਸਥਾਨ 'ਤੇ ਨਿਰਾਦਰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਜਿਵੇਂ ਸਿੱਖ ਮਸਜਿਦਾਂ ਅਤੇ ਚਰਚਾਂ ਦਾ ਸਤਿਕਾਰ ਕਰਦੇ ਹਨ, ਓਸੇ ਤਰ੍ਹਾਂ ਸਿੱਖ ਧਰਮ ਦਾ ਸਤਿਕਾਰ ਵੀ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਬੇਅਦਬੀ ਦੀਆਂ ਵਾਰ-ਵਾਰ ਵਾਪਰੀਆਂ ਘਟਨਾਵਾਂ ਸਿੱਖ ਪ੍ਰਭੂਸੱਤਾ ਦੀ ਅਣਹੋਂਦ ਨਾਲ ਜੁੜੀਆਂ ਹਨ ਅਤੇ ਇਹ ਰੁਕਣਗੀਆਂ ਨਹੀਂ ਜੇਕਰ ਸਿੱਖ ਇਕਜੁੱਟ ਨਹੀਂ ਹੁੰਦੇ। ਉਨ੍ਹਾਂ ਆਉਣ ਵਾਲੀਆਂ ਚੋਣਾਂ ਦੇ ਮੱਦੇਨਜ਼ਰ ਸਾਰੇ ਅਕਾਲੀ ਧੜਿਆਂ ਨੂੰ ਬਿਨਾਂ ਕਿਸੇ ਸ਼ਰਤ ਦੇ ਇਕੱਠੇ ਹੋਣ ਦਾ ਸੱਦਾ ਦਿੱਤਾ ਤਾਂ ਜੋ ਵੰਡ ਅਤੇ ਰਾਜਨੀਤਿਕ ਸ਼ੋਸ਼ਣ ਦਾ ਅੰਤ ਕੀਤਾ ਜਾ ਸਕੇ। ਅੰਤ ਵਿੱਚ ਮਾਨ ਨੇ ਵਿਸ਼ਵਾਸ ਜਤਾਇਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਉਣ ਵਾਲੇ ਧਾਰਮਿਕ ਪ੍ਰੋਗਰਾਮ ਨੂੰ ਪੂਰਾ ਸਮੱਰਥਨ ਦੇ ਰਹੀ ਹੈ ਅਤੇ ਅਰਦਾਸ ਨੂੰ ਸਹੀ ਢੰਗ ਨਾਲ ਕਰਵਾਇਆ ਜਾਵੇਗਾ।

## ਬਿਕਰਮ ਮਜੀਠੀਆ ਦੇ ਸਾਥੀ ਹਰਪ੍ਰੀਤ ਗੁਲਾਟੀ ਖ਼ਿਲਾ਼ਫ ਚਾਰਜਸ਼ੀਟ ਦਾਖ਼ਲ

### ਵਿਜੀਲੈਂਸ ਨੇ ਮੋਹਾਲੀ ਅਦਾਲਤ 'ਚ ਸਪਲੀਮੈਂਟਰੀ ਚਾਰਜਸ਼ੀਟ ਕੀਤੀ ਪੇਸ਼

ਮੋਹਾਲੀ: ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿਚ ਬਿਕਰਮ ਸਿੰਘ ਮਜੀਠੀਆ ਦੀਆਂ ਮੁਸ਼ਕਿਲਾਂ ਦਿਨੋ ਦਿਨ ਵਧਦੀਆਂ ਹੀ ਜਾ ਰਹੀਆਂ ਹਨ। ਮਜੀਠੀਆ ਦਾ ਸਾਥੀ ਹਰਪ੍ਰੀਤ ਗੁਲਾਟੀ ਉਸ ਦੀਆਂ ਕਈ ਕੰਪਨੀਆਂ ਵਿੱਚ ਬਿਜ਼ਨਸ ਪਾਰਟਨਰ ਵੀ ਸੀ। ਅੱਜ ਮੋਹਾਲੀ ਅਦਾਲਤ ਵਿੱਚ ਵਿਜੀਲੈਂਸ ਵੱਲੋਂ 2007 ਤੋਂ ਲੈ ਕੇ 2017 ਤੱਕ ਦਾ ਲੇਖਾ ਜੋਖਾ ਇਕੱਠਾ ਕਰ 11000 ਪੰਨਿਆਂ ਦੀ ਸਪਲੀਮੈਂਟਰੀ ਚਾਰਸ਼ੀਟ ਫਾਈਲ ਕਰ ਦਿੱਤੀ ਗਈ। ਜ਼ਿਕਰਯੋਗ ਹੈ ਕਿ 25 ਜੂਨ 2025 ਨੂੰ ਵਿਜੀਲੈਂਸ ਵੱਲੋਂ ਬਿਕਰਮ ਸਿੰਘ ਮਜੀਠੀਆ ਨੂੰ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ, ਉਦੋਂ ਤੋਂ ਹੀ ਮਜੀਠੀਆ ਨਾਭਾ ਜੇਲ੍ਹ ਵਿੱਚ ਬੰਦ ਹੈ। ਹਾਲਾਂਕਿ ਉਸ ਦੀ ਜ਼ਮਾਨਤ ਅਰਜ਼ੀ ਮੋਹਾਲੀ ਅਦਾਲਤ ਅਤੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਤੋਂ ਵੀ ਖਾਰਜ ਹੋ ਚੁੱਕੀ ਹੈ। ਹੁਣ ਸੁਪਰੀਮ ਕੋਰਟ ਵਿੱਚ ਉਸ ਦੀ ਸੁਣਵਾਈ ਚੱਲ ਰਹੀ ਹੈ।



# ਹੁਸ਼ਿਆਰਪੁਰ 'ਚ ਗਣਤੰਤਰ ਦਿਵਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਲਹਿਰਾਇਆ ਤਿਰੰਗਾ

- 2027 ਤੱਕ ਗੁਰੂ ਰਵਿਦਾਸ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹੋਣਗੇ ਸੂਬਾ ਪੱਧਰੀ ਸਮਾਗਮ
- 'ਯੁੱਧ ਨਸ਼ਿਆਂ ਵਿਰੁੱਧ', 'ਆਪ੍ਰੇਸ਼ਨ ਪਰਿਹਾਰ' ਨਾਲ ਪੰਜਾਬ ਮੁੜ ਪਟੜੀ 'ਤੇ ਆਇਆ







ਹੁਸ਼ਿਆਰਪੁਰ : 77ਵੇਂ ਗਣਤੰਤਰ ਦਿਵਸ ਮੌਕੇ ਪੁਲਿਸ ਲਾਈਨ ਗਰਾਊਂਡ ਹੁਸ਼ਿਆਰਪੁਰ ਵਿਖੇ ਕਰਵਾਏ ਗਏ ਸਮਾਗਮ ਦੌਰਾਨ ਮੁੱਖ ਮਹਿਮਾਨ ਵਜੋਂ ਪਹੁੰਚੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕੌਮੀ ਝੰਡਾ ਲਹਿਰਾਇਆ। ਇਸ ਦੌਰਾਨ ਉਨ੍ਹਾਂ ਦੇਸ਼ ਦੀ ਆਜ਼ਾਦੀ ਲਈ ਕੁਰਬਾਨ ਹੋਏ ਸ਼ਹੀਦਾਂ ਨੂੰ ਯਾਦ ਕਰਦਿਆਂ ਭਾਰਤੀ ਸੰਵਿਧਾਨ ਦੀ ਮਹਾਨਤਾ ਦਾ ਜ਼ਿਕਰ ਕੀਤਾ ਅਤੇ ਸੂਬਾ ਵਾਸੀਆਂ ਨੂੰ ਅਧਿਕਾਰਾਂ ਦੀ ਵਰਤੋਂ ਦੇ ਨਾਲ-ਨਾਲ ਫ਼ਰਜ਼ ਪ੍ਰਤੀ ਸੁਚੇਤ ਰਹਿਣ ਲਈ ਵੀ ਪ੍ਰੇਰਿਤ ਕੀਤਾ। ਇਸ ਮੌਕੇ ਉਨ੍ਹਾਂ ਸੂਬਾ ਸਰਕਾਰ ਦੀਆਂ ਪ੍ਰਾਪਤੀਆਂ ਅਤੇ ਲੋਕ-ਹਿਤ ਸਕੀਮਾਂ ਬਾਰੇ ਚਰਚਾ ਕਰਦਿਆਂ ਸਰਕਾਰ ਦੀਆਂ ਆਗਾਮੀ ਯੋਜਨਾਵਾਂ ਤੋਂ ਵੀ ਜਾਣੂ ਕਰਵਾਇਆ। ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ ਪਰੇਡ ਕਮਾਂਡਰ ਧੀਰੇਂਦਰ ਵਰਮਾ ਅਤੇ ਸਹਾਇਕ ਪਰੇਡ ਕਮਾਂਡਰ ਰਮਨਪ੍ਰੀਤ ਸਿੰਘ ਗਿੱਲ ਦੀ ਅਗਵਾਈ ਵਾਲੀ ਪਰੇਡ ਦਾ ਨਿਰੀਖਣ ਕੀਤਾ ਅਤੇ ਪੰਜਾਬ ਪੁਲਿਸ, ਪੰਜਾਬ ਹੋਮਗਾਰਡਜ਼, ਪੈਸਕੋ, ਐਨ.ਸੀ.ਸੀ., ਬੁਆਏ ਸਕਾਊਟਸ, ਪੁਲਿਸ ਕੈਡਿਟਸ, ਗਰਲ ਗਾਈਡਜ਼ ਅਤੇ ਪੰਜਾਬ ਪੁਲਿਸ ਬ੍ਰਾਸ ਬੈਂਡ ਦੀਆਂ ਟੁਕੜੀਆਂ ਤੋਂ ਸਲਾਮੀ ਲਈ। ਉਪਰੰਤ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਦੀਆਂ ਸੱਭਿਆਚਾਰਕ ਪੇਸ਼ਕਾਰੀਆਂ ਨੂੰ ਦੇਖਿਆ ਅਤੇ ਗਣਤੰਤਰ ਦਿਵਸ ਸਮਾਰੋਹ ਦੌਰਾਨ ਪ੍ਰਾਪਤੀਆਂ ਹਾਸਲ ਕਰਨ ਵਾਲਿਆਂ ਨੂੰ ਸਨਮਾਨਿਤ ਕੀਤਾ। ਇਸ ਮੌਕੇ ਉਨ੍ਹਾਂ ਨਾਲ ਉਨ੍ਹਾਂ ਦੀ ਪਤਨੀ ਡਾ. ਗੁਰਪ੍ਰੀਤ ਕੌਰ ਮਾਨ ਸਮੇਤ ਸੰਸਦ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ, ਵਿਧਾਇਕ ਬ੍ਰਹਮ ਸ਼ੰਕਰ ਜਿੰਪਾ, ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ, ਵਿਧਾਇਕ ਡਾ. ਇਸ਼ਾਂਕ ਕੁਮਾਰ, ਵਿਧਾਇਕ ਐਡਵੋਕੇਟ ਕਰਮਵੀਰ ਸਿੰਘ ਘੁੰਮਣ, ਐਡਵੋਕੇਟ ਇੰਦਰਪਾਲ ਸਿੰਘ ਧੰਨਾ ਮੁੱਖ ਸੂਚਨਾ ਕਮਿਸ਼ਨਰ ਪੰਜਾਬ, ਡਿਪਟੀ ਕਮਿਸ਼ਨਰ ਆਸ਼ਿਕਾ ਜੈਨ, ਜ਼ਿਲ੍ਹਾ ਪੁਲਿਸ ਮੁਖੀ ਸੰਦੀਪ ਕੁਮਾਰ ਮਲਿਕ, ਵਧੀਕ ਡਿਪਟੀ ਕਮਿਸ਼ਨਰ (ਜ) ਅਮਰਬੀਰ ਕੌਰ ਭੁੱਲਰ, ਐਸ.ਡੀ.ਐਮ. ਗੁਰਸਿਮਰਨਜੀਤ ਕੌਰ ਤੇ ਹੋਰ ਅਧਿਕਾਰੀ ਵੀ ਮੌਜੂਦ ਸਨ। ਸਮਾਗਮ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਆਜ਼ਾਦੀ ਤੋਂ ਬਾਅਦ ਸੂਬੇ ਨੂੰ ਇਸ ਦੀ ਰਾਜਧਾਨੀ ਅਤੇ ਵੱਖਰੀ ਹਾਈਕੋਰਟ ਤੋਂ ਗ਼ੈਰ-ਕਾਨੂੰਨੀ ਤਰੀਕੇ ਨਾਲ ਵਾਂਝਾ ਰੱਖਿਆ ਗਿਆ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਚੰਡੀਗੜ੍ਹ ਪੰਜਾਬ ਯੂਨੀਵਰਸਿਟੀ ਅਤੇ ਇਸ ਦੇ ਪਾਣੀ ਦੇ ਅਧਿਕਾਰਾਂ 'ਤੇ ਪੰਜਾਬ ਦੇ ਦਾਅਵੇ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਸਫਲ ਨਹੀਂ ਹੋਣਗੀਆਂ। ਉਨ੍ਹਾਂ ਸਪੱਸ਼ਟ ਕੀਤਾ ਕਿ ਚੰਡੀਗੜ੍ਹ ਪੰਜਾਬ ਦਾ ਹੈ ਅਤੇ ਹਮੇਸ਼ਾਂ ਰਹੇਗਾ। ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਗੁਰੂ ਰਵਿਦਾਸ ਦਾ 650ਵਾਂ ਪ੍ਰਕਾਸ਼ ਪੁਰਬ ਇਸ ਸਾਲ ਤੋਂ 20 ਫਰਵਰੀ 2027 ਤੱਕ ਸੂਬਾ ਪੱਧਰੀ ਪ੍ਰੋਗਰਾਮਾਂ ਰਾਹੀਂ ਮਨਾਇਆ ਜਾਵੇਗਾ। ਉਨ੍ਹਾਂ ਕਿਹਾ 'ਯੁੱਧ ਨਸ਼ਿਆਂ ਵਿਰੁੱਧ' ਅਤੇ 'ਆਪ੍ਰੇਸ਼ਨ ਪਰਹਾਰ', 'ਗੈਂਗਸਟਰਾਂ 'ਤੇ ਵਾਰ' ਤਹਿਤ ਨਸ਼ਿਆਂ, ਗੈਂਗਸਟਰਾਂ ਅਤੇ ਨਾਰਕੋ-ਡਰੋਨਾਂ ਵਿਰੁੱਧ ਫ਼ੈਸਲਾਕੁਨ ਕਾਰਵਾਈ, 10 ਲੱਖ ਰੁਪਏ ਤੱਕ ਦੀ ਸਰਵਵਿਆਪੀ ਸਿਹਤ ਸੰਭਾਲ, ਰਿਸ਼ਵਤ ਤੋਂ ਬਿਨਾਂ 63,000 ਤੋਂ ਵੱਧ ਸਰਕਾਰੀ ਨੌਕਰੀਆਂ ਪ੍ਰਦਾਨ ਕਰਨ ਅਤੇ ਸੜਕ ਸੁਰੱਖਿਆ ਫੋਰਸ ਰਾਹੀਂ ਸੜਕ ਹਾਦਸਿਆਂ ਵਿਚ ਮੌਤਾਂ ਵਿਚ ਤੇਜ਼ੀ ਨਾਲ ਕਮੀ ਆਈ ਹੈ। ਉਨ੍ਹਾਂ ਮਨਰੇਗਾ 'ਚ ਅਨੁਸੂਚਿਤ ਜਾਤੀ ਅਤੇ ਬੇਜ਼ਮੀਨੇ ਪਰਿਵਾਰਾਂ ਨੂੰ ਪ੍ਰਭਾਵਿਤ ਕਰਨ ਵਾਲੇ ਬਦਲਾਵਾਂ 'ਤੇ ਵੀ ਚਿੰਤਾ ਪ੍ਰਗਟ ਕੀਤੀ। ਉਨ੍ਹਾਂ ਪੰਜਾਬ 'ਚ 1.5 ਲੱਖ ਕਰੋੜ ਰੁਪਏ ਦੇ ਰਿਕਾਰਡ ਨਿਵੇਸ਼ ਦਾ ਹਵਾਲਾ ਦਿੱਤਾ, ਜਿਸ ਨਾਲ 5.2 ਲੱਖ ਨੌਕਰੀਆਂ ਪੈਦਾ ਹੋਈਆਂ ਹਨ। ਉਨ੍ਹਾਂ ਕਿਹਾ ਕਿ ਬੀ.ਬੀ.ਐਮ.ਬੀ. ਅਤੇ ਪਾਣੀਆਂ 'ਤੇ ਪੰਜਾਬ ਦੇ ਕਾਨੂੰਨੀ ਹੱਕਾਂ



'ਤੇ ਛਾਪਾ ਮਾਰਨ ਦੀ ਕੋਝੀ ਚਾਲ ਚੱਲੀ ਗਈ ਸੀ ਪਰ ਸੂਬਾ ਸਰਕਾਰ ਨੇ ਇਸ ਨੂੰ ਸਫਲ ਨਹੀਂ ਹੋਣ ਦਿੱਤਾ। ਉਨ੍ਹਾਂ ਕਿਹਾ ਕਿ ਹੁਸ਼ਿਆਰਪੁਰ ਵਿਚ ਮੈਡੀਕਲ ਕਾਲਜ 'ਤੇ ਕੰਮ ਜਲਦੀ ਸ਼ੁਰੂ ਹੋ ਜਾਵੇਗਾ ਅਤੇ ਫਰਵਰੀ ਵਿਚ ਹੋਣ ਵਾਲੇ 'ਨੇਚਰ ਫੈਸਟ' ਲਈ ਪੋਸਟਰ ਜਾਰੀ ਕੀਤੇ। ਮੁੱਖ ਮੰਤਰੀ ਨੇ ਆਜ਼ਾਦੀ ਘੁਲਾਟੀਆਂ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਦਾ ਸਨਮਾਨ ਕੀਤਾ, ਦਿਵਿਆਂਗ ਵਿਅਕਤੀਆਂ ਨੂੰ ਟਰਾਈ-ਸਾਈਕਲ ਅਤੇ ਲੋੜਵੰਦ ਔਰਤਾਂ ਨੂੰ ਸਿਲਾਈ ਮਸ਼ੀਨਾਂ ਵੰਡੀਆਂ। ਇਸ ਮੌਕੇ ਸੂਬੇ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਵਿਕਾਸ ਨੂੰ ਦਰਸਾਉਂਦੀਆਂ ਝਾਕੀਆਂ ਵੀ ਪ੍ਰਦਰਸ਼ਿਤ ਕੀਤੀਆਂ ਗਈਆਂ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਗਣਤੰਤਰ ਦਿਵਸ ਸਮਾਰੋਹ ਦੌਰਾਨ ਸਮਾਜ ਵਿਚ ਸ਼ਾਨਦਾਰ ਯੋਗਦਾਨ ਪਾਉਣ ਵਾਲੇ ਵੱਖ-ਵੱਖ ਖੇਤਰਾਂ ਦੀਆਂ ਸ਼ਖ਼ਸੀਅਤਾਂ ਅਤੇ ਹੋਰ ਅਧਿਕਾਰੀਆਂ ਨੂੰ ਵੀ ਸਨਮਾਨਿਤ ਕੀਤਾ।

## SSF ਦੇ ਗਠਨ ਤੋਂ ਬਾਅਦ ਸੜਕ ਹਾਦਸਿਆਂ 'ਚ ਹੁੰਦੀਆਂ ਮੌਤਾਂ ਦੀ ਦਰ 'ਚ 48 ਫੀਸਦੀ ਕਮੀ ਆਈ : ਭਗਵੰਤ ਸਿੰਘ ਮਾਨ

ਚੰਡੀਗੜ੍ਹ : ਪੰਜਾਬ ਵਿੱਚ ਸੜਕ ਸੁਰੱਖਿਆ ਫੋਰਸ (ਐਸ.ਐਸ.ਐਫ.) ਦੇ ਗਠਨ ਤੋਂ ਬਾਅਦ ਸੜਕ ਸੁਰੱਖਿਆ ਵਿਵਸਥਾ ਵਿੱਚ ਵਿਆਪਕ ਸੁਧਾਰ ਦਰਜ ਕੀਤਾ ਗਿਆ ਹੈ। ਹਾਦਸੇ ਵਾਲੀਆਂ ਥਾਵਾਂ 'ਤੇ ਐਸ.ਐਸ.ਐਫ. ਦਾ ਫੌਰੀ ਪਹੁੰਚਣਾ, ਪੀੜਤਾਂ ਨੂੰ ਮੁਢਲੀ ਸਹਾਇਤਾ ਅਤੇ




ਸਮੇਂ ਸਿਰ ਇਲਾਜ ਮਿਲਣ ਨਾਲ ਸੂਬੇ ਵਿੱਚ ਸੜਕ ਹਾਦਸਿਆਂ ਵਿੱਚ ਮੌਤ ਦਰ 'ਚ 48 ਫੀਸਦੀ ਕਮੀ ਆਈ ਹੈ। ਕਿਸੇ ਸਮੇਂ ਸੜਕ ਹਾਦਸਿਆਂ ਵਿੱਚ ਹੁੰਦੀਆਂ ਮੌਤਾਂ ਲਈ ਪੰਜਾਬ ਦਾ ਨਾਮ ਦੇਸ਼ ਦੇ ਸਿਖਰਲੇ ਤਿੰਨ ਸੂਬਿਆਂ ਵਿੱਚ ਸ਼ੁਮਾਰ ਸੀ ਪਰ ਪੰਜਾਬ ਵਿੱਚ ਇਹ ਸਥਿਤੀ ਪੂਰੀ ਤਰ੍ਹਾਂ ਬਦਲ ਚੁੱਕੀ ਹੈ ਅਤੇ ਪੀੜਤਾਂ ਨੂੰ ਫੌਰੀ ਹਸਪਤਾਲ ਪਹੁੰਚਾਉਣ ਅਤੇ ਸਮੇਂ ਸਿਰ ਇਲਾਜ ਮਿਲਣ ਨਾਲ ਕੀਮਤੀ ਮਨੁੱਖੀ ਜ਼ਿੰਦਗੀਆਂ ਬਚ ਰਹੀਆਂ ਹਨ।

ਇਸ ਵਿਆਪਕ ਸੁਧਾਰ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੜਕ ਸੁਰੱਖਿਆ ਫੋਰਸ ਨੇ ਖ਼ੂਨੀ ਸੜਕ (ਕਿੱਲਰ ਰੋਡ) ਵਜੋਂ ਜਾਣੇ ਜਾਂਦੇ ਪਟਿਆਲਾ- ਸਰਹਿੰਦ ਰੋਡ ਵਰਗੀਆਂ ਹਾਦਸੇ ਦੇ ਖਤਰੇ ਵਾਲੀਆਂ ਥਾਵਾਂ ਨੂੰ ਜ਼ੋਖਮ ਦੀ ਸਥਿਤੀ ਤੋਂ ਬਾਹਰ ਕੱਢਣ ਵਿੱਚ ਵੱਡੀ ਭੂਮਿਕਾ ਨਿਭਾਈ। ਸੂਬਾ ਭਰ ਵਿੱਚ 43000 ਕਿਲੋਮੀਟਰ ਸੜਕਾਂ ਬਣਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਹੋਰ ਸੂਬਿਆਂ ਨੇ ਇਸ ਮਾਡਲ ਪ੍ਰਤੀ ਦਿਲਚਸਪੀ ਜ਼ਾਹਰ ਕੀਤੀ ਹੈ ਅਤੇ ਇੱਥੋਂ ਤੱਕ ਕਿ ਪ੍ਰਧਾਨ ਮੰਤਰੀ ਨੇ ਵੀ 'ਮਨ ਕੀ ਬਾਤ' ਵਿੱਚ ਦੇਸ਼ ਲਈ ਸੜਕ ਸੁਰੱਖਿਆ ਦਾ ਜ਼ਿਕਰ ਕੀਤਾ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪੰਜਾਬ ਵਿੱਚ ਸੜਕ ਹਾਦਸਿਆਂ ਵਿੱਚ ਮੌਤਾਂ ਦੀ ਦਰ 'ਚ 48 ਫੀਸਦੀ ਕਮੀ ਆਈ ਹੈ ਜਿਸ ਕਰਕੇ ਇਸ ਮਾਡਲ ਪ੍ਰਤੀ ਹੋਰ ਸੂਬਿਆਂ ਨੇ ਦਿਲਚਸਪੀ ਦਿਖਾਈ ਹੈ।"ਉਨ੍ਹਾਂ ਕਿਹਾ ਕਿ ਬਹੁਤ ਸਾਰੇ ਸੂਬਿਆਂ ਨੇ ਆਪੋ-ਆਪਣੇ ਸੂਬੇ ਵਿੱਚ ਜਨਤਕ ਸੁਰੱਖਿਆ ਵਾਲੇ ਇਸ ਨਿਵੇਕਲੇ ਉਪਰਾਲੇ ਨੂੰ ਲਾਗੂ ਕਰਨ ਲਈ ਪੰਜਾਬ ਸਰਕਾਰ ਨਾਲ ਸੰਪਰਕ ਕਾਇਮ ਕੀਤਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਭਾਰਤ ਦੇ ਪ੍ਰਧਾਨ ਮੰਤਰੀ ਨੇ 'ਮਨ ਕੀ ਬਾਤ' ਵਿੱਚ ਸੜਕ ਸੁਰੱਖਿਆ ਬਾਰੇ ਗੱਲ ਕੀਤੀ, ਪਰ ਪੰਜਾਬ ਸੜਕ ਸੁਰਖਿਆ ਫੋਰਸ ਗਠਿਤ ਕਰ ਕੇ ਸਮੁੱਚੇ ਦੇਸ਼ ਲਈ ਚਾਨਣ ਮੁਨਾਰਾ ਬਣਿਆ।

## ਬਜਟ 'ਚ ਔਰਤਾਂ ਨੂੰ ਹਜ਼ਾਰ ਰੁਪਏ ਦੇਵਾਂਗੇ: ਭਗਵੰਤ ਮਾਨ

### ਮੁੱਖ ਮੰਤਰੀ ਨੇ ਸਲੇਰਨ ਡੈਮ ਈਕੋ-ਟੂਰਿਜ਼ਮ ਪ੍ਰਾਜੈਕਟ ਦਾ ਉਦਘਾਟਨ ਕੀਤਾ

ਹੁਸ਼ਿਆਰਪੁਰ : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਆਉਣ ਵਾਲੇ ਬਜਟ ਵਿੱਚ ਵਿਵਸਥਾ ਕਰ ਕੇ ਔਰਤਾਂ ਨੂੰ ਹਜ਼ਾਰ ਰੁਪਏ ਦੇਣ ਦਾ ਵਾਅਦਾ ਪੂਰਾ ਕਰੇਗੀ। ਮੁੱਖ ਮੰਤਰੀ ਇੱਥੇ ਸਲੇਰਨ ਡੈਮ 'ਤੇ ਵਾਤਾਵਰਨ ਅਨੁਕੂਲ ਹਟਸ ਦਾ ਉਦਘਾਟਨ ਕਰਨ ਪੁੱਜੇ ਸਨ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਨੇ ਖੰਡਰ ਬਣ ਚੁੱਕੇ 52 ਰੈਸਟ ਹਾਊਸਾਂ ਨੂੰ ਸੁਰਜੀਤ ਕੀਤਾ ਹੈ ਜਿਨ੍ਹਾਂ ਤੋਂ ਹੁਣ ਕਿਰਾਏ ਰਾਹੀਂ ਸਰਕਾਰ ਨੂੰ ਇੱਕ ਕਰੋੜ ਰੁਪਏ ਪ੍ਰਤੀ ਮਹੀਨਾ ਮਾਲੀਆ ਮਿਲ ਰਿਹਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸਲੇਰਨ ਈਕੋ ਪ੍ਰਾਜੈਕਟ 'ਤੇ 2.80 ਕਰੋੜ ਰੁਪਏ ਦੇ ਕਰੀਬ ਲਾਗਤ ਆਵੇਗੀ ਅਤੇ ਇਸ ਤੋਂ ਸਾਲਾਨਾ 18 ਲੱਖ ਰੁਪਏ ਤੋਂ ਵੱਧ ਮਾਲੀਆ ਇਕੱਤਰ ਹੋਣ ਦੀ ਉਮੀਦ ਹੈ। ਇਸ ਨਾਲ ਸੂਬੇ ਵਿੱਚ ਈਕੋ-ਟੂਰਿਜ਼ਮ ਅਤੇ ਰੁਜ਼ਗਾਰ ਦੇ ਮੌਕੇ ਸਿਰਜਣ ਲਈ ਹੁਲਾਰਾ ਮਿਲੇਗਾ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਜਨਤਕ ਜਾਇਦਾਦਾਂ ਆਪਣੇ ਚਹੇਤਿਆਂ ਨੂੰ ਕੌਡੀਆਂ ਦੇ ਭਾਅ ਵੇਚੀਆਂ ਸਨ। 'ਆਪ' ਸਰਕਾਰ ਨੇ ਕਾਰਵਾਈ ਕਰਦਿਆਂ ਉਹੀ ਜਾਇਦਾਦਾਂ ਵਾਪਸ ਹਾਸਲ ਕੀਤੀਆਂ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਉਮੀਦ ਜ਼ਾਹਿਰ ਕੀਤੀ ਕਿ ਪੰਜਾਬ ਦੇ ਲੋਕਾਂ ਵੱਲੋਂ ਵੱਖ-ਵੱਖ ਖੇਤਰਾਂ 'ਚ ਪਾਏ ਯੋਗਦਾਨ ਨੂੰ ਧਿਆਨ 'ਚ ਰੱਖਦਿਆਂ ਕੇਂਦਰ ਸਰਕਾਰ ਨਵੇਂ ਬਜਟ ਵਿੱਚ ਵਿਸ਼ੇਸ਼ ਆਰਥਿਕ ਪੈਕੇਜ ਦੇਵੇਗੀ।



ਇੱਥੇ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿੱਚ ਸੈਰ-ਸਪਾਟਾ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤੀ ਦੇਣ ਲਈ ਸਲੇਰਨ ਡੈਮ ਈਕੋ-ਟੂਰਿਜ਼ਮ ਪ੍ਰਾਜੈਕਟ ਸ਼ੁਰੂ ਕੀਤਾ ਗਿਆ ਹੈ। ਇੱਥੇ ਬੱਚਿਆਂ ਲਈ 16,000 ਵਰਗ ਫੁੱਟ ਦਾ ਵਿਸ਼ੇਸ਼ ਖੇਡ ਮੈਦਾਨ, ਸੈਲਾਨੀਆਂ ਲਈ ਚਾਰ ਈਕੋ ਹਟਸ ਅਤੇ 80 ਲੋਕਾਂ ਦੇ ਬੈਠਣ ਦੀ ਸਮਰੱਥਾ ਵਾਲਾ ਕੈਫੇਟੇਰੀਆ ਬਣਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਸਲੇਰਨ ਡੈਮ ਦੇ ਸੁੰਦਰ ਦ੍ਰਿਸ਼ਾਂ ਦਾ ਆਨੰਦ ਲੈਣ ਲਈ ਵੱਡਾ ਐਂਫੀਥੀਏਟਰ ਵੀ ਤਿਆਰ ਕੀਤਾ ਗਿਆ ਹੈ। ਇਹ ਪ੍ਰਾਜੈਕਟ ਵਾਤਾਵਰਨ ਸੰਵੇਦਨਸ਼ੀਲਤਾ ਅਤੇ ਜਾਗਰੂਕਤਾ ਨੂੰ ਧਿਆਨ ਵਿੱਚ ਰੱਖ ਕੇ ਵਿਕਸਿਤ ਕੀਤਾ ਗਿਆ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੀ ਅਣਗਹਿਲੀ ਕਾਰਨ ਇਹ ਖੇਤਰ ਵਿਕਾਸ ਪੱਖੋਂ ਪੱਛੜੇ ਰਹੇ। ਸ੍ਰੀ ਮਾਨ ਨੇ ਕਿਹਾ ਕਿ ਜਲਦੀ ਹੀ ਇਹ ਖੇਤਰ ਪ੍ਰਮੁੱਖ ਸੈਲਾਨੀ ਕੇਂਦਰ ਵਜੋਂ ਉੱਭਰੇਗਾ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਜਪਾਨੀ ਕੰਪਨੀ ਜੀਕਾ (ਜੀ ਆਈ ਸੀ ਏ) ਨਾਲ ਭਾਈਵਾਲੀ ਕੀਤੀ ਹੈ, ਜੋ ਪੰਜਾਬ ਵਿੱਚ ਬਾਗ਼ਬਾਨੀ ਨੂੰ ਹੁਲਾਰਾ ਦੇਣ ਲਈ 1,300 ਕਰੋੜ ਰੁਪਏ ਦਾ ਨਿਵੇਸ਼ ਕਰੇਗੀ। ਇਸ ਮੌਕੇ ਕੈਬਨਿਟ ਮੰਤਰੀ ਬਰਿੰਦਰ ਗੋਇਲ, ਸੰਸਦ ਮੈਂਬਰ ਡਾ. ਰਾਜ ਕੁਮਾਰ, ਵਿਧਾਇਕ ਕਰਮਵੀਰ ਸਿੰਘ ਘੁੰਮਣ ਅਤੇ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਅਤੇ ਸੀਨੀਅਰ ਅਧਿਕਾਰੀ ਮੌਜੂਦ ਸਨ।

# RESIDENTIAL, COMMERCIAL AND SOLAR FARMS

**with Singhsloar High performance Bifacial Smart Panels**

## ਅਮਰੀਕਾ ਦੇ ਕਿਸੇ ਵੀ ਹਿੱਸੇ ਆਪਣੇ ਘਰ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ

100% CUSTOMER SATISFACTION GUARANTEED

SINGH SOLAR EST. 2025



## ਬਿਜਲੀ ਦੇ ਬਿੱਲ ਤੋਂ ਹਮੇਸ਼ਾ ਲਈ ਛੁਟਕਾਰਾ

**ਸਿਰ.ਫ ਇਕ ਕਾਲ - ਵੱਡੀ ਬੱਚਤ**

# 510-706-1300

singhsolarusa@gmail.com

# 77ਵਾਂ ਗਣਤੰਤਰ ਦਿਵਸ: ਕਰਤੱਵਯਾ ਪੱਥ 'ਤੇ ਪੰਜਾਬ 'ਚ ਦਿਖਾਇਆ 'ਹਿੰਦ ਦੀ ਚਾਦਰ' ਦਾ ਲਾਸਾਨੀ ਇਤਿਹਾਸ

## ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਨੂੰ ਸਮਰਪਿਤ ਰਹੀ ਪੰਜਾਬ ਦੀ ਝਾਕੀ







ਨਵੀਂ ਦਿੱਲੀ : ਭਾਰਤ ਦੇ 77ਵੇਂ ਗਣਤੰਤਰ ਦਿਵਸ ਮੌਕੇ ਕਰਤੱਵਯਾ ਪੱਥ 'ਤੇ ਪੰਜਾਬ ਦੀ ਝਾਕੀ ਖਿੱਚ ਦਾ ਕੇਂਦਰ ਰਹੀ, ਜੋ ਕਿ ਮਨੁੱਖਤਾ ਦੇ ਰਹਿਬਰ ਨੌਂਵੇਂ ਸਿੱਖ ਗੁਰੂ, ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਨੂੰ ਸਮਰਪਿਤ ਸੀ। ਝਾਕੀ ਰਾਹੀਂ ਗੁਰੂ ਸਾਹਿਬ ਦੀ ਧਾਰਮਿਕ ਆਜ਼ਾਦੀ, ਨਿਆਂ ਅਤੇ ਮਨੁੱਖੀ ਅਧਿਕਾਰਾਂ ਲਈ ਦਿੱਤੀ ਗਈ ਲਾਸਾਨੀ ਕੁਰਬਾਨੀ ਨੂੰ ਬਹੁਤ ਹੀ ਸ਼ਰਧਾ ਅਤੇ ਸਤਿਕਾਰ ਨਾਲ ਪੇਸ਼ ਕੀਤਾ ਗਿਆ।

ਝਾਕੀ ਦੇ ਮੂਹਰਲੇ ਹਿੱਸੇ ਵਿੱਚ ਘੁੰਮਦਾ ਹੋਇਆ 'ਇੱਕ ਓਅੰਕਾਰ' ਦਾ ਚਿੰਨ੍ਹ ਸੱਚ ਅਤੇ ਸਰਬ-ਸਾਂਝੀਵਾਲਤਾ ਦਾ ਸੰਦੇਸ਼ ਦੇ ਰਿਹਾ ਸੀ, ਜਦੋਂਕਿ ਇੱਕ ਪ੍ਰਕਾਸ਼ਮਾਨ ਹੱਥ ਉੱਤੇ 'ਹਿੰਦ ਦੀ ਚਾਦਰ' ਲਿਖਿਆ ਕੱਪੜਾ ਗੁਰੂ ਸਾਹਿਬ ਦੇ ਜ਼ੁਲਮ ਵਿਰੁੱਧ ਢਾਲ ਬਣਨ ਦੇ ਸਰੂਪ ਨੂੰ ਦਰਸਾਉਂਦਾ ਸੀ।

ਝਾਕੀ ਦੇ ਪਿਛਲੇ ਹਿੱਸੇ ਵਿੱਚ ਦਿੱਲੀ ਦੇ ਇਤਿਹਾਸਕ ਗੁਰਦੁਆਰਾ ਸੀਸ ਗੰਜ ਸਾਹਿਬ ਦਾ ਮਾਡਲ ਬਣਾਇਆ ਗਿਆ ਸੀ, ਜਿਸ ਦੇ ਸਾਹਮਣੇ ਰਾਗੀ ਸਿੰਘਾਂ ਵੱਲੋਂ ਕੀਤੇ ਜਾ ਰਹੇ ਸ਼ਬਦ ਕੀਰਤਨ ਨੇ ਪੂਰੇ ਮਾਹੌਲ ਨੂੰ ਅਧਿਆਤਮਿਕ ਰੰਗ ਵਿੱਚ ਰੰਗ ਦਿੱਤਾ। ਝਾਕੀ ਦੇ ਪਾਸਿਆਂ 'ਤੇ ਗੁਰੂ ਸਾਹਿਬ ਦੇ ਅਨਨਯ ਸਿੱਖਾਂ- ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ ਸ਼ਹੀਦੀ ਦੇ ਦ੍ਰਿਸ਼ ਫ਼ ?ਲਮਾਏ ਗਏ ਸਨ, ਜੋ ਉਨ੍ਹਾਂ ਦੇ ਅਟੁੱਟ ਵਿਸ਼ਵਾਸ ਅਤੇ ਬਹਾਦਰੀ ਦੀ ਗਵਾਹੀ ਭਰਦੇ ਸਨ।

ਪੰਜਾਬ ਦੀ ਇਸ ਝਾਕੀ ਨੇ ਨਾ ਸਿਰਫ਼ ਸੂਬੇ ਦੀ ਅਮੀਰ ਅਧਿਆਤਮਿਕ ਵਿਰਾਸਤ ਨੂੰ ਦੁਨੀਆ ਸਾਹਮਣੇ ਰੱਖਿਆ, ਸਗੋਂ ਉਸ ਮਹਾਨ ਸ਼ਹੀਦੀ ਨੂੰ ਵੀ ਸਲਾਮ ਕੀਤਾ ਜੋ ਕਿਸੇ ਖ਼ਾਸ ਖੇਤਰ ਜਾਂ ਧਰਮ ਤੱਕ ਸੀਮਤ ਨਾ ਰਹਿ ਕੇ ਸਮੁੱਚੀ ਮਨੁੱਖਤਾ ਲਈ ਮਾਰਗ ਦਰਸ਼ਕ ਹੈ। ਦੱਸ ਦਈਏ ਕਿ ਗਣਤੰਤਰ ਦਿਵਸ ਪਰੇਡ ਵਿੱਚ ਪਿਛਲੇ ਦੋ ਸਾਲਾਂ ਦੌਰਾਨ ਪੰਜਾਬ ਦੀ ਝਾਕੀ ਨੂੰ ਸ਼ਾਮਲ ਨਹੀਂ ਕੀਤਾ ਗਿਆ ਸੀ, ਜਿਸ ਕਰਕੇ ਸੂਬਾ ਤੇ ਕੇਂਦਰ ਸਰਕਾਰ ਦਰਮਿਆਨ ਤਲਖ਼ੀ ਵੀ ਵੇਖਣ ਨੂੰ ਮਿਲੀ ਸੀ।


















# ਬਾਰਾਮਤੀ ਵਿਖੇ ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਅਜੀਤ ਪਵਾਰ ਦਾ ਅੰਤਿਮ ਸੰਸਕਾਰ; ਵਿਦਿਆ ਪ੍ਰਤਿਸ਼ਠਾਨ ਗਰਾਊਂਡ 'ਚ ਉਮੜਿਆ ਜਨ ਸੈਲਾਬ







ਬਾਰਾਮਤੀ (ਮਹਾਰਾਸ਼ਟਰ) : ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਅਜੀਤ ਪਵਾਰ ਦਾ ਅੰਤਿਮ ਸੰਸਕਾਰ ਵੀਰਵਾਰ ਨੂੰ ਉਨ੍ਹਾਂ ਦੇ ਜੱਦੀ ਖੇਤਰ ਬਾਰਾਮਤੀ ਵਿਖੇ ਕੀਤਾ ਗਿਆ। ਇਸ ਮੌਕੇ ਵਿਦਿਆ ਪ੍ਰਤਿਸ਼ਠਾਨ ਗਰਾਊਂਡ (Vidya Pratishthan ground) ਵਿਖੇ ਹਜ਼ਾਰਾਂ ਦੀ ਗਿਣਤੀ ਵਿੱਚ ਸਮਰਥਕਾਂ ਅਤੇ ਸਿਆਸੀ ਆਗੂਆਂ ਨੇ ਨਮ ਅੱਖਾਂ ਨਾਲ ਉਨ੍ਹਾਂ ਨੂੰ ਅੰਤਿਮ ਵਿਦਾਈ ਦਿੱਤੀ।

1. ਅੰਤਿਮ ਰਸਮਾਂ ਅਤੇ ਸਥਾਨ

ਅਜੀਤ ਪਵਾਰ ਦੀਆਂ ਅੰਤਿਮ ਰਸਮਾਂ ਬਾਰਾਮਤੀ ਦੇ ਵਿਦਿਆ ਪ੍ਰਤਿਸ਼ਠਾਨ ਗਰਾਊਂਡ ਵਿਖੇ ਅਦਾ ਕੀਤੀਆਂ ਗਈਆਂ। ਇਹ ਉਹੀ ਸੰਸਥਾ ਹੈ ਜਿਸ ਨਾਲ ਪਵਾਰ ਪਰਿਵਾਰ ਦਾ ਲੰਬੇ ਸਮੇਂ ਤੋਂ ਗੂੜ੍ਹਾ ਰਿਸ਼ਤਾ ਰਿਹਾ ਹੈ।

ਅੰਤਿਮ ਸੰਸਕਾਰ ਪੂਰੇ ਸਰਕਾਰੀ ਸਨਮਾਨਾਂ ਨਾਲ ਕੀਤਾ ਗਿਆ।

2. ਡਰੋਨ ਦ੍ਰਿਸ਼ (Drone View) ਅਤੇ ਲੋਕਾਂ ਦਾ ਇਕੱਠ

ਘਟਨਾ ਸਥਾਨ ਤੋਂ ਸਾਹਮਣੇ ਆਏ ਇੱਕ ਡਰੋਨ ਦ੍ਰਿਸ਼ ਨੇ ਲੋਕਾਂ ਦੇ ਵਿਸ਼ਾਲ ਇਕੱਠ ਨੂੰ ਕੈਮਰੇ ਵਿੱਚ ਕੈਦ ਕੀਤਾ।

ਜਨ ਸੈਲਾਬ: ਡਰੋਨ ਫੁਟੇਜ ਵਿੱਚ ਸਾਫ ਦਿਖਾਈ ਦੇ ਰਿਹਾ ਸੀ ਕਿ ਗਰਾਊਂਡ ਖਚਾਖਚ ਭਰਿਆ ਹੋਇਆ ਸੀ। ਆਪਣੇ ਹਰਮਨ ਪਿਆਰੇ ਨੇਤਾ ਦੇ ਅੰਤਿਮ ਦਰਸ਼ਨਾਂ ਲਈ ਲੋਕ ਦੂਰ-ਦੁਰਾਡੇ ਤੋਂ ਪਹੁੰਚੇ ਹੋਏ ਸਨ।

ਸੁਰੱਖਿਆ ਪ੍ਰਬੰਧ: ਭੀੜ ਨੂੰ ਕਾਬੂ ਕਰਨ ਅਤੇ ਵੀ.ਆਈ.ਪੀ. ਸੁਰੱਖਿਆ ਲਈ ਪੁਲਿਸ ਵੱਲੋਂ ਸਖ਼ਤ ਪ੍ਰਬੰਧ ਕੀਤੇ ਗਏ ਸਨ।

3. ਸੋਗ ਦਾ ਮਾਹੌਲ

ਬਾਰਾਮਤੀ ਅਤੇ ਪੂਰੇ ਮਹਾਰਾਸ਼ਟਰ ਵਿੱਚ ਸੋਗ ਦੀ ਲਹਿਰ ਹੈ। ਅੰਤਿਮ ਸੰਸਕਾਰ ਮੌਕੇ ਮਾਹੌਲ ਬੇਹੱਦ ਭਾਵੁਕ ਸੀ, ਜਿੱਥੇ ਪਵਾਰ ਪਰਿਵਾਰ ਦੇ ਮੈਂਬਰ ਅਤੇ ਐਨ.ਸੀ.ਪੀ. (NCP) ਦੇ ਕਾਰਕੁਨ ਭੁੱਬਾਂ ਮਾਰ ਕੇ ਰੋਂਦੇ ਵੇਖੇ ਗਏ।

ਸਿੱਟਾ: ਅਜੀਤ ਪਵਾਰ ਦੇ ਜਾਣ ਨਾਲ ਮਹਾਰਾਸ਼ਟਰ ਦੀ ਰਾਜਨੀਤੀ ਵਿੱਚ ਇੱਕ ਵੱਡਾ ਖਲਾਅ ਪੈਦਾ ਹੋ ਗਿਆ ਹੈ। ਬਾਰਾਮਤੀ ਦੇ ਲੋਕਾਂ ਨੇ ਅੱਜ ਆਪਣੇ 'ਦਾਦਾ' (ਵੱਡੇ ਭਰਾ) ਨੂੰ ਅੰਤਿਮ ਸਲਾਮੀ ਦਿੱਤੀ।



ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਪਾਰਥ ਪਵਾਰ ਅਤੇ ਜੈ ਪਵਾਰ ਨੂੰ ਉਨ੍ਹਾਂ ਦੇ ਪਿਤਾ ਅਤੇ ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਅਜੀਤ ਪਵਾਰ ਦੇ ਅੰਤਿਮ ਸੰਸਕਾਰ ਦੌਰਾਨ ਸੰਵੇਦਨਾ ਪ੍ਰਗਟ ਕੀਤੀ।

## ਜਹਾਜ਼ ਹਾਦਸਾ

# ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਅਜੀਤ ਪਵਾਰ ਸਣੇ ਪੰਜ ਦੀ ਮੌਤ

## ਵੱਖ ਸਿਆਸੀ ਤੇ ਧਾਰਮਿਕ ਆਗੂਆਂ ਵਲੋਂ ਦੁੱਖ ਦਾ ਪ੍ਰਗਟਾਵਾ



ਮੁੰਬਈ : ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਅਜੀਤ ਪਵਾਰ ਅਤੇ ਚਾਰ ਹੋਰ ਵਿਅਕਤੀਆਂ ਦੀ ਬੁੱਧਵਾਰ ਸਵੇਰੇ ਪੁਣੇ ਜ਼ਿਲ੍ਹੇ ਵਿੱਚ ਇੱਕ ਜਹਾਜ਼ ਹਾਦਸੇ ਦੌਰਾਨ ਮੌਤ ਹੋ ਗਈ ਹੈ। ਅਧਿਕਾਰੀਆਂ ਨੇ ਦੱਸਿਆ ਕਿ ਇਹ ਹਾਦਸਾ ਉਸ ਸਮੇਂ ਵਾਪਰਿਆ ਜਦੋਂ ਅਜੀਤ ਪਵਾਰ ਦਾ ਜਹਾਜ਼ ਪੁਣੇ ਦੇ ਬਾਰਾਮਤੀ ਇਲਾਕੇ ਵਿੱਚ ਲੈਂਡ ਕਰ ਰਿਹਾ ਸੀ। ਖ਼ਬਰਾਂ ਮੁਤਾਬਕ ਉਪ ਮੁੱਖ ਮੰਤਰੀ ਅਜੀਤ ਪਵਾਰ ਕਿਸੇ ਪ੍ਰੋਗਰਾਮ ਲਈ ਬਾਰਾਮਤੀ ਜਾ ਰਹੇ ਸਨ। ਵੇਰਵਿਆਂ ਅਨੁਸਾਰ ਲੈਂਡਿੰਗ ਸਮੇਂ ਇਹ ਜਹਾਜ਼ ਹਾਦਸਾ ਹੋਇਆ ਹੈ।

ਅਜੀਤ ਪਵਾਰ ਦੀ ਦੁਖਦਾਈ ਮੌਤ ਦੇ ਵੱਖ-ਵੱਖ ਸਿਆਸੀ ਆਗੂਆਂ ਨੇ ਦੁੱਖ ਦਾ ਪ੍ਰਗਟਾਵਾ ਕੀਤਾ।ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਭਲਕੇ ਉਨ੍ਹਾਂ ਦੇ ਸਸਕਾਰ ਵਿੱਚ ਸ਼ਾਮਲ ਹੋ ਸਕਦੇ ਹਨ।

ਉਧਰ ਕੇਂਦਰੀ ਹਵਾਬਾਜ਼ੀ ਮੰਤਰੀ ਕੇ.ਰਾਮਮੋਹਨ ਨਾਇਡੂ ਨੇ ਕਿਹਾ ਕਿ ਮੁੱਢਲੀ ਜਾਂਚ ਮੁਤਾਬਕ, ਹਾਦਸੇ ਮੌਕੇ ਬਾਰਾਮਤੀ ਹਵਾਈ ਅੱਡੇ ਦਿਸਣ ਹੱਦ ਘੱਟ ਸੀ। ਉਨ੍ਹਾਂ ਕਿਹਾ ਕਿ ਡੀਜੀਸੀਏ ਅਤੇ ਏਏਆਈਵੀ ਦੀਆਂ ਟੀਮਾਂ ਜਾਂਚ ਲਈ ਮੌਕੇ ਉੱਤੇ ਪਹੁੰਚ ਗਈਆਂ ਹਨ। ਉਨ੍ਹਾਂ ਕਿਹਾ, "ਮੁੱਢਲੀ ਜਾਂਚ ਦੌਰਾਨ ਸਾਹਮਣੇ ਆਇਆ ਹੈ ਕਿ ਹਵਾਈ ਜਹਾਜ਼ ਵੱਲੋਂ ਲੈਂਡਿੰਗ ਦੀ ਕੋਸ਼ਿਸ਼ ਮੌਕੇ ਦਿਸਣਹੱਦ ਘੱਟ ਸੀ।

ਡੀ ਜੀ ਸੀ ਏ (ਡਾਇਰੈਕਟੋਰੇਟ ਜਨਰਲ ਆਫ ਸਿਵਲ ਐਵੀਏਸ਼ਨ) ਦੇ ਇੱਕ ਸੀਨੀਅਰ ਅਧਿਕਾਰੀ ਨੇ ਬੁੱਧਵਾਰ ਨੂੰ ਦੱਸਿਆ ਕਿ ਲੀਅਰਜੈੱਟ 45 (Learjet 45) ਜਹਾਜ਼ ਵਿੱਚ ਹਾਦਸੇ ਸਮੇਂ ਪੰਜ ਲੋਕ ਸਵਾਰ ਸਨ—ਜਿਨ੍ਹਾਂ



ਵਿੱਚ ਉਪ ਮੁੱਖ ਮੰਤਰੀ ਅਜੀਤ ਪਵਾਰ, ਦੋ ਹੋਰ ਕਰਮਚਾਰੀ (ਇੱਕ ਪੀ.ਐਸ.ਓ. ਅਤੇ ਇੱਕ ਸਹਾਇਕ) ਅਤੇ ਦੋ ਚਾਲਕ ਦਲ ਦੇ ਮੈਂਬਰ (ਪਾਇਲਟ ਇਨ-ਕਮਾਂਡ ਅਤੇ ਫਸਟ ਅਫਸਰ) ਸ਼ਾਮਲ ਸਨ। ਅਧਿਕਾਰੀ ਮੁਤਾਬਕ ਜਹਾਜ਼ ਵਿੱਚ ਸਵਾਰ ਕਿਸੇ ਵੀ ਵਿਅਕਤੀ ਦੀ ਜਾਨ ਨਹੀਂ ਬਚ ਸਕੀ ਹੈ ਅਤੇ ਡੀ.ਜੀ.ਸੀ.ਏ. ਦੇ ਅਧਿਕਾਰੀਆਂ ਦੀ ਇੱਕ ਟੀਮ ਹਾਦਸੇ ਵਾਲੀ ਥਾਂ ਵੱਲ ਰਵਾਨਾ ਹੋ ਗਈ ਹੈ।

# ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਅਜੀਤ ਪਵਾਰ ਦਾ ਰਾਜਨੀਤਕ ਸਫ਼ਰ

## ਸੰਘਰਸ਼ ਅਤੇ ਵਿਵਾਦਾਂ ਦੇ ਵਿਚਕਾਰ 5 ਵਾਰ ਉਪ ਮੁੱਖ ਮੰਤਰੀ ਬਣੇ ਅਜੀਤ ਪਵਾਰ

ਮੁੰਬਈ : ਮਹਾਰਾਸ਼ਟਰ ਦੀ ਰਾਜਨੀਤੀ ਦੇ ਮੁੱਖ ਚਿਹਰਿਆਂ ਵਿੱਚ ਸ਼ਾਮਲ ਅਜੀਤ ਪਵਾਰ ਲੰਬੇ ਸਮੇਂ ਤੋਂ ਰਾਜ ਦੀ ਸਿਆਸਤ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਰਹੇ ਹਨ। ਪਰ ਅਜੀਤ ਪਵਾਰ ਅੱਜ ਸਵੇਰੇ ਬਾਰਾਮਤੀ ਵਿੱਚ ਵਾਪਰੇ ਜਹਾਜ਼ ਹਾਦਸੇ ਦੌਰਾਨ ਅਜੀਤ ਪਵਾਰ ਦਾ ਦੇਹਾਂਤ ਹੋ ਗਿਆ, ਉਹ 67 ਵਰ੍ਹਿਆਂ ਦੇ ਸਨ। ਆਓ ਅਜੀਤ ਪਵਾਰ ਦੇ ਰਾਜਨੀਤਕ ਜੀਵਨ ਨਾਲ ਜੁੜੀਆਂ ਗੱਲਾਂ ਸਬੰਧੀ ਜਾਣਕਾਰ ਹਾਸਲ ਕਰੀਏ :

ਮਹਾਰਾਸ਼ਟਰ ਦੀ ਰਾਜਨੀਤੀ ਦੇ ਦਿੱਗਜ ਆਗੂ ਅਜੀਤ ਪਵਾਰ ਨੂੰ ਪਿਛਲੇ 13 ਸਾਲਾਂ ਵਿੱਚ ਪੰਜ ਵਾਰ ਉਪ ਮੁੱਖ ਮੰਤਰੀ ਬਣਨ ਦਾ ਮੌਕਾ ਮਿਲਿਆ। ਉਹ ਮਹਾਰਾਸ਼ਟਰ ਦੇ ਸਭ ਤੋਂ ਲੰਬੇ ਸਮੇਂ ਤੱਕ ਲਗਾਤਾਰ ਉਪ ਮੁੱਖ ਮੰਤਰੀ ਰਹਿਣ ਵਾਲੇ ਆਗੂ ਵੀ ਰਹੇ ।

ਅਜੀਤ ਪਵਾਰ ਦਾ ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਵਜੋਂ ਕਾਰਜਕਾਲ :

1. 10 ਨਵੰਬਰ 2010 ਤੋਂ 25 ਸਤੰਬਰ 2012 ਉਪ ਮੁੱਖ ਮੰਤਰੀ ਰਹੇ ਜਦਕਿ ਮੁੱਖ ਮੰਤਰੀ: ਪ੍ਰਿਥਵੀਰਾਜ ਚਵਾਨ

25 ਅਕਤੂਬਰ 2012 - 26 ਸਤੰਬਰ 2014 ਉਪ ਮੁੱਖ ਮੰਤਰੀ ਰਹੇ ਜਦਕਿ ਮੁੱਖ ਮੰਤਰੀ ਪ੍ਰਿਥਵੀਰਾਜ ਚਵਾਨ

23 ਨਵੰਬਰ 2019 - 26 ਨਵੰਬਰ 2019 ਉਪ ਮੁੱਖ ਮੰਤਰੀ ਰਹੇ ਜਦਕਿ ਮੁੱਖ ਮੰਤਰੀ ਦੇਵੇਂਦਰ ਫਡਨਵੀਸ

30 ਦਸੰਬਰ 2019 - 29 ਜੂਨ 2022 ਉਪ ਮੁੱਖ ਮੰਤਰੀ ਰਹੇ ਜਦਕਿ ਮੁੱਖ ਮੰਤਰੀ ਉੱਧਵ ਠਾਕਰੇ

2 ਜੁਲਾਈ 2023 ਤੋਂ 28 ਜਨਵਰੀ 2026 ਤੱਕ ਉਪ ਮੁੱਖ ਮੰਤਰੀ ਰਹੇ ਜਦਕਿ ਮੁੱਖ ਮੰਤਰੀ ਦੇਵੇਂਦਰ ਫਡਨਵੀਸ ਹਨ

ਕੌਣ ਹਨ ਅਜੀਤ ਪਵਾਰ ?

ਅਜੀਤ ਅਨੰਤਰਾਓ ਪਵਾਰ ਦਾ ਜਨਮ 22 ਜੁਲਾਈ 1959 ਨੂੰ ਮਹਾਰਾਸ਼ਟਰ ਦੇ ਅਹਿਮਦਨਗਰ ਜ਼ਿਲ੍ਹੇ ਵਿੱਚ ਹੋਇਆ। ਉਹ ਐੱਨ.ਸੀ.ਪੀ. ਮੁਖੀ ਸ਼ਰਦ ਪਾਵਰ ਦੇ ਵੱਡੇ ਭਰਾ ਅਨੰਤਰਾਓ ਪਾਵਰ ਦੇ ਪੁੱਤਰ ਹਨ । ਉਨ੍ਹਾਂ ਦੇ ਪਿਤਾ ਵੀ. ਸ਼ਾਂਤਾਰਾਮ ਰਾਜਕਮਲ ਸਟੂਡੀਓ ਵਿੱਚ ਕੰਮ ਕਰਦੇ ਸਨ। ਅਜੀਤ ਪਵਾਰ ਨੇ ਆਪਣੇ ਚਾਚੇ ਸ਼ਰਦ ਪਾਵਰ ਦੇ ਰਾਜਨੀਤਕ ਨਕਸ਼ੇਕਦਮ 'ਤੇ ਚੱਲ ਕੇ ਰਾਜਨੀਤੀ ਵਿੱਚ ਪ੍ਰਵੇਸ਼ ਕੀਤਾ । ਜਨਤਾ ਅਤੇ ਸਮਰਥਕਾਂ ਵਿਚਕਾਰ ਉਹ 'ਦਾਦਾ' ਦੇ ਨਾਂ ਨਾਲ ਮਸ਼ਹੂਰ ਹਨ। ਉਨ੍ਹਾਂ ਨੇ ਆਪਣੀ ਸ਼ੁਰੂਆਤੀ ਸਿੱਖਿਆ ਦੇਓਲੀ ਪਰਿਵਾਰ ਤੋਂ ਕੀਤੀ ਅਤੇ ਬਾਕੀ ਦੀ ਸਿੱਖਿਆ ਮਹਾਰਾਸ਼ਟਰ ਸਿੱਖਿਆ ਬੋਰਡ ਤੋਂ ਪੂਰੀ ਕੀਤੀ ।

ਰਾਜਨੀਤਕ ਸਫ਼ਰ ਕਿਵੇਂ ਰਿਹਾ ?

ਅਜੀਤ ਨੇ ਰਾਜਨੀਤੀ ਦੀ ਸ਼ੁਰੂਆਤ 1982



ਵਿੱਚ ਕੀਤੀ, ਜਦੋਂ ਉਹ ਸਿਰਫ਼ 20 ਸਾਲ ਦੇ ਸਨ। ਉਨ੍ਹਾਂ ਨੇ ਸਭ ਤੋਂ ਪਹਿਲਾਂ ਇੱਕ ਚੀਨੀ ਸਹਿਕਾਰੀ ਸੰਸਥਾ ਦਾ ਚੋਣ ਲੜਿਆ।

1991: ਪੁਣੇ ਜ਼ਿਲ੍ਹਾ ਸਹਿਕਾਰੀ ਬੈਂਕ ਦੇ ਪ੍ਰਧਾਨ ਬਣੇ ਅਤੇ 16 ਸਾਲ ਤੱਕ ਇਸ ਅਹੁਦੇ 'ਤੇ ਰਹੇ।

1991 : ਬਾਰਾਮਤੀ ਤੋਂ ਲੋਕ ਸਭਾ ਲਈ ਚੁਣੇ ਗਏ, ਪਰ ਆਪਣੇ ਚਾਚੇ ਸ਼ਰਦ ਪਵਾਰ ਲਈ ਸੀਟ ਛੱਡ ਦਿੱਤੀ ਅਤੇ ਉਸੇ ਸਾਲ ਮਹਾਰਾਸ਼ਟਰ ਵਿਧਾਨ ਸਭਾ ਲਈ ਚੁਣੇ ਗਏ।

1992-1993 : ਖੇਤੀਬਾੜੀ ਅਤੇ ਬਿਜਲੀ ਰਾਜ ਮੰਤਰੀ ਬਣੇ ।

ਸਾਲ 1995, 1999, 2004, 2009 ਅਤੇ 2014 ਵਿੱਚ ਬਾਰਾਮਤੀ ਹਲਕੇ ਤੋਂ ਉਹ ਲਗਾਤਾਰ ਜਿੱਤਦੇ ਰਹੇ।

ਉਨ੍ਹਾਂ ਨੇ ਖੇਤੀਬਾੜੀ, ਬਾਗਬਾਨੀ, ਬਿਜਲੀ ਅਤੇ ਜਲ ਸਰੋਤ ਮੰਤਰੀ ਵਰਗੇ ਮਹੱਤਵਪੂਰਨ ਅਹੁਦਿਆਂ 'ਤੇ ਕੰਮ ਕੀਤਾ। ਜਲ ਸਰੋਤ ਮੰਤਰੀ ਜੋਂ ਉਨ੍ਹਾਂ ਨੇ ਘਾਟੀ ਅਤੇ ਕੋਂਕਣ ਸਿੰਚਾਈ ਪ੍ਰੋਜੈਕਟਾਂ ਦੀ ਜ਼ਿੰਮੇਵਾਰੀ ਸੰਭਾਲੀ।

ਅਜੀਤ ਪਵਾਰ ਨੂੰ ਮਹਾਰਾਸ਼ਟਰ ਦੀ ਰਾਜਨੀਤੀ ਵਿੱਚ ਪ੍ਰਭਾਵਸ਼ਾਲੀ ਆਗੂ ਮੰਨਿਆ ਜਾਂਦਾ ਸੀ। 2009 ਦੇ ਵਿਧਾਨ ਸਭਾ ਚੋਣਾਂ ਤੋਂ ਬਾਅਦ ਉਨ੍ਹਾਂ ਨੇ ਉਪ ਮੁੱਖ ਮੰਤਰੀ ਬਣਨ ਦੀ ਇੱਛਾ ਜ਼ਾਹਰ ਕੀਤੀ ਸੀ, ਪਰ ਉਸ ਸਮੇਂ ਇਹ ਅਹੁਦਾ ਛਗਨ ਭੁਜਬਲ ਨੂੰ ਮਿਲਿਆ। ਹਾਲਾਂਕਿ ਦਸੰਬਰ 2010 ਵਿੱਚ ਉਹ ਪਹਿਲੀ ਵਾਰ ਉਪ ਮੁੱਖ ਮੰਤਰੀ ਬਣੇ। 2013 ਵਿੱਚ ਉਨ੍ਹਾਂ ਦਾ ਨਾਂ ਸਿੰਚਾਈ ਘੋਟਾਲੇ ਨਾਲ ਜੁੜੇ ਵਿਵਾਦ ਵਿੱਚ ਆਇਆ ਅਤੇ ਉਨ੍ਹਾਂ ਨੂੰ ਅਸਤੀਫਾ ਦੇਣਾ ਪਿਆ। ਬਾਅਦ ਵਿੱਚ ਉਨ੍ਹਾਂ ਨੂੰ ਕਲੀਨ ਚਿੱਟ ਮਿਲੀ ਅਤੇ ਉਹ ਮੁੜ ਅਹੁਦੇ 'ਤੇ ਵਾਪਸ ਆਏ। ਅਜੀਤ ਪਵਾਰ ਦਾ ਰਾਜਨੀਤਕ ਜੀਵਨ ਵਿਵਾਦਾਂ ਨਾਲ ਵੀ ਜੁੜਿਆ ਰਿਹਾ ਹੈ।

2014 'ਚ ਲੋਕ ਸਭਾ ਚੋਣਾਂ ਦੌਰਾਨ ਵੋਟਰਾਂ ਨੂੰ ਧਮਕਾਉਣ ਦਾ ਇਲਜ਼ਾਮ ਲੱਗਿਆ।

ਭ੍ਰਿਸ਼ਟਾਚਾਰ ਅਤੇ ਅਹੁਦੇ ਦੇ ਦੁਰਉਪਯੋਗ ਦੇ ਇਲਾਜ਼ਮ ਵੀ ਸਮੇਂ-ਸਮੇਂ 'ਤੇ ਲੱਗੇ ।

ਲਵਾਸਾ ਲੇਕ ਸਿਟੀ ਪ੍ਰੋਜੈਕਟ ਵਿੱਚ ਕਥਿਤ ਮਦਦ ਅਤੇ ਹੋਰ ਮਾਮਲਿਆਂ ਨੂੰ ਲੈ ਕੇ ਵਿਵਾਦ। ਇਨ੍ਹਾਂ ਵਿਵਾਦਾਂ ਦੇ ਬਾਵਜੂਦ ਅਜੀਤ ਪਵਾਰ ਮਹਾਰਾਸ਼ਟਰ ਦੀ ਰਾਜਨੀਤੀ ਵਿੱਚ ਐੱਨ.ਸੀ.ਪੀ. ਦੇ ਸਭ ਤੋਂ ਪ੍ਰਭਾਵਸ਼ਾਲੀ ਆਗੂਆਂ ਵਿੱਚ ਗਿਣੇ ਜਾਂਦੇ ਰਹੇ।

ਰਾਜਨੀਤਕ ਪਛਾਣ : ਅਜੀਤ ਪਵਾਰ ਨੂੰ ਇੱਕ ਮਜ਼ਬੂਤ ਪ੍ਰਸ਼ਾਸਨਿਕ ਅਨੁਭਵ ਵਾਲੇ ਆਗੂ ਵਜੋਂ ਵੇਖਿਆ ਜਾਂਦਾ ਰਿਹਾ। ਉਨ੍ਹਾਂ ਅਤੇ ਚਾਚੇ ਸ਼ਰਦ ਪਾਵਰ ਵਿਚਕਾਰ ਰਾਜਨੀਤਕ ਮਤਭੇਦਾਂ ਦੀ ਚਰਚਾ ਵੀ ਹੁੰਦੀ ਰਹੀ ਹੈ, ਪਰ ਉਨ੍ਹਾਂ ਨੇ ਹਮੇਸ਼ਾ ਆਪਣੇ ਆਪ ਨੂੰ ਸ਼ਰਦ ਪਾਵਰ ਦਾ ਭਗਤ ਦੱਸਿਆ ਹੈ । ਅਜੀਤ ਪਵਾਰ ਮਹਾਰਾਸ਼ਟਰ ਦੀ ਸੱਤਾ ਰਾਜਨੀਤੀ ਦੇ ਸਭ ਤੋਂ ਅਹਿਮ ਚਿਹਰਿਆਂ ਵਿੱਚ ਸ਼ਾਮਲ ਰਹੇ ਅਤੇ ਰਾਜ ਦੀ ਰਾਜਨੀਤੀ ਵਿੱਚ ਉਨ੍ਹਾਂ ਦੀ ਭੂਮਿਕਾ ਨਿਰਣਾਇਕ ਮੰਨੀ ਜਾਂਦੀ ਸੀ। ਅਜੀਤ ਪਵਾਰ ਜਿਨ੍ਹਾਂ ਦਾ ਇਕ ਜਹਾਜ਼ ਹਾਦਸੇ 'ਚ ਦੇਹਾਂਤ ਹੋ ਗਿਆ ਹੈ ਉਹ ਪਿੱਛੇ ਆਪਣੇ ਪਰਿਵਾਰ 'ਚ ਪਤਨੀ ਸੁਨੇਤਰਾ ਅਤੇ ਦੋ ਪੁੱਤਰ ਪਾਰਥ ਪਵਾਰ ਅਤੇ ਜੈ ਵਪਾਰ ਛੱਡ ਗਏ ਹਨ।





# ਸਿੱਖ ਪਰਿਵਾਰ ਤਿੰਨ ਜਾਂ ਉਸ ਤੋਂ ਵੱਧ ਬੱਚੇ ਪੈਦਾ ਕਰਨ ਬਾਰੇ ਸੋਚਣ : ਜਥੇਦਾਰ ਗੜਗੱਜ

## ਸਿੱਖਾਂ ਦੀ ਘੱਟ ਰਹੀ ਅਬਾਦੀ 'ਤੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਜਤਾਈ ਚਿੰਤਾ

ਸ੍ਰੀ ਆਨੰਦਪੁਰ ਸਾਹਿਬ : ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਿੱਖਾਂ ਦੀ ਲਗਾਤਾਰ ਘੱਟ ਰਹੀ ਅਬਾਦੀ 'ਤੇ ਚਿੰਤਾ ਜ਼ਾਹਰ ਕੀਤੀ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਦੀ ਗਿਣਤੀ ਵਿੱਚ ਆ ਰਹੀ ਕਮੀ ਕੌਮ ਲਈ ਗੰਭੀਰ ਚੁਣੌਤੀ ਬਣਦੀ ਜਾ ਰਹੀ ਹੈ, ਜਿਸ ਵੱਲ ਹਰੇਕ ਸਿੱਖ ਨੂੰ ਧਿਆਨ ਦੇਣ ਦੀ ਲੋੜ ਹੈ। ਜਥੇਦਾਰ ਨੇ ਸਿੱਖ ਪਰਿਵਾਰਾਂ ਨੂੰ ਅਪੀਲ ਕੀਤੀ ਕਿ ਉਹ ਘੱਟੋ-ਘੱਟ ਤਿੰਨ ਜਾਂ ਉਸ ਤੋਂ ਵੱਧ ਬੱਚੇ ਪੈਦਾ ਕਰਨ ਬਾਰੇ ਸੋਚਣ, ਤਾਂ ਜੋ ਭਵਿੱਖ ਵਿੱਚ ਕੌਮ ਦੀ ਮਜ਼ਬੂਤੀ ਬਰਕਰਾਰ ਰਹਿ ਸਕੇ।



ਜਥੇਦਾਰ ਗੜਗੱਜ ਨੇ ਸਪਸ਼ਟ ਕੀਤਾ ਕਿ ਮੁੱਖ ਮੰਤਰੀ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਨੂੰ ਦਿੱਤੀਆਂ ਗਈਆਂ ਸ਼ਿਕਾਇਤਾਂ ਤਖਤ ਸਾਹਿਬ ਦੇ ਵਿਚਾਰ ਅਧੀਨ ਹਨ। ਉਨ੍ਹਾਂ ਮੀਡੀਆ ਅਦਾਰਿਆਂ ਨੂੰ ਤਾਕੀਦ ਕੀਤੀ ਕਿ ਕਿਸੇ ਵੀ ਤਰ੍ਹਾਂ ਦਾ ਮੀਡੀਆ ਟਰਾਇਲ ਕਰਨ ਤੋਂ ਪਰਹੇਜ਼ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਕੋਈ ਮੀਡੀਆ ਅਦਾਰਾ ਇਹਨਾਂ ਸ਼ਕਾਇਤਾਂ ਸਬੰਧੀ ਕੋਈ ਖ਼ਬਰ ਬਿਨ੍ਹਾਂ ਤੱਥਾਂ ਤੋਂ ਪ੍ਰਕਾਸ਼ਿਤ ਕਰਦਾ ਹੈ ਤਾਂ ਉਸ ਨੂੰ ਅਜਿਹੇ ਕੰਮਾਂ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

ਇਸ ਦੌਰਾਨ ਭਾਰਤੀ ਫੌਜ ਵਿੱਚ ਰੂਪਨਗਰ ਜ਼ਿਲ੍ਹੇ ਦੇ ਨੌਜਵਾਨ ਜੋਬਨਜੀਤ ਸਿੰਘ ਦੀ ਸ਼ਹੀਦੀ 'ਤੇ ਦੁੱਖ ਜ਼ਾਹਰ ਕਰਦਿਆਂ ਉਨ੍ਹਾਂ ਕਿਹਾ ਕਿ ਸਿੱਖ ਕੌਮ ਨੂੰ ਅਜਿਹੇ ਸੂਰਮਿਆਂ 'ਤੇ ਮਾਣ ਹੈ। ਜਥੇਦਾਰ ਨੇ ਦੱਸਿਆ ਕਿ ਉਹ ਸ਼ਹੀਦ ਦੇ ਪਰਿਵਾਰ ਨਾਲ ਮਿਲ ਕੇ ਉਨ੍ਹਾਂ ਨਾਲ ਦੁੱਖ ਵੰਡਾਉਣਗੇ।

# ਪੰਜਾਬ ਵਾਸੀ ਆਪਣੀਆਂ ਜ਼ਮੀਨਾਂ ਤੋਂ ਦਾਅਵਾ ਨਾ ਛੱਡਣ : ਜਥੇਦਾਰ ਗੜਗੱਜ

ਅੰਮ੍ਰਿਤਸਰ : ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਵਿਖੇ ਕਰਵਾਏ ਗਏ ਗੁਰਮਤਿ ਸਮਾਗਮ ਵਿੱਚ ਸ਼ਮੂਲੀਅਤ ਕਰਕੇ ਸੰਗਤ ਨਾਲ ਵਿਚਾਰਾਂ ਦੀ ਸਾਂਝ ਪਾਈ।



ਉਨ੍ਹਾਂ ਸੰਗਤ ਨੂੰ ਸਿੱਖ ਸ਼ਹੀਦਾਂ ਤੋਂ ਪ੍ਰੇਰਨਾ ਲੈਣ ਲਈ ਇੱਕ ਪਰਿਵਾਰ ਵਾਂਗ ਰਹਿਣ ਲਈ ਆਖਿਆ ਅਤੇ ਇੱਕ ਦੂਜੇ ਦੀ ਚੁਗਲੀ ਨਿੰਦਿਆ ਕਰਨ ਤੋਂ ਵਰਜਿਆ। ਉਨ੍ਹਾਂ ਇਸ ਮੌਕੇ ਸੰਗਤ ਨਾਲ ਸ਼ਹੀਦ ਬਾਬਾ ਦੀਪ ਸਿੰਘ ਜੀ ਸਮੇਤ ਹੋਰ ਸਿੰਘ ਸ਼ਹੀਦਾਂ ਦਾ ਇਤਿਹਾਸ ਵੀ ਸਾਂਝਾ ਕੀਤਾ ਜਿਨ੍ਹਾਂ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਅਜ਼ਮਤ ਅਤੇ ਮਾਣ ਸਤਿਕਾਰ ਲਈ ਵੱਡੇ ਯੋਗਦਾਨ ਪਾਏ। ਇਸ ਮੌਕੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸੰਗਤ ਅਤੇ ਖ਼ਾਸਕਰ ਪੰਜਾਬ ਵਾਸੀਆਂ ਨੂੰ ਆਖਿਆ ਕਿ ਉਹ ਆਪਣੀਆਂ ਜ਼ਮੀਨਾਂ ਤੋਂ ਦਾਅਵਾ ਨਾ ਛੱਡਣ ਅਤੇ ਜ਼ਮੀਨਾਂ ਨੂੰ ਸੰਭਾਲਣ ਕਿਉਂਕਿ ਇਹ ਸ਼ਹੀਦਾਂ ਦੀ ਧਰਤੀ ਹੈ ਜਿਸ ਨੂੰ ਪ੍ਰਾਪਤ ਕਰਨ ਲਈ ਸਿੱਖਾਂ ਨੇ ਬਹੁਤ ਸ਼ਹਾਦਤਾਂ ਦਿੱਤੀਆਂ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਜ਼ਮੀਨਾਂ ਨੂੰ ਬਸਤੀਵਾਦੀ ਨੀਤੀਆਂ ਦੇ ਤਹਿਤ ਟੁਕੜੇ ਟੁਕੜੇ ਕਰਕੇ ਵੇਚਿਆ ਜਾ ਰਿਹਾ ਹੈ ਜਿਸ ਨੂੰ ਠੱਲ੍ਹਣ ਦੀ ਲੋੜ ਹੈ। ਉਨ੍ਹਾਂ ਪੰਜਾਬ ਵਾਸੀਆਂ ਨੂੰ ਅਪੀਲ ਕੀਤੀ ਕਿ ਕਿਸੇ ਵੀ ਲਾਲਚ ਦੇ ਵੱਸ ਉਹ ਆਪਣੀਆਂ ਬੇਸ਼ਕੀਮਤੀ ਜ਼ਮੀਨਾਂ ਨਾ ਵੇਚਣ।

ਸਮਾਗਮ ਦੌਰਾਨ ਪ੍ਰਸਿੱਧ ਕਥਾਵਾਚਕ ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਵੱਲੋਂ ਇਹ ਵਿਚਾਰ ਰੱਖਿਆ ਗਿਆ ਕਿ ਅੱਜ ਕੱਲ੍ਹ ਜੋ ਗੁਰਦੁਆਰਾ ਸਾਹਿਬਾਨ ਵਿੱਚ ਕੇਕ ਕੱਟ ਕੇ ਜਨਮ ਦਿਹਾੜਾ ਮਨਾਉਣ ਨੂੰ ਪ੍ਰਚਲਿਤ ਕੀਤਾ ਜਾ ਰਿਹਾ ਹੈ ਇਹ ਸਾਡੀ ਰਵਾਇਤ ਨਹੀਂ ਹੈ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਭਾਈ ਪਿੰਦਰਪਾਲ ਸਿੰਘ ਦੇ ਵਿਚਾਰਾਂ ਦੀ ਪ੍ਰੋੜ੍ਹਤਾ ਕੀਤੀ ਅਤੇ ਸੰਗਤ ਨੂੰ ਪੁਰਾਤਨ ਸਿੱਖ ਰਵਾਇਤਾਂ ਅਨੁਸਾਰ ਹੀ ਸਿੱਖ ਦਿਹਾੜੇ ਤੇ ਗੁਰਪੁਰਬ ਮਨਾਉਣ ਲਈ ਤਾਕੀਦ ਕੀਤੀ।

# ਚੀਨੀ ਡੋਰ ਨੇ ਵਿਦਿਆਰਥੀ ਦੀ ਜਾਨ ਲਈ

## ਸਕੂਲ ਤੋਂ ਪਰਤਦਿਆਂ ਵਾਪਰਿਆ ਹਾਦਸਾ; ਚਚੇਰਾ ਭਰਾ ਵੀ ਜ਼ਖ਼ਮੀ

ਸਮਰਾਲਾ : ਸਮਰਾਲਾ ਬਾਈਪਾਸ 'ਤੇ ਪਿੰਡ ਚਹਿਲਾਂ ਨੇੜੇ ਅੱਜ ਚੀਨੀ ਡੋਰ ਦੀ ਲਪੇਟ 'ਚ ਆਉਣ ਕਾਰਨ 10ਵੀਂ ਜਮਾਤ ਦੇ ਵਿਦਿਆਰਥੀ ਤਰਨਜੋਤ ਸਿੰਘ (15) ਦੀ ਮੌਕੇ 'ਤੇ ਹੀ ਮੌਤ ਹੋ ਗਈ। ਉਹ ਆਪਣੇ ਮਾਪਿਆਂ ਦਾ ਇਕਲੌਤਾ ਪੁੱਤ ਸੀ।



ਜਾਣਕਾਰੀ ਅਨੁਸਾਰ ਪਿੰਡ ਰੋਹਲੇ ਦਾ ਰਹਿਣ ਵਾਲਾ ਤਰਨਜੋਤ ਆਪਣੇ ਚਚੇਰੇ ਭਰਾ ਪ੍ਰਭਜੋਤ ਸਿੰਘ ਨਾਲ ਸਕੂਲ ਤੋਂ ਮੋਟਰਸਾਈਕਲ 'ਤੇ ਘਰ ਪਰਤ ਰਿਹਾ ਸੀ। ਲੁਧਿਆਣਾ-ਚੰਡੀਗੜ੍ਹ ਮੁੱਖ ਹਾਈਵੇਅ 'ਤੇ ਪਿੰਡ ਚਹਿਲਾਂ ਕੋਲ ਅਚਾਨਕ ਪਤੰਗ ਦੀ ਡੋਰ ਤਰਨਜੋਤ ਦੇ ਗਲੇ 'ਚ ਫਸ ਗਈ, ਜਿਸ ਕਾਰਨ ਉਸ ਦੀ ਗਰਦਨ 'ਤੇ ਡੂੰਘਾ ਕੱਟ ਪੈ ਗਿਆ ਤੇ ਉਸ ਦੀ ਮੌਤ ਹੋ ਗਈ। ਮੋਟਰਸਾਈਕਲ ਚਲਾ ਰਿਹਾ ਪ੍ਰਭਜੋਤ ਵੀ ਡੋਰ ਦੀ ਲਪੇਟ ਵਿੱਚ ਆਉਣ ਕਾਰਨ ਗੰਭੀਰ ਜ਼ਖਮੀ ਹੋ ਗਿਆ। ਉਸ ਨੂੰ ਇਲਾਜ ਲਈ ਸਿਵਲ ਹਸਪਤਾਲ ਸਮਰਾਲਾ ਦਾਖਲ ਕਰਵਾਇਆ ਗਿਆ ਹੈ। ਘਟਨਾ ਦੀ ਸੂਚਨਾ ਮਿਲਦਿਆਂ ਹੀ ਐੱਸ ਐੱਚ ਓ ਹਰਵਿੰਦਰ ਸਿੰਘ ਪੁਲੀਸ ਪਾਰਟੀ ਸਮੇਤ ਮੌਕੇ 'ਤੇ ਪਹੁੰਚੇ। ਉਨ੍ਹਾਂ ਦੱਸਿਆ ਕਿ ਲਾਸ਼ ਪੋਸਟਮਾਰਟਮ ਲਈ ਸਿਵਲ ਹਸਪਤਾਲ ਭੇਜ ਦਿੱਤੀ ਗਈ ਹੈ ਤੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

# ਕਰੰਸੀ 'ਰਿਆਲ' ਇਤਿਹਾਸ ਦੇ ਸਭ ਤੋਂ ਹੇਠਲੇ ਪੱਧਰ !

## ਇੰਟਰਨੈੱਟ ਬਲੈਕਆਊਟ, ਹਿੰਸਾ ਪ੍ਰਦਰਸ਼ਨਾਂ ਵਿੱਚ 6000 ਤੋਂ ਵੱਧ ਮੌਤਾਂ

ਦੁਬਈ : ਇਰਾਨ ਵਿੱਚ ਆਰਥਿਕ ਤੰਗੀ ਕਾਰਨ ਭੜਕੀ ਹਿੰਸਾ ਅਤੇ ਪ੍ਰਦਰਸ਼ਨਾਂ ਨੇ ਭਿਆਨਕ ਰੂਪ ਧਾਰ ਲਿਆ ਹੈ। ਅਮਰੀਕਾ ਸਥਿਤ 'ਹਿਊਮਨ ਰਾਈਟਸ ਐਕਟੀਵਿਸਟ ਨਿਊਜ਼ ਏਜੰਸੀ' (HRANA) ਦੇ ਤਾਜ਼ਾ ਅੰਕੜੇ ਦੱਸਦੇ ਹਨ ਕਿ ਇਰਾਨੀ ਫੌਜ ਵੱਲੋਂ ਕੀਤੀ ਗਈ ਕਾਰਵਾਈ ਵਿੱਚ ਮਰਨ ਵਾਲਿਆਂ ਵਿੱਚ 86 ਬੱਚੇ ਅਤੇ 49 ਅਜਿਹੇ ਨਾਗਰਿਕ ਸ਼ਾਮਲ ਹਨ ਜੋ ਪ੍ਰਦਰਸ਼ਨਾਂ ਦਾ ਹਿੱਸਾ ਵੀ ਨਹੀਂ ਸਨ। ਹੁਣ ਤੱਕ 41,800 ਤੋਂ ਵੱਧ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ।



ਇਰਾਨੀ ਪ੍ਰਸ਼ਾਸਨ ਨੇ ਦੇਸ਼ ਵਿੱਚ ਇਤਿਹਾਸ ਦੀ ਸਭ ਤੋਂ ਸਖ਼ਤ 'ਇੰਟਰਨੈੱਟ ਬਲੈਕਆਊਟ' ਲਗਾਈ ਹੋਈ ਹੈ, ਤਾਂ ਜੋ ਅੰਦਰੂਨੀ ਖ਼ਬਰਾਂ ਵਿਸ਼ਵ ਤੱਕ ਨਾ ਪਹੁੰਚ ਸਕਣ। ਹਾਲਾਂਕਿ ਸਰਕਾਰ ਮੌਤਾਂ ਦੀ ਗਿਣਤੀ ਸਿਰਫ਼ 3,117 ਦੱਸ ਰਹੀ ਹੈ ਪਰ ਕਾਰਕੁਨਾਂ ਦਾ ਕਹਿਣਾ ਹੈ ਕਿ ਅਸਲ ਅੰਕੜਾ ਕਿਤੇ ਜ਼ਿਆਦਾ ਖ਼ੌਫ਼ਨਾਕ ਹੈ।

ਇਸ ਦੇ ਨਾਲ ਹੀ, ਇਰਾਨ ਦੀ ਕਰੰਸੀ 'ਰਿਆਲ' ਇਤਿਹਾਸ ਦੇ ਸਭ ਤੋਂ ਹੇਠਲੇ ਪੱਧਰ (15 ਲੱਖ ਰਿਆਲ ਪ੍ਰਤੀ ਡਾਲਰ) 'ਤੇ ਪਹੁੰਚ ਗਈ ਹੈ, ਜਿਸ ਨੇ ਆਮ ਜਨਤਾ ਦਾ ਲੱਕ ਤੋੜ ਦਿੱਤਾ ਹੈ। ਰਿਆਲ ਦੀ ਕੀਮਤ ਪਿਛਲੇ 10 ਸਾਲਾਂ ਵਿੱਚ 32,000 ਤੋਂ ਡਿੱਗ ਕੇ 15 ਲੱਖ ਪ੍ਰਤੀ ਡਾਲਰ ਤੱਕ ਪਹੁੰਚ ਗਈ ਹੈ। ਭ੍ਰਿਸ਼ਟਾਚਾਰ ਨੂੰ ਰੋਕਣ ਲਈ ਸਰਕਾਰ ਨੇ ਕਰੰਸੀ ਸਬਸਿਡੀਆਂ ਖ਼ਤਮ ਕਰ ਦਿੱਤੀਆਂ ਹਨ ਅਤੇ ਬਦਲੇ ਵਿੱਚ ਲੋਕਾਂ ਨੂੰ ਮਹੀਨਾਵਾਰ ਸਿਰਫ਼ 7 ਡਾਲਰ ਦੇ ਕਰੀਬ ਸਹਾਇਤਾ ਦਿੱਤੀ ਜਾ ਰਹੀ ਹੈ, ਜੋ ਵਧਦੀ ਮਹਿੰਗਾਈ ਦੇ ਸਾਹਮਣੇ ਨਿਗੂਣੀ ਹੈ। ਰੋਜ਼ਾਨਾ ਵਰਤੋਂ ਦੀਆਂ ਵਸਤੂਆਂ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋਣ ਕਾਰਨ ਜਨਤਾ ਵਿੱਚ ਗੁੱਸਾ ਵਧਦਾ ਜਾ ਰਿਹਾ ਹੈ, ਜੋ ਕਿਸੇ ਵੀ ਸਮੇਂ ਵੱਡੀ ਬਗਾਵਤ ਦਾ ਰੂਪ ਲੈ ਸਕਦਾ ਹੈ।

ਦੂਜੇ ਪਾਸੇ, ਅਮਰੀਕਾ ਅਤੇ ਇਰਾਨ ਵਿਚਾਲੇ ਫੌਜੀ ਟਕਰਾਅ ਦਾ ਖਤਰਾ ਵਧ ਗਿਆ ਹੈ। ਅਮਰੀਕੀ ਜੰਗੀ ਬੇੜਾ USS ਅਬ੍ਰਾਹਮ ਲਿੰਕਨ ਆਪਣੇ ਵਿਨਾਸ਼ਕਾਰੀ ਜਹਾਜ਼ਾਂ ਸਮੇਤ ਮੱਧ ਪੂਰਬ ਪਹੁੰਚ ਚੁੱਕਾ ਹੈ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਫੌਜੀ ਕਾਰਵਾਈ ਦੀ ਦਿੱਤੀ ਗਈ ਧਮਕੀ ਤੋਂ ਬਾਅਦ ਇਰਾਨ ਪੱਖੀ ਅਤਿਵਾਦੀ ਸਮੂਹਾਂ ਨੇ ਵੀ ਜਵਾਬੀ ਹਮਲਿਆਂ ਦੀ ਚਿਤਾਵਨੀ ਦਿੱਤੀ ਹੈ।

ਇਰਾਨ ਨੇ ਇਨ੍ਹਾਂ ਪ੍ਰਦਰਸ਼ਨਾਂ ਲਈ ਬਾਹਰੀ ਤਾਕਤਾਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ ਪਰ ਮਾਹਰਾਂ ਦਾ ਮੰਨਣਾ ਹੈ ਕਿ ਡਿੱਗਦੀ ਆਰਥਿਕਤਾ ਅਤੇ ਕੌਮਾਂਤਰੀ ਪਾਬੰਦੀਆਂ ਨੇ ਇਰਾਨ ਨੂੰ ਅਜਿਹੇ ਮੋੜ 'ਤੇ ਲਿਆ ਦਿੱਤਾ ਹੈ ਜਿੱਥੇ ਕੋਈ ਵੀ ਚੰਗਿਆੜੀ ਪੂਰੇ ਖੇਤਰ ਨੂੰ ਭਿਆਨਕ ਜੰਗ ਵਿੱਚ ਝੋਕ ਸਕਦੀ ਹੈ।

# ਕੈਨੇਡਾ 'ਚ 28 ਸਾਲਾ ਨੌਜਵਾਨ ਦੀ ਹੱਤਿਆ 'ਤੇ ਪੁਲਿਸ ਨੂੰ ਗੈਂਗਵਾਰ ਦਾ ਸ਼ੱਕ

## ਵੈਨਕੂਵਰ ਦੇ ਦਿਲਰਾਜ ਸਿੰਘ ਗਿੱਲ ਦੀ ਹੋਈ ਸੀ ਮੌਤ

ਚੰਡੀਗੜ੍ਹ : ਕੈਨੇਡਾ ਦੇ ਬਰਨਬੀ ਵਿੱਚ 28 ਸਾਲਾ ਭਾਰਤੀ ਮੂਲ ਦੇ ਨੌਜਵਾਨ ਦੀ ਹੱਤਿਆ ਕੀਤੀ ਗਈ ਸੀ। ਪੁਲੀਸ ਨੂੰ ਸ਼ੱਕ ਹੈ ਕਿ ਇਹ ਮਾਮਲਾ ਗੈਂਗਵਾਰ ਨਾਲ ਜੁੜਿਆ ਹੋ ਸਕਦਾ ਹੈ। ਪੀੜਤ ਦੀ ਪਛਾਣ ਦਿਲਰਾਜ ਸਿੰਘ ਗਿੱਲ ਵਜੋਂ ਹੋਈ ਸੀ ਜੋ ਵੈਨਕੂਵਰ ਦਾ ਰਹਿਣ ਵਾਲਾ ਸੀ।



ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ 22 ਜਨਵਰੀ ਨੂੰ ਸ਼ਾਮ ਵੇਲੇ ਕੈਨੇਡਾ ਵੇਅ ਦੇ 3700 ਬਲਾਕ ਦੇ ਨੇੜੇ ਗੋਲੀਬਾਰੀ ਬਾਰੇ ਜਾਣਕਾਰੀ ਮਿਲੀ। ਜਦੋਂ ਪੁਲੀਸ ਮੌਕੇ 'ਤੇ ਪਹੁੰਚੀ ਤਾਂ ਇਕ ਨੌਜਵਾਨ ਨੂੰ ਗੋਲੀਆਂ ਮਾਰੀਆਂ ਗਈਆਂ ਸਨ। ਉਸ ਦੀ ਜਾਨ ਬਚਾਉਣ ਦੀ ਕੋਸ਼ਿਸ਼ ਕੀਤੀ ਗਈ ਪਰ ਇਸ ਦੇ ਬਾਵਜੂਦ ਇਹ ਨੌਜਵਾਨ ਬਚ ਨਹੀਂ ਸਕਿਆ।

ਪੁਲਿਸ ਅਧਿਕਾਰੀਆਂ ਨੇ ਕਿਹਾ ਕਿ ਥੋੜ੍ਹੀ ਦੇਰ ਬਾਅਦ ਬਕਸਟਨ ਸਟਰੀਟ ਦੇ 5000 ਬਲਾਕ ਵਿੱਚ ਇੱਕ ਵਾਹਨ ਨੂੰ ਅੱਗ ਲੱਗੀ ਹੋਈ ਮਿਲੀ। ਜਾਂਚਕਰਤਾਵਾਂ ਨੇ ਕਾਰਵਾਈ ਆਰੰਭੀ ਕਿ ਕੀ ਇਸ ਘਟਨਾ ਦਾ ਗੋਲੀਬਾਰੀ ਨਾਲ ਕੋਈ ਸਬੰਧ ਹੋ ਸਕਦਾ ਹੈ। ਇਸ ਸਬੰਧੀ ਬਰਨਬੀ, ਬ੍ਰਿਟਿਸ਼ ਕੋਲੰਬੀਆ ਦੀ ਪੁਲੀਸ ਨੇ ਬਿਆਨ ਵੀ ਜਾਰੀ ਕੀਤਾ ਹੈ। ਉਨ੍ਹਾਂ ਕਿਹਾ ਕਿ ਪੁਲੀਸ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ ਤੇ ਇਸ ਦੀ ਕਈ ਪੱਖਾਂ ਤੋਂ ਜਾਂਚ ਕੀਤੀ ਜਾ ਰਹੀ ਹੈ। ਪੁਲੀਸ ਦੇਖ ਰਹੀ ਹੈ ਕਿ ਕੀ ਇਸ ਗੋਲੀਬਾਰੀ ਦਾ ਬੀਸੀ ਗਰੋਹ ਨਾਲ ਕੋਈ ਸਬੰਧ ਹੈ ਕਿ ਨਹੀਂ।

ਇਸ ਤੋਂ ਬਾਅਦ ਜਾਂਚਕਰਤਾਵਾਂ ਨੇ ਪੁਸ਼ਟੀ ਕੀਤੀ ਹੈ ਕਿ ਬਕਸਟਨ ਸਟਰੀਟ ਦੇ 5000 ਬਲਾਕ ਵਿੱਚ ਅੱਗ ਲੱਗੀ ਗੱਡੀ ਦਾ ਇਸ ਹੱਤਿਆ ਨਾਲ ਸਬੰਧ ਹੈ। ਪੁਲੀਸ ਇਸ ਵਾਹਨ ਤੇ ਇਸ ਦੇ ਚਾਲਕਾਂ ਬਾਰੇ ਹੋਰ ਜਾਣਕਾਰੀ ਇਕੱਠੀ ਕਰਨ ਲਈ ਸਰਗਰਮੀ ਨਾਲ ਕੰਮ ਕਰ ਰਹੀ ਹੈ।

# ਪੱਤਰਕਾਰਾਂ ਖਿਲਾਫ ਦਰਜ ਮਾਮਲੇ 'ਚ ਡੀਸੀ ਦਫ਼ਤਰ ਅੱਗੇ ਧਰਨਾ

## ਪ੍ਰਦਰਸ਼ਨਕਾਰੀਆਂ ਨੇ ਸ਼ਹਿਰ ਭਰ 'ਚ ਕੱਢਿਆ ਰੋਸ ਮਾਰਚ

ਬਠਿੰਡਾ : ਹੈਲੀਕਾਪਟਰ ਮਾਮਲੇ ਨਾਲ ਜੁੜੇ ਕੁੱਝ ਪੱਤਰਕਾਰਾਂ ਸਮੇਤ ਕੁੱਲ ਦਸ ਵਿਅਕਤੀਆਂ 'ਤੇ ਦਰਜ ਕੀਤੇ ਗਏ ਪੁਲੀਸ ਕੇਸ ਦੇ ਵਿਰੁੱਧ ਬਠਿੰਡਾ ਡਿਪਟੀ ਕਮਿਸ਼ਨਰ ਦਫ਼ਤਰ ਦੇ ਬਾਹਰ ਧਰਨਾ ਦਿੱਤਾ ਗਿਆ। ਇਸ ਧਰਨੇ ਵਿੱਚ ਵੱਖ-ਵੱਖ ਪੱਤਰਕਾਰ ਸੰਗਠਨਾਂ, ਸਮਾਜਿਕ ਜਥੇਬੰਦੀਆਂ ਅਤੇ ਆਮ ਲੋਕਾਂ ਸ਼ਾਮਲ ਹੋਏ।



ਧਰਨੇ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਪੰਜਾਬ ਸਰਕਾਰ ਦੀ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਪੱਤਰਕਾਰਾਂ ਅਤੇ ਆਲੋਚਕ ਆਵਾਜ਼ਾਂ 'ਤੇ ਐੱਫਆਈਆਰ ਦਰਜ ਕਰਨਾ ਸਰਕਾਰ ਦੀ ਅਸਹਿਣਸ਼ੀਲਤਾ ਨੂੰ ਦਰਸਾਉਂਦਾ ਹੈ। ਬੁਲਾਰਿਆਂ ਦਾ ਦੋਸ਼ ਸੀ ਕਿ ਇਹ ਕਦਮ ਆਜ਼ਾਦ ਅਭਿਵਿਅਕਤੀ ਨੂੰ ਦਬਾਉਣ ਅਤੇ ਸਰਕਾਰ ਖ਼ਿਲਾਫ਼ ਉੱਠ ਰਹੀਆਂ ਸਵਾਲੀਆ ਆਵਾਜ਼ਾਂ ਨੂੰ ਚੁੱਪ ਕਰਵਾਉਣ ਦੀ ਕੋਸ਼ਿਸ਼ ਹੈ। ਉਨ੍ਹਾਂ ਆਖਿਆ ਕਿ ਅਜਿਹੀ ਕਾਰਵਾਈ ਜਮਹੂਰੀਅਤ ਦੇ ਮੂਲ ਸਿਧਾਂਤਾਂ 'ਤੇ ਸਿੱਧਾ ਹਮਲਾ ਹੈ, ਜਿਸ ਨੂੰ ਕਿਸੇ ਵੀ ਕੀਮਤ 'ਤੇ ਸਹਿਣ ਨਹੀਂ ਕੀਤਾ ਜਾ ਸਕਦਾ।

ਧਰਨਾਕਾਰੀਆਂ ਨੇ ਚਿਤਾਵਨੀ ਦਿੱਤੀ ਕਿ ਜੇ ਦਰਜ ਕੀਤਾ ਗਿਆ ਪੁਲੀਸ ਕੇਸ ਬਿਨਾਂ ਕਿਸੇ ਸ਼ਰਤ ਦੇ ਰੱਦ ਨਾ ਕੀਤਾ ਗਿਆ ਤਾਂ ਇਸ ਮਾਮਲੇ ਨੂੰ ਲੈ ਕੇ ਰਾਜ ਪੱਧਰ 'ਤੇ ਸੰਘਰਸ਼ ਵਿੱਢਿਆ ਜਾਵੇਗਾ।

ਗੌਰਤਲਬ ਹੈ ਕਿ ਲੰਘੀ 12 ਦਸੰਬਰ ਨੂੰ ਲੁਧਿਆਣਾ ਸਥਿਤ ਸਾਈਬਰ ਕਰਾਈਮ ਥਾਣੇ ਵਿੱਚ ਤਿੰਨ ਯੂ-ਟਿਊਬਰਾਂ, ਇੱਕ ਆਰਟੀਆਈ ਕਾਰਕੁਨ ਸਮੇਤ ਕੁੱਲ ਦਸ ਵਿਅਕਤੀਆਂ ਖ਼ਿਲਾਫ਼ ਪਰਚਾ ਦਰਜ ਕੀਤਾ ਗਿਆ ਸੀ। ਇਹ ਕੇਸ ਮੁੱਖ ਮੰਤਰੀ ਭਗਵੰਤ ਮਾਨ ਦੇ ਜਪਾਨ ਅਤੇ ਦੱਖਣੀ ਕੋਰੀਆ ਦੌਰੇ ਦੌਰਾਨ ਪੰਜਾਬ ਸਰਕਾਰ ਦੇ ਹੈਲੀਕਾਪਟਰ ਦੀ ਵਰਤੋਂ ਨੂੰ ਲੈ ਕੇ ਸੋਸ਼ਲ ਮੀਡੀਆ 'ਤੇ ਉੱਠੇ ਵਿਵਾਦ ਸਬੰਧੀ ਦਰਜ ਹੋਇਆ ਸੀ।

ਵਿਵਾਦ ਮਗਰੋਂ 'ਆਪ' ਪੰਜਾਬ ਦੇ ਮੁੱਖ ਬੁਲਾਰੇ ਨੇ ਸਪਸ਼ਟ ਕੀਤਾ ਸੀ ਕਿ ਹੈਲੀਕਾਪਟਰ ਦੀ ਵਰਤੋਂ ਸਿਰਫ ਪੰਜਾਬ ਦੇ ਰਾਜਪਾਲ ਵੱਲੋਂ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਫੇਰੀ ਲਈ ਕੀਤੀ ਗਈ ਸੀ। ਧਰਨਾਕਾਰੀਆਂ ਵੱਲੋਂ ਸ਼ਹਿਰ ਭਰ ਵਿੱਚ ਰੋਸ ਮਾਰਚ ਵੀ ਕੱਢਿਆ ਜਾ ਰਿਹਾ ਹੈ।

# ਮਗਨਰੇਗਾ 'ਚ ਤਬਦੀਲੀਆਂ ਖ਼ਿਲਾਫ਼ 'ਆਪ' ਦਾ ਮੁਜ਼ਾਹਰਾ




ਜਲੰਧਰ : ਆਮ ਆਦਮੀ ਪਾਰਟੀ ਨੇ ਕੇਂਦਰ ਸਰਕਾਰ ਵੱਲੋਂ ਮਗਨਰੇਗਾ ਕਾਨੂੰਨ ਨੂੰ ਬਦਲ ਕੇ ਗਰੀਬਾਂ ਦਾ ਰੁਜ਼ਗਾਰ ਖੋਹਣ ਦੇ ਮਾਮਲੇ ਨੂੰ ਲੈ ਕੇ ਜ਼ਿਲ੍ਹਾ ਹੈਡਕੁਆਟਰ 'ਤੇ ਧਰਨਾ ਦਿੱਤਾ ਅਤੇ 'ਆਪ' ਦੇ ਆਗੂਆਂ ਨੂੰ ਇੱਕਸੁਰ ਹੁੰਦਿਆ ਕੇਂਦਰ ਵਿਚਲੀ ਮੋਦੀ ਸਰਕਾਰ ਦੀ ਤਿੱਖੀ ਅਲੋਚਨਾ ਕੀਤੀ। ਕੈਬਨਿਟ ਮੰਤਰੀ ਮੋਹਿੰਦਰ ਭਗਤ ਤੇ ਹੋਰ ਆਗੂਆਂ ਨੇ ਦੋਸ਼ ਲਾਇਆ ਕਿ ਅਸਲ ਵਿੱਚ ਭਾਜਪਾ ਦਲਿਤ ਵਿਰੋਧੀ ਹੈ। ਮਗਨਰੇਗਾ ਵਿੱਚ ਜਿੱਥੇ ਕੰਮ ਦੀ ਗਾਰੰਟੀ ਦਿੱਤੀ ਜਾਂਦੀ ਸੀ, ਮਜ਼ਦੂਰਾਂ ਦਾ ਮੌਲਿਕ ਅਧਿਕਾਰ ਸੀ ਕਿ ਉਸ ਨੂੰ ਮੰਗਣ 'ਤੇ ਕੰਮ ਮਿਲਦਾ ਸੀ ਜਦ ਕਿ ਸੋਧੇ ਗਏ ਕਾਨੂੰਨ ਅਨੁਸਾਰ ਕੰਮ ਦਾ ਫੈਸਲਾ ਕੇਂਦਰ ਸਰਕਾਰ ਤੈਅ ਕਰੇਗੀ ਕਿ ਕਿਹੜਾ ਕੰਮ ਕਰਨਾ ਹੈ ਤੇ ਕਿਹੜਾ ਨਹੀਂ। ਆਗੂਆਂ ਨੇ ਕਿਹਾ ਕਿ ਭਾਜਪਾ ਵੱਲੋਂ 100 ਦਿਨ ਤੋਂ 125 ਦਿਨ ਕੀਤੇ ਜਾਣ ਨੂੰ ਵੀ ਗੁੰਮਰਾਹਕੁਨ ਦੱਸਿਆ। ਉਨ੍ਹਾਂ ਕਿਹਾ ਕਿ ਜਦੋਂ ਮਗਨਰੇਗਾ ਕਾਨੂੰਨ ਦੀ ਆਤਮਾ ਹੀ ਮਾਰ ਦਿੱਤੀ ਗਈ ਹੈ ਤਾਂ ਫਿਰ ਇਸ ਦੇ 25 ਦਿਨ ਵਧਾਉਣ ਦਾ ਵੀ ਲਾਭ ਹੈ। 'ਆਪ' ਦੇ ਆਗੂਆਂ ਨੇ ਭਾਜਪਾ ਸ਼ਾਸ਼ਿਤ ਰਾਜਾਂ ਨੂੰ ਸਵਾਲ ਕੀਤਾ ਕਿ ਉਹ ਦੱਸਣ ਕਿ 2014 ਤੋਂ ਬਾਅਦ ਕਿੰਨੇ ਮਜ਼ਦੂਰਾਂ ਨੂੰ ਭਾਜਪਾ ਨੇ 100 ਦਿਨਾਂ ਤੱਕ ਵੀ ਕੰਮ ਦਿੱਤਾ ਹੋਵੇ। ਸ੍ਰੀ ਮੋਹਿੰਦਰ ਭਗਤ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਮਨਰੇਗਾ ਕਾਨੂੰਨ ਨੂੰ ਕਮਜ਼ੋਰ ਕਰਨਾ ਦੇਸ਼ ਦੇ ਗਰੀਬ ਮਜ਼ਦੂਰਾਂ ਦੇ ਮੂੰਹੋਂ ਰੋਟੀ ਖੋਹਣ ਦੇ ਬਰਾਬਰ ਹੈ। ਚੇਅਰਮੈਨ ਪੰਜਾਬ ਸਟੇਟ ਕੋਆਪਰੇਟਿਵ ਐਗਰੀਕਲਚਰ ਬੈਂਕ ਪਵਨ ਕੁਮਾਰ ਟੀਨੂੰ ਨੇ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਮਨਰੇਗਾ ਵਿੱਚ ਕੀਤੀਆਂ ਜਾ ਰਹੀਆਂ ਤਬਦੀਲੀਆਂ ਦੀ ਨਿੰਦਾ ਕੀਤੀ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਜਲੰਧਰ ਸ਼ਹਿਰੀ ਅੰਮ੍ਰਿਤ ਪਾਲ ਸਿੰਘ ਤੇ ਐਸ ਸੀ ਵਿੰਗ ਦੇ ਸੂਬਾ ਪ੍ਰਧਾਨ ਜੀ ਪੀ ਸਿੰਘ ਨੇ ਵੀ ਸੰਬੋਧਨ ਕੀਤਾ।

# ਮਹਿਨਾ 'ਚ ਖੇਤਾਂ ਵਿੱਚੋਂ ਲਿਜਾਣਾ ਪਿਆ ਜਨਾਜ਼ਾ

## ਕਬਰਿਸਤਾਨ ਦੇ ਰਾਹ 'ਤੇ ਕਬਜ਼ੇ ਕਾਰਨ ਮੁਸਲਿਮ ਭਾਈਚਾਰਾ ਪ੍ਰੇਸ਼ਾਨ



ਮੋਗਾ : ਪਿੰਡ ਮਹਿਨਾ ਵਿੱਚ ਕਬਰਿਸਤਾਨ ਲਈ ਰਾਹ ਨਾ ਹੋਣ ਕਾਰਨ ਮੁਸਲਿਮ ਭਾਈਚਾਰੇ ਦੇ ਲੋਕ ਪ੍ਰੇਸ਼ਾਨ ਹਨ। ਰਾਹ 'ਤੇ ਨਾਜਾਇਜ਼ ਕਬਜ਼ੇ ਕਾਰਨ ਅੱਜ ਮੁਸਲਿਮ ਭਾਈਚਾਰੇ ਦੇ ਲੋਕਾਂ ਨੂੰ ਇੱਕ ਬਿਰਧ ਮ੍ਰਿਤਕ ਦਾ ਜਨਾਜ਼ਾ ਖੇਤਾਂ ਵਿੱਚ ਫਸਲ ਵਿਚੋਂ ਲੰਘ ਕੇ ਕਬਰਿਸਤਾਨ ਤੱਕ ਲਿਜਾਣਾ ਪਿਆ।
ਇਸ ਮੌਕੇ ਮੌਲਵੀ ਨੇ ਦੱਸਿਆ ਕਿ ਪੰਚਾਇਤਾਂ, ਤਹਿਸੀਲਦਾਰ, ਡੀਸੀ ਅਤੇ ਹਲਕਾ ਵਿਧਾਇਕ ਨੂੰ ਕਈ ਵਾਰ ਇਸ ਮਸਲੇ ਬਾਰੇ ਜਾਣੂ ਕਰਵਾਇਆ ਗਿਆ ਪਰ ਅਜੇ ਤੱਕ ਉਨ੍ਹਾਂ ਦੀ ਸੁਣਵਾਈ ਨਹੀਂ ਹੋਈ। ਉਨ੍ਹਾਂ ਕਿਹਾ ਕਿ ਦੇਸ਼ ਦੀ ਵੰਡ ਤੋਂ 78 ਸਾਲ ਬਾਅਦ ਵੀ ਪਿੰਡ ਮਹਿਨਾ ਤੇ ਹੋਰ ਕਈ ਪਿੰਡਾਂ 'ਚ ਵਸਦੇ ਮੁਸਲਿਮ ਭਾਈਚਾਰੇ ਨੂੰ ਕਬਰਿਸਤਾਨ ਜਾਂ ਰਸਤਾ ਤੱਕ ਨਹੀਂ ਮਿਲਿਆ। ਉਨ੍ਹਾਂ ਕਿਹਾ ਕਿ ਕੁਝ ਲੋਕਾਂ ਨੇ ਕਬਰਿਸਤਾਨ ਦੀ ਜਗਾ ਤੇ ਸਰਕਾਰੀ ਨਕਸ਼ੇ ਵਿੱਚ ਦਰਜ ਰਸਤੇ ਵੀ ਰੋਕਿਆ ਹੋਇਆ ਹੈ ਪਰ ਪ੍ਰਸ਼ਾਸਨ ਰਸਤੇ ਛੁਡਵਾਉਣ ਵਿੱਚ ਅਸਫਲ ਸਾਬਤ ਹੋ ਰਿਹਾ ਹੈ। ਮ੍ਰਿਤਕ ਦੇ ਰਿਸ਼ਤੇਦਾਰ ਰਾਮਧੀਨ ਨੇ ਕਿਹਾ ਕਿ ਕਬਰਿਸਤਾਨ ਤੱਕ ਪਹੁੰਚਣ ਲਈ ਪਹਿਲਾਂ ਕਿਸਾਨਾਂ ਦੇ ਅੱਗੇ ਮਿੰਨਤਾਂ ਕਰਨੀਆਂ ਪੈਂਦੀਆਂ ਹਨ ਅਤੇ ਫਿਰ ਜਨਾਜ਼ਾ ਖੇਤਾਂ ਵਿਚੋਂ ਲੰਘਾ ਕੇ ਲਿਜਾਣਾ ਪੈਂਦਾ ਹੈ। ਇਥੇ ਅੱਜ ਮ੍ਰਿਤਕ ਔਰਤ ਰਾਜੋ ਦੇ ਜਨਾਜ਼ੇ ਨੂੰ ਪਰਿਵਾਰਕ ਮੈਂਬਰਾਂ ਵੱਲੋਂ ਕਣਕ ਦੇ ਖੇਤਾਂ ਵਿਚੋਂ ਲੰਘਾ ਕੇ ਕਬਰਸਤਾਨ ਤੱਕ ਲਿਜਾਇਆ ਗਿਆ। ਉਨ੍ਹਾਂ ਗਿਲਾ ਜਾਹਿਰ ਕੀਤਾ ਕਿ ਪੰਚਾਇਤਾਂ ਵੱਲੋਂ ਮਗਨਰੇਗਾ ਫੰਡਾ ਰਾਂਹੀ ਸਾਂਝੀਆਂ ਥਾਵਾਂ ਰਸਤੇ ਆਦਿ ਦੀ ਸਾਫ਼ ਸਫ਼ਾਈ ਕਰਵਾਈ ਜਾਂਦੀ ਹੈ ਪਰ ਕਬਿਰਸਤਾਨ ਵੱਲ ਕਿਸੇ ਨੇ ਧਿਆਨ ਨਹੀਂ ਦਿੱਤਾ।

# ਦੇਸ਼ ਭਰ 'ਚ ਬੈਂਕ ਕਰਮਚਾਰੀਆਂ ਵਲੋਂ ਹੜਤਾਲ

ਨਵੀਂ ਦਿੱਲੀ : ਦੇਸ਼ ਭਰ ਵਿਚ ਕਈ ਥਾਵਾਂ 'ਤੇ ਚੈੱਕ ਕਲੀਅਰੈਂਸ, ਨਕਦੀ ਜਮ੍ਹਾਂ ਕਰਨ ਅਤੇ ਕਢਵਾਉਣ ਵਰਗੇ ਬ੍ਰਾਂਚ ਬੈਂਕਿੰਗ ਕਾਰਜ ਪ੍ਰਭਾਵਿਤ ਹੋਏ, ਕਿਉਂਕਿ ਯੂਨਾਈਟਿਡ ਫੋਰਮ ਆਫ਼ ਬੈਂਕ ਯੂਨੀਅਨਜ਼ (ਯੂ.ਐਫ.ਬੀ.ਯੂ.) ਨੇ ਪੰਜ ਦਿਨਾਂ ਦੇ ਕੰਮ ਹਫ਼ਤੇ ਨੂੰ ਤੁਰੰਤ ਲਾਗੂ ਕਰਨ ਦੀ ਮੰਗ ਕਰਦਿਆਂ ਦੇਸ਼ ਵਿਆਪੀ ਹੜਤਾਲ ਕੀਤੀ। ਨੌਂ ਯੂਨੀਅਨਾਂ ਦੀ ਇੱਕ ਸੰਸਥਾ, ਜੋ ਕਿ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਨੁਮਾਇੰਦਗੀ ਕਰਦੀ ਹੈ, ਯੂ.ਐਫ.ਬੀ.ਯੂ. ਦੁਆਰਾ ਕੀਤੀ ਗਈ ਹੜਤਾਲ, 23 ਜਨਵਰੀ ਨੂੰ ਮੁੱਖ ਕਿਰਤ ਕਮਿਸ਼ਨਰ ਨਾਲ ਹੋਈ ਸੁਲ੍ਹਾ ਮੀਟਿੰਗ ਤੋਂ ਬਾਅਦ ਸਾਕਾਰ ਹੋਈ, ਜਿਸ ਦਾ ਕੋਈ ਸਾਕਾਰਾਤਮਿਕ ਨਤੀਜਾ ਨਹੀਂ ਨਿਕਲਿਆ। ਯੂ.ਐਫ.ਬੀ.ਯੂ. ਦੁਆਰਾ ਦਿੱਤੇ ਗਏ ਹੜਤਾਲ ਦੇ ਸੱਦੇ ਵਿਚ ਜਨਤਕ ਖੇਤਰ ਦੇ ਬੈਂਕਾਂ ਦੀਆਂ ਵੱਖ-ਵੱਖ ਯੂਨੀਅਨਾਂ ਦੇ ਲਗਭਗ 8 ਲੱਖ ਕਰਮਚਾਰੀਆਂ ਨੇ ਹਿੱਸਾ ਲਿਆ। ਅਨੁਮਾਨਾਂ ਅਨੁਸਾਰ, 4 ਲੱਖ ਕਰੋੜ ਰੁਪਏ ਦੇ ਚੈੱਕ ਕਲੀਅਰੈਂਸ ਲਈ ਰੋਕੇ ਗਏ ਸਨ, ਨਕਦ ਲੈਣ-ਦੇਣ ਪ੍ਰਭਾਵਿਤ ਹੋਇਆ ਅਤੇ ਬਿੱਲ ਵਪਾਰ, ਬਿੱਲ ਛੋਟ ਅਤੇ ਵਪਾਰ ਪ੍ਰਭਾਵਿਤ ਹੋ ਰਿਹਾ ਸੀ ਅਤੇ ਜਨਤਕ ਖੇਤਰ ਦੇ ਬੈਂਕਾਂ ਵਿੱਚ ਖਜ਼ਾਨਾ ਕਾਰਜ ਵੀ ਕਈ ਥਾਵਾਂ 'ਤੇ ਬੰਦ ਰਹੇ, ਆਲ ਇੰਡੀਆ ਬੈਂਕ ਇੰਪਲਾਈਜ਼ ਐਸੋਸੀਏਸ਼ਨ (ਏ. ਆਈ. ਬੀ. ਈ. ਏ.), ਜੋ ਕਿ ਯੂ. ਐਫ. ਬੀ. ਯੂ. ਦਾ ਇੱਕ ਹਿੱਸਾ ਹੈ, ਜਨਰਲ ਸਕੱਤਰ ਸੀ.ਐਚ. ਵੈਂਕਟਾਚਲਮ ਨੇ ਦੱਸਿਆ। ਆਲ ਇੰਡੀਆ ਬੈਂਕ ਅਫਸਰਜ਼ ਕਨਫੈਡਰੇਸ਼ਨ ਦੇ ਜਨਰਲ ਸਕੱਤਰ ਰੂਪਮ ਰਾਏ ਨੇ ਕਿਹਾ ਕਿ ਦਸੰਬਰ 2023 ਵਿਚ, ਵਿਚਾਰ-ਵਟਾਂਦਰੇ ਤੋਂ ਬਾਅਦ ਇਹ ਸਹਿਮਤੀ ਬਣੀ ਕਿ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਰੋਜ਼ਾਨਾ ਕੰਮ ਕਰਨ ਦੇ ਘੰਟੇ 40 ਮਿੰਟ ਵਧਾ ਦਿੱਤੇ ਜਾਣਗੇ ਅਤੇ ਬਾਕੀ ਸਨਿਚਰਵਾਰਾਂ ਨੂੰ ਛੁੱਟੀਆਂ ਵਜੋਂ ਐਲਾਨ ਕੀਤਾ ਜਾਵੇਗਾ, ਇਸ ਦੀ ਸਿਫਾਰਸ਼ ਸਰਕਾਰ ਨੂੰ ਕੀਤੀ ਗਈ ਹੈ ਪਰ ਬਦਕਿਸਮਤੀ ਨਾਲ ਇਸ ਨੂੰ ਪਿਛਲੇ ਦੋ ਸਾਲਾਂ ਤੋਂ ਪ੍ਰਵਾਨਗੀ ਨਹੀਂ ਮਿਲੀ। ਮੱਧ ਪ੍ਰਦੇਸ਼ ਅਤੇ ਝਾਰਖੰਡ ਤੋਂ ਆ ਰਹੀਆਂ ਰਿਪੋਰਟਾਂ ਦਰਸਾਉਂਦੀਆਂ ਹਨ ਕਿ ਬੈਂਕਿੰਗ ਸੇਵਾਵਾਂ ਵੱਡੇ ਪੱਧਰ 'ਤੇ ਪ੍ਰਭਾਵਿਤ ਹੋਈਆਂ।




# ਬੰਗਲਾਦੇਸ਼ 'ਚ ਹਿੰਦੂਆਂ 'ਤੇ ਮੰਡਰਾਇਆ ਖ਼ਤਰਾ: ਚੋਣਾਂ ਜਿੱਤਣ ਲਈ ਕੱਟੜਪੰਥੀਆਂ ਨੇ ਰਚੀ ਹਿੰਸਾ ਦੀ ਸਾਜ਼ਿਸ਼; ਭਾਰਤੀ ਸਰਹੱਦਾਂ 'ਤੇ ਵਧੀ ਚੌਕਸੀ

ਨਵੀਂ ਦਿੱਲੀ: ਫਰਵਰੀ ਵਿੱਚ ਹੋਣ ਵਾਲੀਆਂ ਚੋਣਾਂ ਤੋਂ ਪਹਿਲਾਂ ਬੰਗਲਾਦੇਸ਼ ਵਿੱਚ ਘੱਟ ਗਿਣਤੀ ਹਿੰਦੂਆਂ ਵਿਰੁੱਧ ਹਿੰਸਾ ਭੜਕਾਉਣ ਦੀ ਇੱਕ ਵੱਡੀ ਸਾਜ਼ਿਸ਼ ਦਾ ਪਰਦਾਫਾਸ਼ ਹੋਇਆ ਹੈ। ਖੁਫੀਆ ਬਿਊਰੋ ਦੀ ਰਿਪੋਰਟ ਅਨੁਸਾਰ, ਪਿਛਲੇ ਹਫ਼ਤੇ ਕਈ ਨੇਤਾਵਾਂ ਅਤੇ ਕੱਟੜਪੰਥੀ ਅਨਸਰਾਂ ਵਿਚਕਾਰ ਇੱਕ ਮੀਟਿੰਗ ਹੋਈ, ਜਿਸ ਵਿੱਚ ਚੋਣਾਂ ਦੌਰਾਨ ਹਿੰਦੂ ਵਿਰੋਧੀ ਭਾਵਨਾਵਾਂ ਨੂੰ ਭੜਕਾਉਣ ਦੀ ਰਣਨੀਤੀ ਤਿਆਰ ਕੀਤੀ ਗਈ।
ਮਾਹਿਰਾਂ ਦਾ ਮੰਨਣਾ ਹੈ ਕਿ ਇਸ ਵਾਰ ਚੋਣਾਂ ਵਿਕਾਸ ਜਾਂ ਆਰਥਿਕਤਾ ਦੀ ਬਜਾਏ ਪੂਰੀ ਤਰ੍ਹਾਂ 'ਹਿੰਦੂ ਵਿਰੋਧੀ' ਅਤੇ 'ਭਾਰਤ ਵਿਰੋਧੀ' ਏਜੰਡੇ 'ਤੇ ਕੇਂਦਰਿਤ ਹੋਣਗੀਆਂ।
ਨਫ਼ਰਤ ਅਤੇ ਫਰਜ਼ੀ ਖ਼ਬਰਾਂ ਦਾ ਸਹਾਰਾ: ਸਾਜ਼ਿਸ਼ ਤਹਿਤ ਕੱਟੜਪੰਥੀ ਅਨਸਰ ਹਿੰਦੂਆਂ ਵਿਰੁੱਧ ਫਰਜ਼ੀ ਖ਼ਬਰਾਂ (ਫੇਕ ਨੈਰੇਟਿਵ) ਫੈਲਾਉਣ ਦੀ ਯੋਜਨਾ ਬਣਾ ਰਹੇ ਹਨ। ਇਸ ਵਿੱਚ ਘੱਟ ਗਿਣਤੀਆਂ 'ਤੇ ਚੋਰੀ ਅਤੇ ਹੋਰ ਅਪਰਾਧਾਂ ਦੇ ਝੂਠੇ ਦੋਸ਼ ਲਗਾਉਣਾ ਸ਼ਾਮਲ ਹੈ ਤਾਂ ਜੋ ਸਥਾਨਕ ਆਬਾਦੀ ਨੂੰ ਉਨ੍ਹਾਂ ਵਿਰੁੱਧ ਹਿੰਸਾ ਲਈ ਉਕਸਾਇਆ ਜਾ ਸਕੇ। ਕਈ ਸਿਆਸੀ ਪਾਰਟੀਆਂ ਇਹ ਪ੍ਰਚਾਰ ਕਰ ਰਹੀਆਂ ਹਨ ਕਿ ਕਿਉਂਕਿ ਭਾਰਤ ਨੇ ਸ਼ੇਖ ਹਸੀਨਾ ਨੂੰ ਸ਼ਰਨ ਦਿੱਤੀ ਹੈ, ਇਸ ਲਈ ਬੰਗਲਾਦੇਸ਼ ਦੇ ਹਿੰਦੂ (ਜਿਨ੍ਹਾਂ ਨੂੰ ਭਾਰਤ ਸਮਰਥਕ ਮੰਨਿਆ ਜਾ ਰਿਹਾ ਹੈ) ਉੱਥੇ ਰਹਿਣ ਦੇ ਹੱਕਦਾਰ ਨਹੀਂ ਹਨ।
ਪਲਾਇਨ ਦਾ ਡਰ ਤੇ ਕੱਟੜਪੰਥੀ ਸੰਗਠਨ: ਜਮਾਤ-ਏ-ਇਸਲਾਮੀ ਵਰਗੇ ਕੱਟੜਪੰਥੀ ਸੰਗਠਨ ਇਸ ਸਿਆਸੀ ਧਰੁਵੀਕਰਨ ਦਾ ਸਭ ਤੋਂ ਵੱਧ ਲਾਭ ਉਠਾ ਰਹੇ ਹਨ। ਉਹ ਸ਼ੇਖ ਹਸੀਨਾ ਨੂੰ 'ਦੇਸ਼ਧ੍ਰੋਹੀ' ਦੱਸ ਕੇ ਜਨਤਾ ਨੂੰ ਲਾਮਬੰਦ ਕਰ ਰਹੇ ਹਨ। ਇਸ ਤਣਾਅਪੂਰਨ ਮਾਹੌਲ ਕਾਰਨ ਹਿੰਦੂ ਭਾਈਚਾਰਾ ਡੂੰਘੇ ਡਰ ਵਿੱਚ ਹੈ ਅਤੇ ਹਿੰਸਾ ਵਧਣ ਦੀ ਸੂਰਤ ਵਿੱਚ ਵੱਡੇ ਪੱਧਰ 'ਤੇ ਪਲਾਇਨ ਦੀ ਆਸ਼ੰਕਾ ਹੈ, ਜਿਸ ਨਾਲ ਭਾਰਤੀ ਸਰਹੱਦਾਂ 'ਤੇ ਦਬਾਅ ਵਧ ਸਕਦਾ ਹੈ।
ਮਹਿਲਾ ਨੁਮਾਇੰਦਗੀ ਵਿੱਚ ਕਮੀ: 12 ਫਰਵਰੀ ਨੂੰ ਹੋਣ ਵਾਲੀਆਂ 13ਵੀਆਂ ਸੰਸਦੀ ਚੋਣਾਂ ਵਿੱਚ ਮਹਿਲਾਵਾਂ ਦੀ ਭਾਗੀਦਾਰੀ ਬਹੁਤ ਘੱਟ ਹੈ। ਕੁੱਲ 1,981 ਉਮੀਦਵਾਰਾਂ ਵਿੱਚੋਂ ਸਿਰਫ਼ 81 ਮਹਿਲਾਵਾਂ ਹੀ ਚੋਣ ਮੈਦਾਨ ਵਿੱਚ ਹਨ, ਜੋ ਕਿ ਮਹਿਜ਼ 4.08 ਪ੍ਰਤੀਸ਼ਤ ਹੈ। ਮਨੁੱਖੀ ਅਧਿਕਾਰ ਸੰਗਠਨਾਂ ਨੇ ਇਸ 'ਤੇ ਗੰਭੀਰ ਚਿੰਤਾ ਪ੍ਰਗਟਾਈ ਹੈ। ਨਰਸਿੰਗਦੀ ਜ਼ਿਲ੍ਹੇ ਵਿੱਚ 'ਬੰਗਲਾਦੇਸ਼ ਕ੍ਰਾਈਮ ਰਿਪੋਰਟਰਜ਼ ਐਸੋਸੀਏਸ਼ਨ' ਦੇ ਮੈਂਬਰਾਂ 'ਤੇ ਹੋਏ ਹਿੰਸਕ ਹਮਲੇ ਵਿੱਚ 10 ਪੱਤਰਕਾਰ ਜ਼ਖ਼ਮੀ ਹੋ ਗਏ ਹਨ। ਪਾਰਕਿੰਗ ਫੀਸ ਨੂੰ ਲੈ ਕੇ ਹੋਏ ਵਿਵਾਦ ਤੋਂ ਬਾਅਦ ਭੀੜ ਨੇ ਪੱਤਰਕਾਰਾਂ 'ਤੇ ਹਮਲਾ ਕਰ ਦਿੱਤਾ।



# ਰਾਸ਼ਟਰਪਤੀ ਵੱਲੋਂ ਆਦਿਵਾਸੀ ਮਹਿਮਾਨਾਂ ਤੇ ਕਲਾਕਾਰਾਂ ਨਾਲ ਮੁਲਾਕਾਤ

ਨਵੀਂ ਦਿੱਲੀ : ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਅੱਜ ਇੱਥੇ ਰਾਸ਼ਟਰਪਤੀ ਭਵਨ ਵਿੱਚ ਆਦਿਵਾਸੀ ਭਾਈਚਾਰਿਆਂ ਦੇ ਮਹਿਮਾਨਾਂ, ਝਾਕੀਆਂ 'ਚ ਸ਼ਾਮਲ ਕਲਾਕਾਰਾਂ ਅਤੇ ਗਣਤੰਤਰ ਦਿਵਸ ਪਰੇਡ 'ਚ ਹਿੱਸਾ ਲੈਣ ਵਾਲੇ ਹੋਰ ਲੋਕਾਂ ਨਾਲ ਮੁਲਾਕਾਤ ਕੀਤੀ। ਉਨ੍ਹਾਂ ਦੇ ਦਫ਼ਤਰ ਨੇ ਇਹ ਜਾਣਕਾਰੀ ਦਿੱਤੀ।
ਰਾਸ਼ਟਰਪਤੀ ਦਫ਼ਤਰ ਨੇ ਮੁਲਾਕਾਤ ਦੀਆਂ ਤਸਵੀਰਾਂ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' ਉੱਤੇ ਸਾਂਝੀਆਂ ਕੀਤੀਆਂ। ਪੋਸਟ 'ਚ ਕਿਹਾ ਗਿਆ, "ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਰਾਸ਼ਟਰਪਤੀ ਭਵਨ ਵਿੱਚ ਆਦਿਵਾਸੀ ਭਾਈਚਾਰਿਆਂ ਦੇ ਮਹਿਮਾਨਾਂ, ਝਾਕੀਆਂ ਦੇ ਕਲਾਕਾਰਾਂ ਅਤੇ ਟਰੈਕਟਰ ਚਾਲਕਾਂ, ਐੱਨ ਐੱਸ ਐੱਸ (ਕੌਮੀ ਸੇਵਾ ਯੋਜਨਾ) ਅਤੇ ਐੱਨ ਸੀ ਸੀ (ਨੈਸ਼ਨਲ ਕੈਡਿਟ ਕੋਰ) ਕੈਡਿਟਾਂ ਅਤੇ ਗਣਤੰਤਰ ਦਿਵਸ ਪਰੇਡ-2026 'ਚ ਹਿੱਸਾ ਲੈਣ ਵਾਲੇ ਹੋਰ ਲੋਕਾਂ ਨਾਲ ਮੁਲਾਕਾਤ ਕੀਤੀ।"





# ਕਥਾ ਸਮਾਗਮ

## ਸਿੰਘ ਸਾਹਿਬ ਗਿਆਨੀ ਰਣਜੀਤ ਸਿੰਘ ਜੀ

ਹੈਡ ਗ੍ਰੰਥੀ. ਗੁਰਦੁਆਰਾ ਬੰਗਲਾ ਸਾਹਿਬ ਦਿੱਲੀ

+917-957-1313 (ਯੂ.ਐਸ.ਏ.)

ਵਾਟਸਐੱਪ : +91 93137 51313

## ਮੰਗਲਵਾਰ, 27 ਜਨਵਰੀ 2026

**ਗੁਰਦੁਆਰਾ ਸੰਤ ਸਾਗਰ** : 1541, ਜੈਸੀ ਅਵੈਨਿਊ, ਸੈਕਰਾਮੈਂਟੋ, ਸੀ.ਏ. 95838, ਯੂ.ਐਸ.ਏ.

**ਸ਼ਾਮ 7.00 ਤੋਂ 8.00 ਵਜੇ ਤੱਕ**

## 28 ਜਨਵਰੀ ਤੋਂ 1 ਫਰਵਰੀ 2026

**ਗੁਰਦੁਆਰਾ ਨਾਨਕਸਰ ਸਾਹਿਬ** : 3060 ਐਸ ਚੈਰੀ ਐਵੀਨਿਊ, ਫਰਿਜ਼ਨੋ ਸੀਏ 39706

**ਸ਼ਾਮ 7.00 ਤੋਂ 8.00 ਵਜੇ ਤੱਕ**

## ਐਤਵਾਰ, 1 ਫਰਵਰੀ 2026

**ਸਿੱਖ ਸੈਂਟਰ ਆਫ ਪੈਸੀਫਿਕ ਕੋਸਟ** : 2211 ਐਸ ਹਾਈਲੈਂਡ ਐਵੀਨਿਊ ਸੇਲਮਾ ਸੀ.ਏ. 93662

**ਸਵੇਰੇ : 11.40 ਤੋਂ 12.15 ਵਜੇ ਤੱਕ**

**ਗੁਰਦੁਆਰਾ ਕਲਗੀਧਰ ਸਾਹਿਬ**

10011 ਐਸ ਗੋਲਡਨ ਸਟੇਟ ਬੀ.ਐਲ.ਵੀ.ਡੀ. ਸੇਲਮਾ ਸੀ.ਏ. 93662

**ਦੁਪਹਿਰ 12.20 ਤੋਂ 1.00 ਵਜੇ ਤੱਕ**

Follow on :

- Giani Ranjit Singh Head Granthi Gurdwara Bangla Sahib
- Head Granthi Ranjit Singh Bangla Sahib
- s_sranjitsingh1313_official



**ਭਾਈ ਸਾਹਿਬ ਸਤਪਾਲ ਸਿੰਘ ਖਾਲਸਾ (ਅੰਬੈਸਡਰ ਆਫ ਸਿੱਖ ਧਰਮ)**

## ਸਰਦਾਰ ਜੀਵਨ ਸਿੰਘ ਨੇ ਬੰਜਾਰਾ ਸਿੱਖਾਂ ਨੂੰ ਕਿਹਾ

# ਤੁਸੀਂ ਭਾਈ ਲਾਲੋ ਦੇ ਵਾਰਸ ਹੋ






ਬਹੁਜਨ ਦ੍ਰਾਵਿੜ ਪਾਰਟੀ ਦੇ ਰਾਸ਼ਟਰੀ ਪ੍ਰਧਾਨ, ਸਰਦਾਰ ਜੀਵਨ ਸਿੰਘ ਨੇ ਤੇਲੰਗਾਨਾ ਰਾਜ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਵਸ ਦੇ ਮੌਕੇ 'ਤੇ ਬੰਜਾਰਾ ਸਿੱਖ ਭਾਈਚਾਰੇ ਨੂੰ ਸੰਬੋਧਨ ਕੀਤਾ।

ਸਰਦਾਰ ਜੀਵਨ ਸਿੰਘ ਨੇ ਹੇਠ ਲਿਖੇ ਅਨੁਸਾਰ ਸੰਬੋਧਨ ਕੀਤਾ...

ਵਾਹਿਗੁਰੂ ਜੀ ਕਾ ਖਾਲਸਾ,
ਵਾਹਿਗੁਰੂ ਜੀ ਕੀ ਫਤਹਿ।।

ਸਤਿਕਾਰਯੋਗ ਬਜ਼ੁਰਗ, ਪਿਆਰੇ ਭਰਾਵੋ ਅਤੇ ਭੈਣੋ, ਮਾਣਮਈ ਬੰਜਾਰਾ ਸਿੱਖਾਂ ਨੂੰ ਮੇਰੀ ਗੁਰੂ ਫਤਿਹ।

ਅੱਜ ਮੈਂ ਤੁਹਾਡੇ ਸਾਹਮਣੇ ਗੁਰੂ ਨਾਨਕ ਸਾਹਿਬ ਪਾਤਸ਼ਾਹ ਜੀ ਦੁਆਰਾ ਸਿਖਾਏ ਗਏ ਇੱਕ ਸਧਾਰਨ ਪਰ ਇਨਕਲਾਬੀ ਸੱਚ ਬਾਰੇ ਗੱਲ ਕਰਨ ਲਈ ਖੜ੍ਹਾ ਹਾਂ: ਦੂਜਿਆਂ ਦੇ ਹੱਕ ਖੋਹਣਾ ਉਨ੍ਹਾਂ ਦਾ ਖ਼ੂਨ ਕੱਢਣ ਵਾਂਗ ਹੈ। ਇਹ ਮਨ ਨੂੰ ਪ੍ਰਦੂਸ਼ਿਤ ਕਰਦਾ ਹੈ। ਇਮਾਨਦਾਰ ਕਮਾਈ ਮਿੱਠੇ ਦੁੱਧ ਵਰਗੀ ਹੁੰਦੀ ਹੈ।

ਗੁਰੂ ਨਾਨਕ ਸਾਹਿਬ ਪਾਤਸ਼ਾਹ ਜੀ ਕੋਲ ਇੱਕ ਵਿਕਲਪ ਸੀ।

ਇੱਕ ਪਾਸੇ ਮਲਿਕ ਭਾਗੋ ਖੜ੍ਹਾ ਸੀ—ਅਮੀਰ, ਸ਼ਕਤੀਸ਼ਾਲੀ, ਇੱਕ ਭ੍ਰਿਸ਼ਟ ਅਧਿਕਾਰੀ, ਇੱਕ ਸ਼ਾਨਦਾਰ ਦਾਅਵਤ ਦੀ ਮੇਜ਼ਬਾਨੀ ਕਰ ਰਿਹਾ ਸੀ। ਦੂਜੇ ਪਾਸੇ ਭਾਈ ਲਾਲੋ ਸੀ—ਇੱਕ ਗਰੀਬ ਤਰਖਾਣ, ਇਮਾਨਦਾਰ ਕਿਰਤ ਕਰਕੇ ਆਪਣਾ ਗੁਜ਼ਾਰਾ ਕਰਦਾ ਸੀ।

ਗੁਰੂ ਪਾਤਸ਼ਾਹ ਜੀ ਨੇ ਮਲਿਕ ਭਾਗੋ ਦੀ ਦਾਅਵਤ ਨੂੰ ਠੁਕਰਾ ਦਿੱਤਾ ਅਤੇ ਭਾਈ ਲਾਲੋ ਦਾ ਸਾਦਾ ਭੋਜਨ ਚੁਣਿਆ।

ਜਦੋਂ ਪੁੱਛਿਆ ਗਿਆ ਕਿ ਕਿਉਂ, ਗੁਰੂ ਨਾਨਕ ਸਾਹਿਬ ਪਾਤਸ਼ਾਹ ਜੀ ਨੇ ਕਿਹਾ:

'ਤੁਹਾਡਾ ਭੋਜਨ ਗਰੀਬਾਂ ਦੇ ਖ਼ੂਨ ਤੋਂ ਬਣਿਆ ਹੈ।' ਜਦੋਂ ਭਾਈ ਲਾਲੋ ਦੀ ਰੋਟੀ ਦਬਾਈ ਜਾਂਦੀ ਸੀ, ਤਾਂ ਦੁੱਧ ਵਗਦਾ ਸੀ। ਜਦੋਂ ਮਲਿਕ ਭਾਗੋ ਦਾ ਭੋਜਨ ਦਬਾਈ ਜਾਂਦਾ ਸੀ, ਤਾਂ ਖ਼ੂਨ ਵਗਦਾ ਸੀ। ਇਹ ਜਾਦੂ ਨਹੀਂ ਸੀ—ਇਹ ਨੈਤਿਕ ਸੱਚ ਸੀ।

ਅੱਜ ਤੁਸੀਂ ਆਪਣੇ ਆਪ ਨੂੰ ਅੰਦਰੋਂ ਝਾਤੀ ਮਾਰੋ... ਭਾਵੇਂ ਤੁਸੀਂ ਭਾਈ ਲਾਲੋ ਦੇ ਨਾਲ ਹੋ ਜਾਂ ਮਲਿਕ ਭਾਈ

ਗੁਰੂ ਨਾਨਕ ਸਾਹਿਬ ਪਾਤਸ਼ਾਹ ਜੀ ਨੇ ਸਾਨੂੰ ਸਪੱਸ਼ਟ ਤੌਰ 'ਤੇ ਸਿਖਾਇਆ:

- ਨਿਆਂ ਤੋਂ ਬਿਨਾਂ ਦੌਲਤ ਹਿੰਸਾ ਹੈ
- ਇਮਾਨਦਾਰੀ ਤੋਂ ਬਿਨਾਂ ਸ਼ਕਤੀ ਪਾਪ ਹੈ
- ਮਨੁੱਖਤਾ ਤੋਂ ਬਿਨਾਂ ਧਰਮ ਖਾਲੀ ਹੈ

ਉਨ੍ਹਾਂ ਨੇ ਦਿਖਾਇਆ ਕਿ ਇਮਾਨਦਾਰ ਕਿਰਤ ਪਵਿੱਤਰ ਹੈ, ਅਤੇ ਸ਼ੋਸ਼ਣ ਆਤਮਾ ਨੂੰ ਪ੍ਰਦੂਸ਼ਿਤ ਕਰਦਾ ਹੈ। ਇਹ ਸਿੱਖੀ ਦੀ ਨੀਂਹ ਹੈ।

ਗੁਰੂ ਨਾਨਕ ਸਾਹਿਬ ਪਾਤਸ਼ਾਹ ਜੀ ਰਾਜਿਆਂ ਨਾਲ ਨਹੀਂ ਚੱਲਦੇ ਸਨ। ਉਹ ਨੀਵੇਂ ਲੋਕਾਂ ਵਿੱਚੋਂ ਸਭ ਤੋਂ ਨੀਵੇਂ ਲੋਕਾਂ ਨਾਲ ਚੱਲਦੇ ਸਨ।

ਇਸੇ ਲਈ ਅੱਜ ਮੈਂ ਮਾਣ ਨਾਲ ਕਹਿੰਦਾ ਹਾਂ: ਗੁਰੂ ਨਾਨਕ ਸਾਹਿਬ ਪਾਤਸ਼ਾਹ ਜੀ ਦਾ ਅਸਲ ਸੰਦੇਸ਼ ਬੰਜਾਰਾ ਸਿੱਖਾਂ ਵਿੱਚ ਰਹਿੰਦਾ ਹੈ।

ਤੁਹਾਡੀ ਕਿਰਤ ਦੀ ਸ਼ਾਨ, ਤੁਹਾਡੀ ਸਾਦਗੀ, ਤੁਹਾਡੀ ਇਮਾਨਦਾਰੀ - ਇਹ ਭਾਈ ਲਾਲੋ ਦਾ ਮਾਰਗ ਹੈ।



ਤੁਸੀਂ ਸਿੱਖੀ ਦੇ ਹਾਸ਼ੀਏ 'ਤੇ ਨਹੀਂ ਹੋ। ਤੁਸੀਂ ਇਸਦੇ ਦਿਲ ਵਿੱਚ ਹੋ। ਅੱਜ ਬਹੁਤ ਸਾਰੇ ਮੀਰੀ-ਪੀਰੀ ਬਾਰੇ ਗੱਲ ਕਰਦੇ ਹਨ। ਪਰ ਮੀਰੀ-ਪੀਰੀ ਦਾ ਅਰਥ ਨਿਆਂ ਤੋਂ ਬਿਨਾਂ ਸ਼ਕਤੀ ਨਹੀਂ ਹੈ। ਇਸਦਾ ਅਰਥ ਦਇਆ ਤੋਂ ਬਿਨਾਂ ਅਧਿਕਾਰ ਨਹੀਂ ਹੈ।

ਮੀਰੀ-ਪੀਰੀ ਦਾ ਅਰਥ ਹੈ:

- ਬੇਇਨਸਾਫ਼ੀ ਦੇ ਵਿਰੁੱਧ ਖੜ੍ਹੇ ਹੋਣਾ
- ਸ਼ੁੱਧ ਜ਼ਮੀਰ ਨਾਲ ਜੀਣਾ

ਕਦੇ ਵੀ ਦੂਜਿਆਂ ਦੇ ਖ਼ੂਨ 'ਤੇ ਨਹੀਂ ਰਹਿਣਾ

ਇਹ ਸੁਨੇਹਾ ਤੁਹਾਡੇ ਵਰਗੇ ਭਾਈਚਾਰਿਆਂ ਤੋਂ ਉੱਠਣਾ ਚਾਹੀਦਾ ਹੈ, ਭ੍ਰਿਸ਼ਟ ਸ਼ਕਤੀ ਕੇਂਦਰਾਂ ਤੋਂ ਨਹੀਂ।

ਭਾਰਤ ਬਾਰੇ ਸੋਚੋ... ਕੀ ਹੋ ਰਿਹਾ ਹੈ...

ਅੱਜ ਵੀ, ਮਲਿਕ ਭਾਗੋ ਦਾ ਤਿਉਹਾਰ ਜਾਰੀ ਹੈ। ਵੱਡੇ ਰਸਮਾਂ, ਵੱਡੇ ਜਸ਼ਨ, ਵੱਡੇ ਭਾਸ਼ਣ - ਪਰ ਗਰੀਬ ਭੁੱਖੇ ਰਹਿੰਦੇ ਹਨ, ਮਜ਼ਦੂਰ ਸ਼ੋਸ਼ਣ ਕਰਦੇ ਰਹਿੰਦੇ ਹਨ,

ਅਤੇ ਧਰਮ ਦੇ ਪਿੱਛੇ ਬੇਇਨਸਾਫ਼ੀ ਛੁਪੀ ਹੋਈ ਹੈ।

ਗੁਰੂ ਨਾਨਕ ਸਾਹਿਬ ਪਾਤਸ਼ਾਹ ਜੀ ਅਜੇ ਵੀ ਉਸ ਤਿਉਹਾਰ ਨੂੰ ਰੱਦ ਕਰਦੇ ਸਨ। ਉਹ ਅਜੇ ਵੀ ਇਮਾਨਦਾਰ ਰੋਟੀ ਚੁਣਦੇ ਸਨ। ਮੈਂ ਮਨੁੱਖਤਾ ਦੇ ਸਾਰੇ ਪ੍ਰੇਮੀਆਂ ਨੂੰ ਅਪੀਲ ਕਰਦਾ ਹਾਂ: ਨੀਵੇਂ ਵਿੱਚੋਂ ਸਭ ਤੋਂ ਨੀਵੇਂ ਕੋਲ ਆਓ। ਉਨ੍ਹਾਂ ਨਾਲ ਬੈਠੋ। ਉਨ੍ਹਾਂ ਦੀ ਗੱਲ ਸੁਣੋ। ਇਹ ਉਹ ਥਾਂ ਹੈ ਜਿੱਥੇ ਗੁਰੂ ਨਾਨਕ ਸਾਹਿਬ ਪਾਤਸ਼ਾਹ ਜੀ ਦੀ ਸਿੱਖੀ ਸਾਹ ਲੈਂਦੀ ਹੈ।

ਮੇਰੇ ਪਿਆਰੇ ਭਰਾਵੋ ਅਤੇ ਭੈਣੋ,

ਕਦੇ ਵੀ ਆਪਣੀ ਕੀਮਤ 'ਤੇ ਸ਼ੱਕ ਨਾ ਕਰੋ। ਤੁਸੀਂ ਭਾਈ ਲਾਲੋ ਦੇ ਵਾਰਸ ਹੋ, ਮਲਿਕ ਭਾਗੋ ਦੇ ਪੈਰੋਕਾਰ ਨਹੀਂ। ਤੁਹਾਡੀ ਸਾਦੀ ਰੋਟੀ ਅਜੇ ਵੀ ਦੁੱਧ ਵਰਗੀ ਮਿੱਠੀ ਹੈ।

ਜਿਵੇਂ ਗੁਰੂ ਨਾਨਕ ਸਾਹਿਬ ਪਾਤਸ਼ਾਹ ਜੀ ਨੇ ਸਿਖਾਇਆ:

ਸਲੋਕੁ ਮ:੧॥ ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥ ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ ॥ ਭਾਵ:- ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ 140, ਰਾਗ ਮਾਝ, ਗੁਰੂ ਨਾਨਕ ਸਾਹਿਬ ਜੀ ਪਾਤਸ਼ਾਹ ਆਖਦੇ ਹਨ, ਜੇ ਖ਼ੂਨ ਦੀ ਇੱਕ ਬੂੰਦ ਵੀ ਕੱਪੜੇ ਨੂੰ ਦਾਗ ਦੇਵੇ, ਤਾਂ ਉਹ ਅਪਵਿੱਤਰ ਹੋ ਜਾਂਦਾ ਹੈ। ਬੇਇਨਸਾਫ਼ੀ ਨਾਲ ਭਰਿਆ ਮਨ ਕਿਵੇਂ ਸਾਫ਼ ਰਹਿ ਸਕਦਾ ਹੈ।

ਵਾਹਿਗੁਰੂ ਜੀ ਕਾ ਖਾਲਸਾ,
ਵਾਹਿਗੁਰੂ ਜੀ ਕੀ ਫਤਿਹ॥



**'ਸੰਸਦ ਵਿੱਚ ਪੇਸ਼ ਕੀਤੇ ਗਏ ਅਧਿਕਾਰਤ ਅੰਕੜਿਆਂ ਮੁਤਾਬਕ, 2018 ਤੋਂ ਲੈ ਕੇ ਹੁਣ ਤੱਕ ਹਾਈ ਕੋਰਟਾਂ ਵਿੱਚ ਨਿਯੁਕਤ ਕੀਤੇ ਗਏ ਲਗਭਗ 77-80% ਜੱਜ ਉੱਚ ਜਾਤੀਆਂ (ਜਨਰਲ ਵਰਗ) ਨਾਲ ਸਬੰਧਤ ਹਨ।**

ਅਨੁਸੂਚਿਤ ਜਾਤੀਆਂ (SC), ਅਨੁਸੂਚਿਤ ਕਬੀਲਿਆਂ (ST), ਪੱਛੜੀਆਂ ਸ਼੍ਰੇਣੀਆਂ (OBC) ਅਤੇ ਧਾਰਮਿਕ ਘੱਟ-ਗਿਣਤੀਆਂ ਲਈ ਨਿਆਂਪਾਲਿਕਾ ਇਨਸਾਫ਼ ਦੀ ਆਖਰੀ ਉਮੀਦ ਮੰਨੀ ਜਾਂਦੀ ਹੈ। ਪਰ ਅੱਜ ਨਿਆਂਪਾਲਿਕਾ ਦੇ ਅੰਦਰ ਜੋ ਕੁਝ ਹੋ ਰਿਹਾ ਹੈ, ਉਸਨੂੰ ਦੇਖਦੇ ਹੋਏ ਇੱਕ ਗੰਭੀਰ ਸਵਾਲ ਖੜ੍ਹਾ ਹੁੰਦਾ ਹੈ: ਕੀ ਇਸ ਦੇਸ਼ ਵਿੱਚ 'ਮਨੂਵਾਦੀ' ਸੋਚ ਵਾਲੇ ਉੱਚ-ਜਾਤੀ ਕੁਲੀਨ ਵਰਗ ਦੇ ਦਬਦਬੇ ਵਾਲੀ ਸੰਸਥਾ ਤੋਂ ਬਹੁਜਨ-ਦ੍ਰਾਵਿੜ ਭਾਈਚਾਰਿਆਂ ਨੂੰ ਕਦੇ ਸੱਚਾ ਇਨਸਾਫ਼ ਮਿਲ ਸਕੇਗਾ?'





# ਲਾਲਾ ਲਾਜਪਤ ਰਾਏ ਦੇ ਜਨਮ ਦਿਹਾੜੇ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਢੁੱਡੀਕੇ ਨੂੰ 'ਮਾਡਲ ਪਿੰਡ' ਬਣਾਉਣ ਦਾ ਕੀਤਾ ਐਲਾਨ











ਮੋਗਾ, (ਸਾਡੇ ਲੋਕ) : ਪੰਜਾਬ ਕੇਸਰੀ ਲਾਲਾ ਲਾਜਪਤ ਰਾਏ ਦੇ ਜਨਮ ਦਿਹਾੜੇ ਮੌਕੇ ਉਨ੍ਹਾਂ ਦੇ ਜੱਦੀ ਪਿੰਡ ਢੁੱਡੀਕੇ (ਮੋਗਾ) ਵਿਖੇ ਕਰਵਾਏ ਗਏ ਖੇਡ ਮੇਲੇ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ਿਰਕਤ ਕੀਤੀ। ਇਸ ਮੌਕੇ ਉਨ੍ਹਾਂ ਨੇ ਸ਼ਹੀਦ ਲਾਲਾ ਲਾਜਪਤ ਰਾਏ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਪਿੰਡ ਦੇ ਵਿਕਾਸ ਲਈ ਵੱਡੇ ਐਲਾਨ ਕੀਤੇ।

1. ਢੁੱਡੀਕੇ ਬਣੇਗਾ 'ਮਾਡਲ ਪਿੰਡ'

ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਲਾਲਾ ਲਾਜਪਤ ਰਾਏ ਦੀ ਜਨਮ ਭੂਮੀ ਢੁੱਡੀਕੇ ਨੂੰ ਇੱਕ 'ਮਾਡਲ ਪਿੰਡ' ਵਜੋਂ ਵਿਕਸਤ ਕੀਤਾ ਜਾਵੇਗਾ।

ਵਿਕਾਸ ਕਾਰਜ: ਪਿੰਡ ਵਿੱਚ ਸੀਵਰੇਜ ਸਿਸਟਮ, ਛੱਪੜਾਂ ਦਾ ਨਵੀਨੀਕਰਨ, ਆਧੁਨਿਕ ਖੇਡ ਮੈਦਾਨ ਅਤੇ ਹੋਰ ਬੁਨਿਆਦੀ ਢਾਂਚੇ ਦੇ ਪ੍ਰੋਜੈਕਟ ਸ਼ੁਰੂ ਕੀਤੇ ਜਾਣਗੇ।

ਘਟਨਾ ਦੇ ਵੇਰਵੇ ਸਾਂਝੇ ਕਰਦਿਆਂ ਡੀ ਆਈ ਜੀ ਰੂਪਨਗਰ ਰੇਂਜ ਨਾਨਕ ਸਿੰਘ ਨੇ ਐੱਸ ਐੱਸ ਪੀ ਐੱਸ ਏ ਐੱਸ ਨਗਰ ਹਰਮਨਦੀਪ ਸਿੰਘ ਹਾਂਸ ਦੀ ਮੌਜੂਦਗੀ ਵਿੱਚ ਕਿਹਾ ਕਿ ਇਹ ਵਾਕਿਆ ਅੱਜ ਕਰੀਬ 3 ਵਜੇ ਵਾਪਰਿਆ। ਇੱਕ ਅਣਪਛਾਤੇ ਹਮਲਾਵਰ ਨੇ ਗੁਰਵਿੰਦਰ ਸਿੰਘ ਉਰਫ਼ ਲੰਬੜ, ਪੁੱਤਰ ਅਵਤਾਰ ਸਿੰਘ, ਵਾਸੀ ਪਿੰਡ ਰੁੜਕੀ ਪੁਖ਼ਤਾ, ਥਾਣਾ ਸਦਰ ਖਰੜ, ਨੂੰ ਉਸ ਸਮੇਂ ਗੋਲੀਆਂ ਮਾਰ ਕੇ ਮਾਰ ਦਿੱਤਾ ਜਦੋਂ ਉਹ ਡੀ ਏ ਸੀ ਮੋਹਾਲੀ ਦੇ ਨੇੜੇ ਏ ਸੀ ਸੀ ਹਾਊਸਿੰਗ ਸੋਸਾਇਟੀ ਬਾਹਰ ਸੜਕ ‘ਤੇ ਖੜ੍ਹੀ ਆਪਣੀ ਕਾਰ ਦੀ ਡਿੱਕੀ ਖੋਲ੍ਹ ਰਿਹਾ ਸੀ। ਡੀ ਆਈ ਜੀ ਨਾਨਕ ਸਿੰਘ ਨੇ ਦੱਸਿਆ ਕਿ ਮੁੱਢਲੀ ਜਾਂਚ ਦੌਰਾਨ ਇਹ ਸਾਹਮਣੇ ਆਇਆ ਹੈ ਕਿ ਮ੍ਰਿਤਕ ਅੱਜ ਜ਼ਿਲ੍ਹਾ ਅਦਾਲਤ, ਮੋਹਾਲੀ ਵਿੱਚ ਥਾਣਾ ਖਰੜ ਵਿੱਚ ਦਰਜ ਐਫ਼ ਆਈ ਆਰ ਨੰਬਰ 281/24, ਧਾਰਾ 18 ਐਨ ਡੀ ਪੀ ਐਸ ਐਕਟ, ਸਬੰਧੀ ਮਾਮਲੇ ਦੀ ਸੁਣਵਾਈ ਲਈ ਪਹੁੰਚਿਆ ਸੀ। ਅਦਾਲਤੀ ਕਾਰਵਾਈ ਤੋਂ ਬਾਅਦ ਜਦੋਂ ਗੁਰਵਿੰਦਰ ਸਿੰਘ ਆਪਣੀ ਪਤਨੀ ਨਾਲ ਕਾਰ ਵੱਲ ਵਧਿਆ ਤਾਂ ਪਹਿਲਾਂ ਤੋਂ ਮੌਕੇ ‘ਤੇ ਮੌਜੂਦ ਹਮਲਾਵਰ ਨੇ ਉਸ ‘ਤੇ ਕਈ ਗੋਲੀਆਂ ਚਲਾਈਆਂ ਅਤੇ ਮੌਕੇ ਤੋਂ ਫਰਾਰ ਹੋ ਗਿਆ। ਉਨ੍ਹਾਂ ਅੱਗੇ ਦੱਸਿਆ ਕਿ ਮ੍ਰਿਤਕ ਦੀ ਪਤਨੀ ਦੇ ਬਿਆਨ ਦੇ ਆਧਾਰ ‘ਤੇ ਥਾਣਾ ਸੋਹਾਣਾ ਵਿੱਚ ਭਾਰਤੀ ਨਿਆਂ ਸੰਹਿਤਾ ਦੀਆਂ ਧਾਰਾਵਾਂ 103(1), 61(2) ਅਤੇ ਆਰਮਜ਼ ਐਕਟ ਦੀ ਧਾਰਾ 25 ਅਧੀਨ ਸਤਿੰਦਰਪਾਲ ਸਿੰਘ ਉਰਫ਼ ਗੋਲਡੀ ਬਰਾਰ ਖ਼ਿਲਾਫ਼ ਮੁੱਢਲੇ ਤੌਰ ਤੇ ਕੇਸ ਦਰਜ ਕੀਤਾ ਗਿਆ ਹੈ। ਸ਼ਿਕਾਇਤਕਰਤਾ (ਮ੍ਰਿਤਕ ਦੀ ਪਤਨੀ) ਅਨੁਸਾਰ ਗੁਰਵਿੰਦਰ ਸਿੰਘ ਨੂੰ ਗੋਲਡੀ ਬਰਾੜ ਵੱਲੋਂ ਧਮਕੀਆਂ ਮਿਲ ਰਹੀਆਂ ਸਨ ਕਿਉਂਕਿ ਉਹ ਗੁਰਲਾਲ ਬਰਾੜ ਦੇ ਕਤਲ ਮਾਮਲੇ ਵਿੱਚ ਨਾਮਜ਼ਦ ਮੁਲਜ਼ਮ ਸੀ, ਜੋ ਕਿ ਗੋਲਡੀ ਬਰਾਰ ਦਾ ਰਿਸ਼ਤੇਦਾਰੀ ਚੋਂ ਭਰਾ ਸੀ। ਡੀ ਆਈ ਜੀ ਨਾਨਕ ਸਿੰਘ ਨੇ ਕਿਹਾ ਕਿ “ਦੋਸ਼ੀਆਂ ਨੂੰ ਜਲਦ ਤੋਂ ਜਲਦ ਗ੍ਰਿਫ਼ਤਾਰ ਕਰਨ ਲਈ ਤਕਨੀਕੀ ਜਾਂਚ, ਵਿਗਿਆਨਕ ਜਾਂਚ ਅਤੇ ਹਿਊਮਨ ਇੰਟੈਲੀਜੈਂਸ ਤਹਿਤ ਕੰਮ ਕਰਨ ਕਈ ਟੀਮਾਂ ਦਾ ਗਠਨ ਕੀਤਾ ਗਿਆ ਹੈ।

## ਲਾਰੈਂਸ ਬਿਸ਼ਨੋਈ ਦੀ ਇੰਟਰਵਿਊ ਤੋਂ ਬਾਅਦ ਹਾਈਕੋਰਟ ਸਖ਼ਤ, ਪੰਜਾਬ ਦੇ ਡੀਜੀਪੀ ਤੋਂ ਮੰਗਿਆ ਹਲਫ਼ਨਾਮਾ

ਚੰਡੀਗੜ੍ਹ: ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਬਦਨਾਮ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਕਥਿਤ ਇੰਟਰਵਿਊ ਤੋਂ ਬਾਅਦ ਸੂਬੇ ਵਿੱਚ ਅਪਰਾਧਿਕ ਸਥਿਤੀ ਦਾ ਗੰਭੀਰ ਨੋਟਿਸ ਲੈਂਦਿਆਂ ਪੰਜਾਬ ਪੁਲਿਸ ਮੁਖੀ ਨੂੰ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਹਨ।




ਹਾਈਕੋਰਟ ਨੇ ਪੰਜਾਬ ਪੁਲਿਸ ਦੇ ਡਾਇਰੈਕਟਰ ਜਨਰਲ ਡੀਜੀਪੀ ਪੰਜਾਬ ਨੂੰ ਇੱਕ ਹਫ਼ਤੇ ਦੇ ਅੰਦਰ ਇੱਕ ਵਿਸਥਾਰਤ ਹਲਫ਼ਨਾਮਾ ਦਾਇਰ ਕਰਨ ਦਾ ਹੁਕਮ ਦਿੱਤਾ ਹੈ, ਤਾਂ ਜੋ ਇਹ ਸਪੱਸ਼ਟ ਕੀਤਾ ਜਾ ਸਕੇ ਕਿ ਇੰਟਰਵਿਊਆਂ ਦੇ ਸਾਹਮਣੇ ਆਉਣ ਤੋਂ ਬਾਅਦ ਗੋਲੀਬਾਰੀ ਅਤੇ ਕਤਲ ਵਰਗੇ ਗੰਭੀਰ ਅਪਰਾਧਾਂ ਵਿੱਚ ਸ਼ਾਮਲ ਕਿੰਨੇ ਅਪਰਾਧੀਆਂ ਦੀ ਪਛਾਣ ਕੀਤੀ ਗਈ ਹੈ।

ਅਦਾਲਤ ਨੇ ਇਹ ਵੀ ਪੁੱਛਿਆ ਹੈ ਕਿ ਇਨ੍ਹਾਂ ਵਿੱਚੋਂ ਕਿੰਨੇ ਪਛਾਣੇ ਗਏ ਅਪਰਾਧੀਆਂ ਨੂੰ ਹੁਣ ਤੱਕ ਗ੍ਰਿਫਤਾਰ ਕੀਤਾ ਗਿਆ ਹੈ ਜਾਂ ਐਨਕਾਊਂਟਰ ਵਿੱਚ ਬੇਅਸਰ ਕਰ ਦਿੱਤਾ ਗਿਆ ਹੈ ਅਤੇ ਕਿੰਨੇ ਅਜੇ ਵੀ ਫਰਾਰ ਹਨ। ਹਾਈ ਕੋਰਟ ਨੇ ਸਪੱਸ਼ਟ ਕਿਹਾ ਕਿ ਸਿਰਫ਼ ਪਛਾਣ ਹੀ ਕਾਫ਼ੀ ਨਹੀਂ ਹੈ, ਸਗੋਂ ਠੋਸ ਕਾਰਵਾਈ ਅਤੇ ਇਸ ਦੇ ਨਤੀਜੇ ਵੀ ਰਿਕਾਰਡ ’ਤੇ ਲਿਆਉਣੇ ਚਾਹੀਦੇ ਹਨ।

ਹਾਈ ਕੋਰਟ ਨੇ ਡੀਜੀਪੀ ਨੂੰ ਇਹ ਵੀ ਜਾਣਕਾਰੀ ਦੇਣ ਦੇ ਨਿਰਦੇਸ਼ ਦਿੱਤੇ ਹਨ ਕਿ ਸੋਸ਼ਲ ਮੀਡੀਆ ਪਲੇਟਫਾਰਮਾਂ ਤੋਂ ਹੁਣ ਤੱਕ ਕਿੰਨੇ ਵੀਡੀਓ ਅਤੇ ਗਾਣੇ ਹਟਾਏ ਗਏ ਹਨ, ਜੋ ਗੈਂਗਸਟਰਾਂ ਦੀ ਵਡਿਆਈ ਕਰਦੇ ਹਨ ਜਾਂ ਨੌਜਵਾਨਾਂ ਨੂੰ ਅਪਰਾਧ ਵੱਲ ਆਕਰਸ਼ਿਤ ਕਰਦੇ ਹਨ। ਅਦਾਲਤ ਨੇ ਮੰਨਿਆ ਕਿ ਅਜਿਹੀ ਸਮੱਗਰੀ ਸਮਾਜ ਵਿੱਚ ਡਰ ਦਾ ਮਾਹੌਲ ਪੈਦਾ ਕਰਦੀ ਹੈ ਅਤੇ ਅਪਰਾਧ ਨੂੰ ਉਤਸ਼ਾਹਿਤ ਕਰਦੀ ਹੈ, ਜਿਸ ਨੂੰ ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।

ਇਸ ਦੇ ਨਾਲ ਹੀ ਅਦਾਲਤ ਨੇ ਸੂਬੇ ਵਿੱਚ ਅਮਨ-ਕਾਨੂੰਨ ਦੀ ਸਥਿਤੀ ਨੂੰ ਸੁਧਾਰਨ ਲਈ ਚੁੱਕੇ ਗਏ ਕਦਮਾਂ ਦਾ ਪੂਰਾ ਵੇਰਵਾ ਵੀ ਮੰਗਿਆ ਹੈ। ਡੀਜੀਪੀ ਨੂੰ ਦੱਸਣਾ ਹੋਵੇਗਾ ਕਿ ਅਪਰਾਧਾਂ ਨੂੰ ਨੱਥ ਪਾਉਣ, ਗੈਂਗ ਨੈੱਟਵਰਕ ਨੂੰ ਤੋੜਨ ਅਤੇ ਆਮ ਲੋਕਾਂ ਵਿੱਚ ਸੁਰੱਖਿਆ ਦਾ ਭਰੋਸਾ ਪੈਦਾ ਕਰਨ ਲਈ ਹੁਣ ਤੱਕ ਕੀ ਕਦਮ ਚੁੱਕੇ ਗਏ ਹਨ ਅਤੇ ਭਵਿੱਖ ਦੀ ਕਾਰਵਾਈ ਦੀ ਯੋਜਨਾ ਕੀ ਹੈ।

ਹਾਈ ਕੋਰਟ ਨੇ ਫਿਰੌਤੀ ਨਾਲ ਸਬੰਧਤ ਕੇਸਾਂ ’ਤੇ ਵੀ ਵਿਸ਼ੇਸ਼ ਧਿਆਨ ਦਿੱਤਾ ਹੈ। ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਪੰਜਾਬ ਪੁਲਿਸ ਨੂੰ ਇਹ ਅੰਕੜਾ ਦੇਣਾ ਚਾਹੀਦਾ ਹੈ ਕਿ ਅਪਰਾਧੀਆਂ ਤੋਂ ਹੁਣ ਤੱਕ ਕਿੰਨੀ ਫਿਰੌਤੀ ਦੀ ਰਕਮ ਬਰਾਮਦ ਕੀਤੀ ਗਈ ਹੈ ਅਤੇ ਉਸ ਪੈਸੇ ਦੇ ਲੈਣ-ਦੇਣ ਦਾ ਪਤਾ ਲਗਾਉਣ ਲਈ ਕੀ ਕਾਰਵਾਈ ਕੀਤੀ ਗਈ ਹੈ। ਅਦਾਲਤ ਨੇ ਸਪੱਸ਼ਟ ਕੀਤਾ ਕਿ ਨਾ ਸਿਰਫ਼ ਪੈਸੇ ਦੀ ਵਸੂਲੀ ਕਰਨਾ ਸਗੋਂ ਇਸ ਦੇ ਸਰੋਤ ਅਤੇ ਨੈੱਟਵਰਕ ਦਾ ਪਰਦਾਫਾਸ਼ ਕਰਨਾ ਵੀ ਬਰਾਬਰ ਜ਼ਰੂਰੀ ਹੈ।

ਹਾਈ ਕੋਰਟ ਨੇ ਜਨਤਕ ਸੁਰੱਖਿਆ ਦੇ ਮੱਦੇਨਜ਼ਰ ਡੀਜੀਪੀ ਨੂੰ ਸੰਵੇਦਨਸ਼ੀਲ ਸ਼ਹਿਰੀ ਖੇਤਰਾਂ ਵਿੱਚ ਪੁਲਿਸ ਗਸ਼ਤ ਵਧਾਉਣ ਦੇ ਵੀ ਨਿਰਦੇਸ਼ ਦਿੱਤੇ ਹਨ। ਇਸ ਤੋਂ ਇਲਾਵਾ ਅਪਰਾਧ ਪ੍ਰਭਾਵਿਤ ਖੇਤਰਾਂ ਵਿੱਚ ਸੀ.ਸੀ.ਟੀ.ਵੀ. ਕੈਮਰੇ ਲਗਾਉਣ ਲਈ ਠੋਸ ਪ੍ਰਬੰਧ ਕੀਤੇ ਗਏ ਹਨ, ਤਾਂ ਜੋ ਅਪਰਾਧਾਂ ’ਤੇ ਨਜ਼ਰ ਰੱਖੀ ਜਾ ਸਕੇ ਅਤੇ ਸਮੇਂ ਸਿਰ ਕਾਰਵਾਈ ਕੀਤੀ ਜਾ ਸਕੇ।

ਹਾਈਕੋਰਟ ਨੇ ਸੰਕੇਤ ਦਿੱਤਾ ਹੈ ਕਿ ਮਾਮਲੇ ਦੀ ਅਗਲੀ ਸੁਣਵਾਈ ਦੌਰਾਨ ਹਲਫਨਾਮੇ ਦੀ ਬਾਰੀਕੀ ਨਾਲ ਸਮੀਖਿਆ ਕੀਤੀ ਜਾਵੇਗੀ ਅਤੇ ਜੇਕਰ ਕਾਰਵਾਈ ਤਸੱਲੀਬਖ਼ਸ਼ ਨਾ ਪਾਈ ਗਈ ਤਾਂ ਹੋਰ ਸਖ਼ਤ ਕਦਮ ਚੁੱਕੇ ਜਾ ਸਕਦੇ ਹਨ।

# ਡਿਜੀਟਲ ਲਾਇਬ੍ਰੇਰੀ ਵਿਖੇ ਸਾਹਿਤ ਸਭਾ ਹੁਸ਼ਿਆਰਪੁਰ ਦੀ ਹੋਈ ਭਰਵੀਂ ਮੀਟਿੰਗ




ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ ਦੀ ਡਿਜੀਟਲ, ਲਾਇਬ੍ਰੇਰੀ ਹੁਸ਼ਿਆਰਪੁਰ ਵਿਖੇ ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ ਹੁਸ਼ਿਆਰਪੁਰ ਦੇ ਸਹਿਯੋਗ ਨਾਲ ਮਹੀਨਾਵਾਰ ਮੀਟਿੰਗ ਬਹੁਤ ਭਰਵੇਂ ਅੰਦਾਜ਼ ਵਿੱਚ ਹੋਈ ਜਿਸਦੀ ਪ੍ਰਧਾਨਗੀ ਸਭਾ ਦੇ ਪ੍ਰਧਾਨ ਜਸਬੀਰ ਸਿੰਘ ਧੀਮਾਨ ਨੇ ਕੀਤੀ। ਮੀਟਿੰਗ ਦੇ ਸ਼ੁਰੂਆਤ ਵਿੱਚ ਸਭਾ ਦੇ ਜਨਰਲ ਸਕੱਤਰ ਤੇ ਖੋਜ ਅਫ਼ਸਰ ਭਾਸ਼ਾ ਵਿਭਾਗ ਡਾ. ਜਸਵੰਤ ਰਾਏ ਨੇ ਪਿਛਲੇ ਦਿਨੀਂ ਵਿਛੋੜਾ ਦੇ ਗਏ ਅਦਬ ਦੀ ਦੁਨੀਆ ਦੇ ਸਿਰਮੌਰ ਲੇਖਕ ਮਹਿੰਦਰ ਸਿੰਘ ਦੀਵਾਨਾ, ਕਵੀ ਤੇ ਪੇਂਟਰ ਦੇਵ, ਪਦਮ ਸ੍ਰੀ ਪੂਰਨ ਸ਼ਾਹਕੋਟੀ, ਮੁਲਾਜ਼ਮ ਆਗੂ ਪ੍ਰਿੰਸੀਪਲ ਪਿਆਰਾ ਸਿੰਘ, ਵਿਨੋਦ ਕੁਮਾਰ ਸ਼ੁਕਲ, ਤਾਹਿਰ ਫ਼ਰਾਜ਼ ਹੁਰਾਂ ਦੇ ਹੱਕ ਵਿੱਚ ਸ਼ੋਕ ਮਤਾ ਪੜ੍ਹਿਆ ਜਿਸਦਾ ਸਭਾ ਦੇ ਮੈਂਬਰਾਂ ਨੇ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਦਿੱਤੀ। ਉਪਰੰਤ ਤ੍ਰਿਪਤਾ ਕੇ ਸਿੰਘ ਦੀ ਪੁਸਤਕ ‘ਕੱਕੇ ਰੇਤੇ ’ਤੇ ਪਈਆਂ ਪੈੜਾਂ-ਡਾ. ਕਰਮਜੀਤ ਸਿੰਘ ਨਾਲ ਲੰਬੀ ਇੰਟਰਵਿਊ’ ਦਾ ਸਭਾ ਵੱਲੋਂ ਲੋਕ ਅਰਪਣ ਕੀਤਾ ਗਿਆ। ਪੁਸਤਕ ਬਾਰੇ ਤੁਆਰਫ਼ ਕਰਾਉਂਦਿਆਂ ਡਾ. ਜਸਵੰਤ ਰਾਏ ਨੇ ਦੱਸਿਆ ਕਿ ਇਸ ਵਿੱਚ ਸਾਹਿਤਕ ਕਾਮੇ ਡਾ. ਕਰਮਜੀਤ ਸਿੰਘ ਹੁਰਾਂ ਦਾ ਬਚਪਨ, ਲੋਕਧਾਰਾ ’ਤੇ ਕੀਤਾ ਕੰਮ ਤੇ ਉਸਦੀ ਪੜਚੋਲ, ਸਾਹਿਤ ਸਭਾਵਾਂ ਦੇ ਕੰਮ, ਅੰਗਰੇਜ਼ੀ ਲੇਖਕਾਂ ਵੱਲੋਂ ਕੀਤੇ ਲੋਕਧਾਰਾ ਦੇ ਕੰਮਾਂ ਦੀ ਸਾਰ, ਮਾਰਕਸਈਜ਼ਮ ਅੰਬੇਡਕਰਈਜ਼ਮ ਦੀਆਂ ਸਾਂਝੀਆਂ ਤੰਦਾਂ, ਮਨੂੰਸਿਮ੍ਰਤੀ ਬਾਰੇ ਲੰਬੀ ਚਰਚਾ ਪੜ੍ਹਨ ਸੁਣਨ ਨੂੰ ਮਿਲੇਗੀ। ਲੇਖਿਕਾ ਤ੍ਰਿਪਤਾ ਕੇ ਸਿੰਘ ਨੇ ਦੱਸਿਆ ਕਿ ਦਰਅਸਲ ਮੇਰਾ ਮਕਸਦ ਪਹਿਲਾਂ ਨਵਾਂ ਜ਼ਮਾਨਾ ਅਖ਼ਬਾਰ ਲਈ ਇੰਟਰਵਿਊ ਰਾਹੀਂ ਸੀਮਿਤ ਸਵਾਲਾਂ ਜਵਾਬਾਂ ਰਾਹੀਂ ਸਮੱਗਰੀ ਇਕੱਠੀ ਕਰਨਾ ਹੀ ਸੀ ਪਰ ਫੇਰ ਸਵਾਲਾਂ ਦਾ ਸਿਲਸਿਲਾ ਅੱਗੇ ਤੋਂ ਅੱਗੇ ਵਧਦਾ ਗਿਆ ਤੇ ਜਿਸਦੇ ਫਲਸਰੂਪ ਅੱਜ ਇਹ ਕਿਤਾਬ ਤੁਹਾਡੇ ਹੱਥਾਂ ਵਿੱਚ ਹੈ। ਇਸ ਵਿਚ ਜਿੱਥੇ ਵਿਚਾਰਧਾਰਕ ਤੌਰ ’ਤੇ ਕਾਫ਼ੀ ਕੁਝ ਸਪੱਸ਼ਟ ਹੈ ਉੱਥੇ ਪਾਠਕ ਲਈ ਵੀ ਬਹੁਤ ਸਾਰੀ ਸਾਹਿਤਕ ਸਮੱਗਰੀ ਦਾ ਦਿਲਚਸਪ ਢੰਗ ਨਾਲ ਵਰਣਨ ਕੀਤਾ ਗਿਆ। ਇਸ ਤੋਂ ਬਾਅਦ ਸਭਾ ਨੇ ਗੁਰੂ ਤੇਗ ਬਹਾਦਰ ਸਾਹਿਬ ਦੇ 350 ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਲੇਖਾਂ, ਕਵਿਤਾਵਾਂ, ਕਹਾਣੀਆਂ ਤੇ ਹੋਰ ਵੀ ਬਹੁਤ ਸਾਰੀ ਸਾਹਿਤਕ ਸਮੱਗਰੀ ਨਾਲ ਲਬਰੇਜ਼ ਚਿਰਾਗ਼ ਮੈਗਜ਼ੀਨ ਦਾ 130 ਵਾਂ ਅੰਕ ਲੋਕ ਅਰਪਣ ਕੀਤਾ। ਉਪਰੰਤ ਸਾਹਿਤਕ ਗੋਸ਼ਟੀ ਵਿੱਚ ਹਾਜ਼ਰ ਕਵੀਆਂ ਲੇਖਕਾਂ ਮਦਨਵੀਰਾ, ਸਤੀਸ਼ ਕੁਮਾਰ, ਸੁਰਿੰਦਰ ਕੰਗਵੀ, ਡਾ. ਦਰਸ਼ਨ ਸਿੰਘ ਦਰਸ਼ਨ, ਡਾ. ਸ਼ਮਸ਼ੇਰ ਮੋਹੀ, ਡਾ. ਅਜੀਤ ਸਿੰਘ ਜੱਬਲ, ਅੰਜੂ ਵੀ ਰੱਤੀ, ਮੀਨਾਕਸ਼ੀ ਮੈਨਨ, ਰਜਿੰਦਰ ਸੱਚਦੇਵਾ, ਕਮਲ ਨਯਨ, ਤੀਰਥ ਚੰਦ ਸਰੋਆ, ਰਾਜ ਕੁਮਾਰ ਘਾਸੀਪੁਰੀਆ, ਲਾਇਬ੍ਰੇਰੀਅਨ ਵਿਜੇ ਕੁਮਾਰ, ਰੈੱਡ ਕਰਾਸ ਦੇ ਸਕੱਤਰ ਮੰਗੇਸ਼ ਸੂਦ ਨੇ ਵੀ ਹਾਜ਼ਰੀ ਲੁਆਈ। ਡਾ. ਕਰਮਜੀਤ ਸਿੰਘ ਨੇ ਪੇਸ਼ ਰਚਨਾਵਾਂ ’ਤੇ ਆਪਣੀਆਂ ਆਲੋਚਨਾਤਮਕ ਟਿੱਪਣੀਆਂ ਪੇਸ਼ ਕੀਤੀਆਂ। ਧੰਨਵਾਦੀ ਸ਼ਬਦ ਜਸਬੀਰ ਸਿੰਘ ਧੀਮਾਨ ਨੇ ਆਖੇ। ਸਮਾਗਮ ਦੌਰਾਨ ਸਟੇਜ ਦੀ ਸਮੁੱਚੀ ਕਾਰਵਾਈ ਡਾ. ਜਸਵੰਤ ਰਾਏ ਨੇ ਬਾਖ਼ੂਬੀ ਨਿਭਾਈ।

# ਸਾਹਿਬਜ਼ਾਦਾ ਅਜੀਤ ਸਿੰਘ ਪਬਲਿਕ ਸਕੂਲ ਵਿਖੇ ਦਾਖਲਾ ਮੇਲੇ ਦੌਰਾਨ ਦੇਖਿਆ ਗਿਆ ਮਾਪਿਆਂ ’ਚ ਭਾਰੀ ਉਤਸ਼ਾਹ





ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਸਾਹਿਬਜ਼ਾਦਾ ਅਜੀਤ ਸਿੰਘ ਪਬਲਿਕ ਸਕੂਲ ਲੱਧੇਵਾਲ ਮਾਹਿਲਪੁਰ ਵਿਖੇ ਦਾਖਲਾ ਮੇਲਾ ਕਰਵਾਇਆ ਗਿਆ, ਜਿਸ ਵਿੱਚ ਨਵੇਂ ਦਾਖਲ ਹੋਣ ਵਾਲੇ ਵਿਦਿਆਰਥੀਆਂ ਦੇ ਮਾਪਿਆਂ ਨੇ ਭਾਰੀ ਉਤਸਾਹ ਦਿਖਾਇਆ ਅਤੇ ਭਾਰੀ ਗਿਣਤੀ ਵਿੱਚ ਆਪਣੀ ਜਾਣ ਪਛਾਣ ਵਿੱਚੋਂ ਨਵੇਂ ਵਿਦਿਆਰਥੀ ਦਾਖਲ ਹੋਣ ਲਈ ਲੈ ਕੇ ਆਏ, ਕਿਉਂਕਿ ਉਹ ਆਪ ਸਕੂਲ ਵਿੱਚ ਕਰਾਈ ਜਾਂਦੀ ਉੱਚ ਪੱਧਰੀ ਵਿਦਿਆ ਅਤੇ ਨਾਲ ਨਾਲ ਦਿੱਤੀ ਜਾਂਦੀ ਨੈਤਿਕ ਸਿੱਖਿਆ ਤੋਂ ਪ੍ਰਭਾਵਿਤ ਹਨ। ਇਸ ਮੇਲੇ ਦੌਰਾਨ ਛੋਟੇ ਬੱਚਿਆਂ ਲਈ ਖੇਡਾਂ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ। ਵਿਸ਼ੇਸ਼ ਗੱਲ ਇਹ ਕੀ ਸੀ ਕਿ ਸਕੂਲ ਦੇ ਕੁਝ ਪੁਰਾਣੇ ਵਿਦਿਆਰਥੀਆਂ ਨੇ ਵੀ ਆਪਣੇ ਬੱਚਿਆਂ ਨੂੰ ਵੀ ਦਾਖਲ ਕਰਵਾਇਆ। ਮੇਲੇ ਦੌਰਾਨ ਪ੍ਰਿੰਸੀਪਲ ਸਾਹਿਬ ਵੱਲੋਂ ਦਾਖਲਿਆਂ ਦੀ ਗਿਣਤੀ 100 ਹੋਣ ਤੇ ਸਟਾਫ ਨੂੰ ਵਧਾਈ ਦਿੱਤੀ ਗਈ ਅਤੇ ਦਾਖਲਿਆਂ ਵਾਸਤੇ ਵਿਸ਼ੇਸ਼ ਉੱਦਮ ਕਰਨ ਵਾਲੇ ਅਧਿਆਪਕਾਂ ਦੀ ਵਿਸ਼ੇਸ਼ ਸ਼ਲਾਘਾ ਕੀਤੀ ਗਈ। ਇਸ ਮੌਕੇ ਤੇ ਮੈਡਮ ਸੰਦੀਪ ਕੌਰ,ਗੁਰਜੀਤ ਕੌਰ, ਹਰਜਿੰਦਰ ਕੌਰ,ਧਰਮਿੰਦਰ ਸਿੰਘ, ਮਨਜਿੰਦਰ ਕੌਰ, ਸ਼ਰਨਜੀਤ ਕੌਰ ਬੈਂਸ, ਸੰਤੋਸ਼ ਬੈਂਸ ਜੈਸਮੀਨ ਕੌਰ, ਸਿਮਰਨ ਕੌਰ, ਹਰਪ੍ਰੀਤ ਸਿੰਘ, ਰਮਨਦੀਪ ਸਿੰਘ, ਕਲਰਕ ਰਾਜਵਿੰਦਰ ਕੌਰ ਅਤੇ ਰਣਜੀਤ ਕੌਰ ਆਦਿ ਅਧਿਆਪਕ ਹਾਜਰ ਸਨ।

# ਵਿਜੇ ਸਾਂਪਲਾ ਦੀ ਪਹਿਲ ਨਾਲ ਦਲਿਤ ਸਮਾਜ ਨੂੰ ਸਨਮਾਨ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਜਲੰਧਰ ਆਉਣਾ ਤੈਅ

## ਐਤਵਾਰ 1 ਫਰਵਰੀ ਨੂੰ ਡੇਰਾ ਬੱਲਾਂ ’ਚ ਨਤਮਸਤਕ ਹੋਕੇ ਗੱਦੀਨਸ਼ੀਨ ਸੰਤ ਨਿਰੰਜਨ ਦਾਸ ਜੀ ਤੋਂ ਲੈਣਗੇ ਆਸ਼ੀਰਵਾਦ



ਜਲੰਧਰ, (ਦਲਜੀਤ ਅਜਨੋਹਾ) : ਦਲਿਤ ਸਮਾਜ ਅਤੇ ਪੰਜਾਬ ਲਈ ਇਹ ਇੱਕ ਇਤਿਹਾਸਕ ਅਤੇ ਗੌਰਵਪੂਰਨ ਪਲ ਹੈ। ਸਾਬਕਾ ਕੇਂਦਰੀ ਮੰਤਰੀ ਵਿਜੇ ਸਾਂਪਲਾ ਦੀ ਸਾਰਥਕ ਪਹਿਲ ਰੰਗ ਲੈ ਗਈ ਹੈ, ਜਿਸ ਨਾਲ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਜਲੰਧਰ ਆਉਣਾ ਤੈਅ ਹੋ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪ੍ਰਧਾਨ ਮੰਤਰੀ 1 ਫਰਵਰੀ ਨੂੰ ਜਲੰਧਰ ਦੇ ਡੇਰਾ ਬੱਲਾਂ ਪਹੁੰਚਣਗੇ, ਜਿੱਥੇ ਉਹ ਨਤਮਸਤਕ ਹੋਕੇ ਡੇਰਾ ਬੱਲਾਂ ਦੇ ਗੱਦੀਨਸ਼ੀਨ ਸੰਤ ਨਿਰੰਜਨ ਦਾਸ ਜੀ ਤੋਂ ਆਸ਼ੀਰਵਾਦ ਲੈਣਗੇ। ਪ੍ਰਧਾਨ ਮੰਤਰੀ ਦਾ ਇਹ ਦੌਰਾ ਨਾ ਸਿਰਫ਼ ਆਧਿਆਤਮਿਕ ਦ੍ਰਿਸ਼ਟੀ ਨਾਲ ਮਹੱਤਵਪੂਰਨ ਹੈ, ਸਗੋਂ ਸਮਾਜਿਕ ਸਮਰਸਤਾ ਅਤੇ ਦਲਿਤ ਸਮਾਜ ਦੇ ਸਨਮਾਨ ਦਾ ਵੀ ਇੱਕ ਸ਼ਕਤੀਸ਼ਾਲੀ ਸੰਦੇਸ਼ ਦਿੰਦਾ ਹੈ। ਵਿਜੇ ਸਾਂਪਲਾ ਨੇ ਕਿਹਾ ਕਿ ਡੇਰਾ ਬੱਲਾਂ ਸਮਾਜਿਕ ਏਕਤਾ, ਮਾਨਵਤਾ ਅਤੇ ਸੇਵਾ ਦਾ ਪ੍ਰਤੀਕ ਰਿਹਾ ਹੈ। ਪ੍ਰਧਾਨ ਮੰਤਰੀ ਦਾ ਇੱਥੇ ਆਉਣਾ ਇਸ ਗੱਲ ਦਾ ਪ੍ਰਮਾਣ ਹੈ ਕਿ ਕੇਂਦਰ ਸਰਕਾਰ ਸਮਾਜ ਦੇ ਹਰ ਵਰਗ ਨੂੰ ਬਰਾਬਰ ਸਨਮਾਨ ਦੇਣ ਲਈ ਵਚਨਬੱਧ ਹੈ। ਉਨ੍ਹਾਂ ਨੇ ਕਿਹਾ ਕਿ ਇਹ ਦੌਰਾ ਪੰਜਾਬ ਖਾਸਕਰ ਦਲਿਤ ਸਮਾਜ ਲਈ ਗਰਵ ਦਾ ਵਿਸ਼ਾ ਹੈ। ਸ਼੍ਰੀ ਸਾਂਪਲਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਡੇਰਾ ਬੱਲਾਂ ਵਿੱਚ ਆਉਣਾ ਸਮਾਜਿਕ ਸੌਹਾਰਦ, ਆਧਿਆਤਮਿਕ ਚੇਤਨਾ ਅਤੇ ਸਮਾਵੇਸ਼ੀ ਭਾਰਤ ਦੀ ਭਾਵਨਾ ਨੂੰ ਹੋਰ ਮਜ਼ਬੂਤ ਕਰੇਗਾ। ਇਹ ਸੰਦੇਸ਼ ਜਾਵੇਗਾ ਕਿ ਦੇਸ਼ ਦੀ ਅਗਵਾਈ ਹਰ ਵਰਗ, ਹਰ ਸਮੁਦਾਇ ਅਤੇ ਹਰ ਪੰਥ ਨੂੰ ਨਾਲ ਲੈ ਕੇ ਅੱਗੇ ਵਧਣ ਵਿੱਚ ਵਿਸ਼ਵਾਸ ਰੱਖਦੀ ਹੈ। ਉਨ੍ਹਾਂ ਨੇ ਉਮੀਦ ਜ਼ਾਹਰ ਕੀਤੀ ਕਿ ਸ਼੍ਰੀ ਮੋਦੀ ਜੀ ਦੇ ਇਸ ਇਤਿਹਾਸਕ ਦੌਰੇ ਨਾਲ ਗੁਰੂ ਰਵਿਦਾਸ ਜੀ ਮਹਾਰਾਜ ਦੀਆਂ ਸਿੱਖਿਆਵਾਂ ਨੂੰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ’ਤੇ ਹੋਰ ਵਧੇਰੇ ਪਛਾਣ ਮਿਲੇਗੀ ਅਤੇ ਸਮਾਜ ਵਿੱਚ ਸਮਾਨਤਾ ਅਤੇ ਭਾਈਚਾਰੇ ਦੀ ਭਾਵਨਾ ਨੂੰ ਨਵੀਂ ਮਜ਼ਬੂਤੀ ਮਿਲੇਗੀ। ਉਲੇਖਨੀਯ ਹੈ ਕਿ ਸਾਬਕਾ ਕੇਂਦਰੀ ਮੰਤਰੀ ਵਿਜੇ ਸਾਂਪਲਾ ਨੇ ਸ਼੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੀ ਜੈਂਤੀ ਦੇ ਮੌਕੇ ’ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਡੇਰਾ ਬੱਲਾਂ ਆਉਣ ਦਾ ਆਗ੍ਰਹ ਕੀਤਾ ਸੀ।

# ਸ਼੍ਰੀਮਦ ਭਾਗਵਤ ਕਥਾ ’ਚ ਇੰਨੀ ਸ਼ਕਤੀ ਹੈ ਕਿ ਇਹ ਘੋਰ ਪਾਪੀਆਂ ਦਾ ਵੀ ਉੱਧਾਰ ਕਰ ਸਕਦੀ ਹੈ : ਆਨੰਦਚੇਤਨ ਜੀ ਮਹਾਰਾਜ



ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਗੁਆਂਢ ਝੋਨੋਵਾਲ ਵਿੱਚ ਸੰਜੀਵ ਸ਼ਰਮਾ ਵੱਲੋਂ ਸ਼੍ਰੀਮਦ ਭਾਗਵਤ ਕਥਾ ਗਿਆਨ ਯਜੰਬ ਦਾ ਆਯੋਜਨ ਕੀਤਾ ਜਾ ਰਿਹਾ ਹੈ। ਜਿਸ ਦੇ ਪਹਿਲੇ ਦਿਨ ਅੱਜ ਸੰਤ ਬਾਬਾ ਬਾਲ ਜੀ ਮਹਾਰਾਜ ਨੇ ਪਹੁੰਚ ਕੇ ਸੰਗਤ ਨੂੰ ਆਸ਼ੀਰਵਾਦ ਦਿੱਤਾ। ਸ਼੍ਰੀਮਦ ਭਾਗਵਤ ਕਥਾ ਦੇ ਪਹਿਲੇ ਦਿਨ ਕਥਾਵਾਚਕ ਆਨੰਦਚੇਤਨ ਜੀ ਮਹਾਰਾਜ ਨੇ ਕਥਾ ਕਰਦਿਆਂ ਉਪਸਥਿਤ ਭਗਤਾਂ ਨੂੰ ਮੰਤਰਮੁਗਧ ਕਰ ਦਿੱਤਾ। ਪਹਿਲੇ ਦਿਨ ਅੱਜ ਧੁੰਧਕਾਰੀ ਦਾ ਉੱਧਾਰ ਅਤੇ ਮੋਕਸ਼ ਬਾਰੇ ਆਨੰਦ ਚੇਤਨ ਜੀ ਮਹਾਰਾਜ ਨੇ ਆਪਣੀ ਕਥਾ ਵਿੱਚ ਕਿਹਾ ਕਿ ਧੁੰਧਕਾਰੀ ਆਪਣੇ ਕੁਕਰਮਾਂ ਕਾਰਨ ਪ੍ਰੇਤ ਯੋਨੀ ਵਿੱਚ ਲਾ ਗਿਆ ਸੀ। ਉਸਦੇ ਭਰਾ ਗੋਕਰਨ ਨੇ ਭਾਗਵਤ ਸਪਤਾਹ ਦਾ ਆਯੋਜਨ ਕਰਕੇ ਉਸ ਨੂੰ ਇਸ ਕ ?ਟਕਾਰੀ ਯੋਨੀ ਤੋਂ ਮੁਕਤੀ ਦਿਲਾ ਕੇ ਮੋਕਸ਼ ਪ੍ਰਦਾਨ ਕੀਤਾ। ਉਨ੍ਹਾਂ ਨੇ ਬਾਮਬੂ ਦੀਆਂ ਸੱਤ ਗੰਢਾਂ ਦਾ ਰਹੱਸ ਬਾਰੇ ਵਿਸ਼ੇਸ਼ ਤੌਰ ਤੇ ਦੱਸਿਆ ਕਿ ਧੁੰਧਕਾਰੀ ਨੇ ਬਾਮਬੂ ਦੀ ਇੱਕ ਗੰਢ ਵਿੱਚ ਬੈਠ ਕੇ ਕਥਾ ਸੁਣੀ ਸੀ। ਸੱਤ ਦਿਨਾਂ ਦੀ ਕਥਾ ਤੋਂ ਬਾਅਦ ਬਾਮਬੂ ਦੀਆਂ ਸੱਤਾਂ ਗੰਢਾਂ ਇੱਕ-ਇੱਕ ਕਰਕੇ ਫਟ ਗਈਆਂ, ਜੋ ਅਵਿਦਿਆ ਅਤੇ ਪਾਪਾਂ ਦੇ ਵਿਨਾਸ਼ ਦਾ ਪ੍ਰਤੀਕ ਹਨ, ਜਿਸ ਤੋਂ ਬਾਅਦ ਧੁੰਧਕਾਰੀ ਨੇ ਦਿਵਿਆ ਰੂਪ ਧਾਰਨ ਕਰਕੇ ਬੈਕੁੰਠ ਚਲਾ ਗਿਆ। ਮਹਾਰਾਜ ਜੀ ਨੇ ਗੋਕਰਨ ਦੇ ਚਰਿੱਤਰ ਤੇ ਰੌਸ਼ਨੀ ਪਾਉਂਦਿਆਂ ਦੱਸਿਆ ਕਿ ਉਹ ਆਤਮਦੇਵ ਬ੍ਰਾਹਮਣ ਦੇ ਪੁੱਤਰ ਸਨ ਅਤੇ ਉਨ੍ਹਾਂ ਦਾ ਜਨਮ ਗਊ ਦੇ ਕੰਨ ਤੋਂ ਹੋਇਆ ਸੀ, ਜਿਸ ਕਾਰਨ ਉਨ੍ਹਾਂ ਦਾ ਨਾਮ ’ਗੋਕਰਨ’ ਪਿਆ। ਉਹ ਪਰਮ ਗਿਆਨੀ ਅਤੇ ਵੈਰਾਗੀ ਸਨ। ਸੱਤ ਦਿਨੀ ਕਥਾ ਦੀ ਮਹੱਤਤਾ ਬਾਰੇ ਇੱਕ ਪ੍ਰਸੰਗ ਦੇ ਮਾਧਿਮ ਰਾਹੀਂ ਮਹਾਰਾਜ ਜੀ ਇਹ ਸੰਦੇਸ਼ ਦਿੰਦੇ ਹਨ ਕਿ ਭਾਗਵਤ ਕਥਾ ਵਿੱਚ ਇੰਨੀ ਸ਼ਕਤੀ ਹੈ ਕਿ ਇਹ ਘੋਰ ਪਾਪੀਆਂ ਦਾ ਵੀ ਉੱਧਾਰ ਕਰ ਸਕਦੀ ਹੈ। ਉਨ੍ਹਾਂ ਨੇ ਇਹ ਵੀ ਸਪੱਸ਼ਟ ਕੀਤਾ ਕਿ ਚੂੰਕਿ ਮਨੁੱਖ ਦਾ ਜਨਮ ਅਤੇ ਮਰਨ ਇਹੀਆਂ ਸੱਤ ਦਿਨਾਂ (ਸੋਮਵਾਰ ਤੋਂ ਐਤਵਾਰ) ਦੇ ਅੰਦਰ ਹੁੰਦੇ ਹਨ, ਇਸ ਲਈ ਸੱਤ ਦਿਨੀ ਕਥਾ ਸੁਣਨ ਨਾਲ ਜੀਵਨ ਸਫਲ ਹੋ ਜਾਂਦਾ ਹੈ।

# ਚੋਣ ਨਤੀਜਿਆਂ ਵਿੱਚ ਵਾਸਤੂ ਦਾ ਯੋਗਦਾਨ : ਡਾ. ਭੂਪਿੰਦਰ ਵਾਸਤੂ ਸ਼ਾਸਤਰੀ

ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਵਾਸਤੂ ਅਸੀਂ ਜੀਵਨ ਦੇ ਹਰ ਪਹਿਲੂ ਨੂੰ ਪ੍ਰਭਾਵਿਤ ਕਰਦਾ ਹੈ, ਜਿਵੇਂ ਸਾਡਾ ਭਵਨ ਹੋਵੇਗਾ ਓਨੇ ਹੀ ਸਾਡੇ ਜੀਵਨ ਵਿੱਚ ਵੀ ਹੋਵੇਗਾ। ਭਵਿੱਖ ਨਿਰਮਾਣ ਵਿੱਚ ਭਵਨ ਦੇ ਵਾਸਤੂ ਦਾ ਮਹੱਤਵਪੂਰਨ ਯੋਗਦਾਨ ਹੁੰਦਾ ਹੈ। ਅਸੀਂ ਜਿਸ ਖੇਤਰ ਵਿੱਚ ਆਪਣੀ ਕਿਸਮਤ ਬਣਾਉਣਾ ਚਾਹੁੰਦੇ ਹਾਂ, ਉਸ ਖੇਤਰ ਲਈ ਭਵਨ ਦੀਆਂ ਵੱਖ-ਵੱਖ ਦਿਸ਼ਾਵਾਂ ਦਾ ਯੋਗਦਾਨ ਹੁੰਦਾ ਹੈ। ਇਹ ਵਿਚਾਰ ਹੈ ਅੰਤਰਰਾਸ਼ਟਰੀ ਵਾਸਤੂ ਵਿਗਿਆਨੀ ਅਤੇ ਲੇਖਕ ਡਾ. ਭੂਪਿੰਦਰ ਵਾਸਤੂਸ਼ਾਸਤਰੀ ਦੇ। ਪ੍ਰਜਾਤੰਤਰ ਦੀ ਪਹਿਲੀ ਪੌੜੀ ਤੋਂ ਲੈ ਕੇ ਰਾਸ਼ਟਰੀ ਪੱਧਰ ਤੱਕ ਕੋਈ ਵੀ ਚੋਣ ਹੁੰਦੀਆਂ ਹਨ, ਉਨ੍ਹਾਂ ਚੋਣ ਨਤੀਜਿਆਂ ਵਿੱਚ ਨਿੱਜੀ ਆਵਾਸ ਦੇ ਵਾਸਤੂ ਦਾ ਮਹੱਤਵਪੂਰਨ ਯੋਗਦਾਨ ਦੇਖਿਆ ਜਾ ਸਕਦਾ ਹੈ। ਖਾਸ ਕਰਕੇ ਦਿਸ਼ਾਵਾਂ ਦਾ। ਆਮ ਬੋਲਚਾਲ ਦੀ ਭਾਸ਼ਾ ਵਿੱਚ ਦੱਖਣੀ ਦਿਸ਼ਾ ਅਤੇ ਦੱਖਣੀ ਦਿਸ਼ਾ ਵਾਲੇ ਭਵਨ ਨੂੰ ਲੋਕ ਹਲਕੇ ਵਿੱਚ ਲੈ ਲੈਂਦੇ ਹਨ ਜਾਂ ਇਹ ਕਹਿ ਕੇ ਟਾਲ ਦਿੰਦੇ ਹਨ ਕਿ ਅੰਮੁਕ ਭਵਨ ਤਾਂ ਦੱਖਣੀ ਮੁਖੀ ਹੈ ਜਾਂ ਇਸ ਭਵਨ ਦੀ ਦੱਖਣੀ ਦਿਸ਼ਾ ਜ਼ਿਆਦਾ ਖੁੱਲ੍ਹੀ ਹੈ। ਪਰ ਜੇਕਰ ਕੋਈ ਵਿਅਕਤੀ ਸਫਲ ਰਾਜਨੇਤਾ ਦੀ ਕਤਾਰ ਵਿੱਚ ਆਉਣਾ ਚਾਹੁੰਦਾ ਹੈ ਤਾਂ ਉਸ ਨੂੰ ਪਹਿਲਾਂ ਆਪਣੇ ਘਰ ਦੀ ਦੱਖਣੀ ਦਿਸ਼ਾ ਨੂੰ ਵਾਸਤੂ ਅਨੁਸਾਰ ਰੱਖਣਾ ਹੋਵੇਗਾ। ਗ੍ਰਹਿਆਂ ਦੇ ਸੈਨਾਪਤੀ ਦੀ ਦੱਖਣੀ ਦਿਸ਼ਾ ਜੋਸ਼, ਜਨੂੰਨ, ਹਿੰਮਤ, ਤੁਰੰਤ ਫੈਸਲਾ, ਹੌਂਸਲੇ ਬੁਲੰਦ ਕਰਨ ਨਾਲ ਲੈ ਕੇ



ਨੇਤ੍ਰਤਵ ਕਰਨ ਦੀ ਯੋਗਤਾ ਪ੍ਰਦਾਨ ਕਰਦੀ ਹੈ, ਨਾਲ ਹੀ ਮਾਨ-ਯਸ਼-ਕੀਰਤੀ ਵਿੱਚ ਵੀ ਵਾਧੂ ਕਾਰਕ ਹੁੰਦੀ ਹੈ। ਦੱਖਣੀ ਦਿਸ਼ਾ ਨਾਲ ਜੇਕਰ ਨੈਰਿਤਯ ਕੋਣ ਦੀ ਬਣਤਰ ਵਾਸਤੂ ਅਨੁਸਾਰ ਹੈ ਅਤੇ ਪੂਰਬੀ ਦਿਸ਼ਾ ਦੂਸ਼ਿਤ ਨਹੀਂ ਹੈ ਤਾਂ ਕੱਦਵਾਰ ਨੇਤਾ ਨਾਲ ਹੀ ਸਰਕਾਰ ਅਤੇ ਸ਼ਾਸਨ ਵਿੱਚ ਭਾਗੀਦਾਰੀ ਹੋ ਸਕਦੀ ਹੈ। ਭਵਨ ਦਾ ਨੈਰਿਤਯ ਕੋਣ ਜੇਕਰ ਵਾਸਤੂ ਅਨੁਸਾਰ ਹੈ ਤਾਂ ਵੋਟਰ ਦੀ ਇੱਛਾ ਨਾ ਹੋਣ ਬਾਵਜੂਦ ਚੋਣ ਨਤੀਜੇ ਤੁਹਾਡੇ ਪੱਖ ਵਿੱਚ ਆ ਸਕਦੇ ਹਨ ਕਿਉਂਕਿ ਵੋਟ ਤੁਹਾਡੀ ਜਿੱਤ ਲਈ ਨਹੀਂ ਪਰ ਤੁਹਾਡੇ ਸਾਹਮਣੇ ਖੜ੍ਹੇ ਉਮੀਦਵਾਰ ਨੂੰ ਹਰਾਉਣ ਲਈ ਦਿੱਤੇ ਗਏ ਹਨ! ਜੇਕਰ ਕੋਈ ਔਰਤ ਰਾਜਨੀਤੀ ਵਿੱਚ ਸਫਲਤਾ ਦਾ ਪਰਚਮ ਲਹਿਰਾਉਣ ਲਈ ਉਤਸੁਕ ਹੈ ਤਾਂ ਆਪਣੇ ਨਿੱਜੀ ਭਵਨ ਦੀ ਦੱਖਣੀ ਦਿਸ਼ਾ ਨਾਲ ਪੂਰਬੀ ਦਿਸ਼ਾ ਅਤੇ ਉੱਤਰੀ ਦਿਸ਼ਾ ਨੂੰ ਵੀ ਸੁਧਾਰਨਾ ਹੋਵੇਗਾ, ਨਾਲ ਹੀ ਆਪਣੇ ਮਾਏਕੇ ਦੇ ਭਵਨ ਦੀ ਉੱਤਰੀ ਦਿਸ਼ਾ ਨੂੰ ਵੀ ਦੋਸ਼ ਰਹਿਤ ਰੱਖਣਾ ਚਾਹੀਦਾ ਹੈ। ਕਿਸੇ ਕਾਰਨ ਨਾਲ ਆਗਨੇਯ ਕੋਣ ਦੂਸ਼ਿਤ ਹੋ ਗਿਆ ਹੈ ਤਾਂ ਚੋਣ ਨਤੀਜੇ ਨਿਆਂਇਕ ਅਦਾਲਤ ਦੇ ਮਾਧਿਅਮ ਰਾਹੀਂ ਵੀ ਹੋ ਸਕਦੇ ਹਨ।

# ਬੇਗਮ ਪੁਰਾ ਸਹਰ ਕੋ ਨਾਉ




ਇਕਬਾਲ ਸਿੰਘ ਪੁੜੈਣ
8872897500

ਭਗਤ ਰਵਿਦਾਸ ਜੀ ਦਾ ਜਨਮ ਓਸ ਸਮੇਂ ਬਰਾਹਮਣ ਸਮਾਜ ਵੱਲੋਂ ਨੀਵੀਂ ਨੀਚ ਸਮਝੀ ਜਾਂਦੀ ਚਮਾਰ ਜਾਤੀ ਵਿੱਚ ਹੋਇਆ। ਆਪ ਜੀ ਦੀ ਜਨਮ ਮਿਤੀ ਤੇ ਜਨਮ ਸਥਾਨ ਬਾਰੇ ਵਿਦਵਾਨ ਇਕ ਮੱਤ ਨਹੀਂ ਹਨ। ਭਗਤ ਰਵਿਦਾਸ ਜੀ ਦੀ ਬਾਣੀ ਵਿੱਚੋਂ ਉਹਨਾਂ ਦੇ ਜਨਮ ਅਸਥਾਨ ਤੇ ਕੰਮ ਧੰਧੇ ਬਾਰੇ ਜਾਣਕਾਰੀ ਮਿਲਦੀ ਹੈ। ਭਗਤ ਰਵਿਦਾਸ ਜੀ ਦੇ ਵੱਡੇ ਵਡੇਰੇ ਬਨਾਰਸ ਦੇ ਆਸ ਪਾਸ ਰਹਿੰਦੇ ਸਨ ਜੋ ਮੋਏ ਪਸ਼ੂਆਂ ਨੂੰ ਢੋਂਦੇ, ਚਮੜਾ ਕੁੱਟਦੇ ਤੇ ਚੰਮ ਦੀਆਂ ਜੁੱਤੀਆਂ ਆਦਿ ਚਮੜੇ ਦਾ ਕੰਮ ਕਰਦੇ ਸਨ। ਉਸ ਸਮੇਂ ਨੀਚ ਸਮਝੀ ਜਾਂਦੀ ਕੁਲ ਵਿੱਚ ਭਗਤ ਰਵਿਦਾਸ ਜੀ ਦਾ ਜਨਮ ਹੋਇਆ ਜਿਹੜੇ ਪ੍ਰਭੂ ਭਗਤੀ ਮਾਰਗ ਤੇ ਚਲਦਿਆਂ ਵਾਹਿਗੁਰੂ ਜੀ ਦੀ ਸ਼ਰਣ ਵਿੱਚ ਪ੍ਰਵਾਨ ਹੋਏ। ਆਪ ਜੀ ਦੀ ਦੀ ਬਾਣੀ 16 ਰਾਗਾਂ ਅੰਦਰ 40 ਸਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਦਰਜ ਹਨ। ਪ੍ਰਭੂ ਜੀ ਦੀ ਦਇਆ ਮਿਹਰ ਬਖਸ਼ਿਸ਼ ਨਾਲ ਆਪ ਜੀ ਦੀ ਅਵਸਥਾ ਇੰਨੀ ਉੱਚੀ ਹੋ ਗਈ ਕਿ ਉੱਚੀ ਜਾਤੀ ਦੇ ਬਰਾਹਮਣ ਵੀ ਆਪ ਜੀ ਨੂੰ ਨਮਸਕਾਰ ਕਰਨ ਲੱਗੇ –

**ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ॥**
**ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥ (ਅੰਗ ੧੨੯੩)**

**ਜਾ ਕੇ ਕੁਟੰਬ ਕੇ ਢੇਢ ਸਭ ਢੋਰ ਢੋਵੰਤ ਫਿਰਹਿ ਅਜਹੁ ਬੰਨਾਰਸੀ ਆਸ ਪਾਸਾ॥**
**ਆਚਾਰ ਸਹਿਤ ਬਿਪ੍ਰ ਕਰਹਿ ਡੰਡਉਤਿ ਤਿਨ ਤਨੈ ਰਵਿਦਾਸ ਦਾਸਾਨ ਦਾਸਾ॥ (ਅੰਗ ੧੨੯੩)**

**ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ॥**
**ਰਿਦੈ ਰਾਮ ਗੋਬਿੰਦ ਗੁਨ ਸਾਰੰ॥ (ਅੰਗ ੧੨੯੩)**

ਉਹਨਾਂ ਦੇ ਪੂਰੇ ਗੁਰੂ ਰਾਮਾਨੰਦ ਜੀ ਤੇ ਪ੍ਰਭੂ ਜੀ ਦੀ ਕਿਰਪਾ ਨਾਲ ਨਾਮ ਬਾਣੀ ਸਿਮਰਨ ਨਾਲ ਜੁੜਨ ਤੇ ਆਪ ਜੀ ਦਾ ਪ੍ਰਮਾਤਮਾ ਨਾਲ ਮਿਲਾਪ ਹੋਇਆ। ਵਾਹਿਗੁਰੂ ਜੀ ਦੀ ਸ਼ਰਨ ਵਿੱਚ ਭਗਤ ਰਵਿਦਾਸ ਜੀ ਗਰੀਬ, ਨੀਵੀਂ, ਨੀਚ ਸਮਝੀ ਜਾਂਦੀ ਜਾਤੀ ਤੋਂ ਉੱਚ ਜਾਤੀ ਦੇ ਹੋ ਗਏ ਤੇ ਰਾਜਿਆਂ ਦੇ ਰਾਜੇ ਬਣ ਗਏ। ਆਪ ਜੀ ਨੇ ਮਾਇਆ ਦਾ ਤਿਆਗ ਕੀਤਾ, ਸਭਨਾਂ ਦਾ ਭਲਾ ਲੋਚਦੇ, ਵਾਹਿਗੁਰੂ ਜੀ ਨਾਲ ਇੱਕ ਮਿੱਕ ਹੋ ਗਏ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਗਤ ਰਵਿਦਾਸ ਜੀ ਨੂੰ ਸਿਰੋਪਾਓ ਦਿੰਦੇ ਹਨ –

**ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ॥**
**ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ॥**
(ਮ - ੫ , ਅੰਗ ੪੮੭)

ਸਾਰੇ ਸੁੱਖ ਪ੍ਰਭੂ ਸਿਮਰਨ ਵਿੱਚ ਹਨ। ਜਦੋਂ ਅਸੀਂ ਪ੍ਰਭੂ ਸਿਮਰਨ ਤਿਆਗ ਕੇ ਦ੍ਰਿਸ਼ਟਮਾਨ ਸੰਸਾਰ ਦੇ ਪਦਾਰਥਾਂ ਅੰਦਰ ਖੁਸ਼ੀਆਂ ਲੱਭਦੇ ਹਾਂ ਤਾਂ ਦੁੱਖ ਦਾ ਸਮਾਨ ਇਕੱਠਾ ਕਰਦੇ ਹਾਂ। ਭਗਤ ਕਬੀਰ ਜੀ ਆਪਣੇ ਸਲੋਕ ਰਾਹੀਂ ਭਗਤ ਰਵਿਦਾਸ ਜੀ ਨੂੰ ਸਿਰੋਪਾਓ ਦੇ ਰਹੇ ਹਨ, ਜਿਸ ਵਿੱਚ ਰਵਿਦਾਸ ਜੀ ਦੀ ਵਿਚਾਰਧਾਰਾ ਪ੍ਰਗਟ ਕੀਤੀ ਗਈ ਹੈ–

**ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥**
**ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ॥**
**(ਕਬੀਰ ਜੀ, ਸਲੋਕ ੨੪੨, ਅੰਗ ੧੩੭੭)**

ਪਰਮਾਤਮਾ ਸਰਬ ਵਿਆਪਕ ਹੈ, ਵਾਹਿਗੁਰੂ ਜੀ ਕਣ ਕਣ ਵਿੱਚ ਸਮਾਏ ਹੋਏ ਹਨ। ਵਾਹਿਗੁਰੂ ਜੀ ਹਰ ਸਰੀਰ ਅੰਦਰ ਨਿਵਾਸ ਕਰਦੇ ਹਨ ਪਰ ਹਉਮੈ ਦੀ ਦੀਵਾਰ ਹੋਣ ਕਰਕੇ ਅਸੀਂ ਮਾਲਕ ਤੋਂ ਨੇੜੇ ਹੁੰਦੇ ਹੋਏ ਵੀ ਦੂਰ ਹਾਂ। ਪੂਰੇ ਗੁਰੂ ਜੀ ਦੀ ਦਇਆ ਮਿਹਰ ਬਖਸ਼ਿਸ਼ ਨਾਲ ਪ੍ਰਭੂ ਸਿਮਰਨ ਜਰੀਏ ਮਨ ਅੰਦਰੋਂ ਹਉਮੈ ਦੀ ਪਾਲ ਜਦੋਂ ਟੱਟਦੀ ਹੈ ਤਾਂ ਜੀਵ ਤੇ ਪ੍ਰਭੂ ਅਭੇਦ ਹੋ ਜਾਂਦੇ ਹਨ–

**ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋਗਵੈ ਸੋਈ॥**
**ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ॥**
(ਅੰਗ ੬੫੮)

**ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ॥**
**ਅਨਲ ਅਗਮ ਜੈਸੇ ਲਹਰਿ ਮਇ ਓਦਧਿ ਜਲ ਕੇਵਲ ਜਲ ਮਾਂਹੀ॥ (ਅੰਗ ੬੫੭)**

**ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥**
**ਕਨਕ ਕਟਿਕ ਜਲ ਤਰੰਗ ਜੈਸਾ॥ (ਅੰਗ ੯੩)**

ਭਗਤ ਰਵਿਦਾਸ ਜੀ ਦਾ ਸਾਰਾ ਜੀਵਨ ਪ੍ਰਭੂ ਭਗਤੀ ਵਿੱਚ ਬੀਤਿਆ। ਉਹ ਹਮੇਸ਼ਾ ਮਾਲਕ ਦੇ ਰੰਗ ਵਿੱਚ ਰੰਗੇ ਰਹਿੰਦੇ ਸਨ। ਅਕਾਲ ਪੁਰਖ ਜੀ ਨੇ ਭਗਤ ਰਵਿਦਾਸ ਜੀ ਨੂੰ ਨਿਵਾਜਿਆ, ਗਲ ਨਾਲ ਲਾਇਆ। ਗਰੀਬ ਨਿਵਾਜ ਪ੍ਰਭੂ ਹਮੇਸ਼ਾ ਆਪਣੇ ਭਗਤਾਂ ਦੀ ਬਾਂਹ ਫੜਦੇ ਹਨ–

**ਐਸੀ ਲਾਲ ਤੁਝ ਬਿਨੁ ਕਉਨੁ ਕਰੈ॥**
**ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ॥**
**ਜਾ ਕੀ ਛੋਤਿ ਜਗਤੁ ਕਉ ਲਾਗੈ ਤਾ ਪਰ ਤੁਹੀ ਢਰੈ॥**
**ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ॥**
(ਅੰਗ ੧੧੦੬)

**ਪੰਡਿਤ ਸੂਰ ਛਤ੍ਰਪਤਿ ਰਾਜਾ**
**ਭਗਤ ਬਰਾਬਰਿ ਅਉਰ ਨ ਕੋਇ॥ (ਅੰਗ ੮੫੮)**

ਭਗਤ ਰਵਿਦਾਸ ਦੀ ਸੰਸਾਰੀ ਜੀਵਾਂ ਦੀ ਦਸ਼ਾ ਦਾ ਵਰਨਣ ਕਰਦੇ ਹਨ ਕਿ ਕਿਸ ਤਰਾਂ ਦਿਨ ਰਾਤ ਹਉਮੈ ਅਹੰਕਾਰ ਅੰਦਰ ਮਾਇਆ ਜਾਲ ਅੰਦਰ ਉਲਝ ਰਹੇ ਹਨ। ਸਾਡੀ ਕਾਇਆ ਮਿੱਟੀ ਤੱਤ ਵਿੱਚ ਪਰੋਈ ਹੈ। ਪਤਾ ਨਹੀਂ ਕਦੋਂ ਇਸ ਮਿੱਟੀ ਦੇ ਭਾਂਡੇ ਨੇ ਟੁੱਟ ਜਾਣਾ ਹੈ। ਦਿਨ ਰਾਤ ਇਹ ਮਿੱਟੀ ਦਾ ਭਾਂਡਾ ਹਉਮੈ ਅਹੰਕਾਰ ਅੰਦਰ ਉੱਡਿਆ ਫਿਰਦਾ ਹੈ। ਜਦੋਂ ਰੁਪਇਆ ਆਉਂਦਾ ਹੈ ਹਉਮੈ ਵਿੱਚ ਰਹਿੰਦਾ ਹੈ ਤੇ ਜਦੋਂ ਮਾਇਆ ਜਾਂਦੀ ਹੈ ਤਾਂ ਰੋਣ ਬਹਿ ਜਾਂਦਾ ਹੈ –

**ਮਾਟੀ ਕੋ ਪੁਤਰਾ ਕੈਸੇ ਨਚਤੁ ਹੈ॥**
**ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ।ਰਹਾਉ॥**
**ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ॥**
**ਮਾਇਆ ਗਈ ਤਬ ਰੋਵਨੁ ਲਗਤੁ ਹੈ॥**
(ਅੰਗ ੪੮੭)

ਅਸੀਂ ਦਿਨ ਰਾਤ ਮਾਇਆ ਲਈ ਭੱਜ ਰਹਿ ਹਾਂ ਪਰ ਦਮ ਦਾ ਭਰੋਸਾ ਨਹੀਂ। ਭਾਦੋਂ ਦੇ ਮਹੀਨੇ ਉੱਗਣ ਵਾਲੀ ਖੁੰਬ ਦੀ ਉਮਰ ਵੀ ਭਾਵੇਂ ਥੋੜ੍ਹੀ ਹੈ ਪਰ ਹੈ ਪਰ ਮਨੁੱਖ ਦੀ ਉਮਰ ਦਾ ਭਰੋਸਾ ਨਹੀਂ--

**ਤੂੰ ਕਾਂਇ ਗਰਬਹਿ ਬਾਵਲੀ॥**
**ਜੈਸੇ ਭਾਦਉ ਖੂੰਬਰਾਜ ਤੂ ਤਿਸ ਤੇ ਖਰੀ ਉਤਾਵਲੀ॥ (ਅੰਗ ੧੧੯੬)**

ਬਹੁਤ ਸਾਰੇ ਜੰਤੂ ਅਜਿਹੇ ਹਨ ਜਿਹੜੇ ਕੇਵਲ ਇੱਕ ਇੱਕ ਦੋਖ ਹੋਣ ਕਾਰਨ ਮਾਰੇ ਜਾਂ ਪਕੜੇ ਜਾਂਦੇ ਹਨ ਜਿਵੇਂ ਹਾਥੀ ਕਾਮ ਦੋਖ ਕਾਰਨ ਪਕੜਿਆ ਜਾਂਦਾ ਹੈ ਅਤੇ ਦੁੱਖ ਭੋਗਦਾ ਹੈ, ਮ੍ਰਿਗ ਭਾਵ ਹਿਰਨ ਘੰਡੇਹੇੜੇ ਦਾ ਨਾਦ ਸੁਣਨ ਕਾਰਨ ਭਾਵ ਸੁਣਨ ਦਾ ਰਸ, ਮੱਛੀ ਜੀਭ ਰਸ ਕਾਰਨ ਕੁੰਡੀ ਵਿੱਚ ਫਸ ਜਾਂਦੀ ਹੈ, ਭੌਰੇ ਸੁੰਘਣ ਰਸ ਕਾਰਨ, ਭੰਬਟ ਭਾਵ ਪਤੰਗੇ ਦਾ ਵੇਖਣ ਰਸ, ਚਾਨਣ ਦੀ ਖਿੱਚ ਕਾਰਨ ਦੁੱਖ ਪਾਉਂਦੇ ਹਨ। ਇਹ ਜੀਵ ਇੱਕ ਇੱਕ ਦੋਖ ਕਾਰਨ ਦੁੱਖ ਪਾਉਂਦੇ ਹਨ ਪਰ ਮਨੁੱਖ ਵਿੱਚ ਪੰਜ ਦੋਖ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਹਨ ਇੰਨਾਂ ਵਿਕਾਰਾਂ ਨਾਲ ਉਹ ਕਿਵੇਂ ਖੁਸ਼ ਰਹਿ ਸਕਦਾ ਹੈ? ਇਨ੍ਹਾਂ ਪੰਜ ਮਹਾਂਬਲੀ ਵਿਕਾਰਾਂ ਤੋਂ ਛੁਟਕਾਰਾ ਕੇਵਲ ਤੇ ਕੇਵਲ ਪੂਰੇ ਗੁਰੂ ਦੀ ਦਇਆ ਮਿਹਰ ਨਾਲ ਪ੍ਰਭੂ ਦੀ ਸ਼ਰਨ ਨਾਲ ਹੀ ਹੋ ਸਕਦਾ ਹੈ –

**ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ॥**
**ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ॥**
(ਅੰਗ ੪੮੬)

**ਦੇਵ ਸੰਸੈ ਗਾਂਠਿ ਨ ਛੂਟੈ॥**
**ਕਾਮ ਕ੍ਰੋਧ ਮਾਇਆ ਮਦ ਮਤਸਰ ਇਨ ਪੰਚਹੁ ਮਿਲਿ ਲੂਟੈ॥ (ਅੰਗ ੯੭੪)**
**ਇਨ ਦੂਤਨ ਖਲੁ ਬਧੁ ਕਰਿ ਮਾਰਿਓ॥**
**ਬਡੋ ਨਿਲਾਜੁ ਅਜਹੂ ਨਹੀ ਹਾਰਿਓ॥**
**ਕਹਿ ਰਵਿਦਾਸ ਕਹਾ ਕੈਸੇ ਕੀਜੈ॥**
**ਬਿਨੁ ਰਘੁਨਾਥ ਸਰਨਿ ਕਾ ਕੀ ਲੀਜੈ॥**
(ਅੰਗ ੭੧੦)

ਨਿੰਦਾ ਕਰਨ ਵਾਲੇ ਦਾ ਮੂੰਹ ਕਾਲਾ ਕਰਕੇ ਨਰਕਾਂ ਵਿੱਚ ਸੁੱਟਿਆ ਜਾਂਦਾ ਹੈ। ਨਿੰਦਾ ਕਰਨ ਵਾਲੇ ਮਨਮੁਖ ਅਗਿਆਨੀ ਮੂਰਧ ਹਨ। ਨਿੰਦਾ ਕਰਨ ਵਾਲਾ ਘੋਰ ਸਜਾ ਦਾ ਭਾਗੀ ਬਣਦਾ ਹੈ। ਜੇਕਰ ਕੋਈ ਵਿਅਕਤੀ ਅਠਾਹਠ ਤੀਰਥਾਂ ਦਾ ਇਸ਼ਨਾਨ ਕਰੇ, ਲੋਕਾਂ ਦੇ ਭਲੇ ਲਈ ਖੂਹ ਵੀ ਲਗਵਾਏ ਪਰ ਜੇ ਨਿੰਦਾ ਨਹੀਂ ਛੱਡਦਾ ਤਾਂ ਉਸ ਦੀ ਕੀਤੀ ਕਮਾਈ ਥਾਂਇ ਨਹੀਂ ਪੈਂਦੀ –

**ਜੇ ਓਹੁ ਅਹਸਠਿ ਤੀਰਥ ਨਾਵੈ॥**
**ਜੇ ਓਹੁ ਦੁਆਦਸ ਸਿਲਾ ਪੂਜਾਵੈ॥**
**ਜੇ ਓਹੁ ਕੂਪ ਤਟਾ ਦੇਵਾਵੈ॥**
**ਕਰੈ ਨਿੰਦ ਸਭ ਬਿਰਥਾ ਜਾਵੈ॥ (ਅੰਗ ੮੭੫)**

ਜੇਕਰ ਕੋਈ ਗ੍ਰਹਿਣ ਤੇ ਤੀਰਥਾਂ ਦੇ ਇਸ਼ਨਾਨ ਵੀ ਕਰੇ, ਗਹਿਣਿਆਂ ਸਮੇਤ ਆਪਣੀ ਔਰਤ ਦਾ ਦਾਨ ਕਰੇ, ਸਾਰੀਆਂ ਸਿੰਮ੍ਰਿਤਿਆਂ ਵੀ ਸੁਣ ਲਵੇ, ਪਰ ਜੇ ਨਿੰਦਾ ਨਹੀਂ ਛੱਡਦਾ ਤਾਂ ਕੋਈ ਫਾਇਦਾ ਨਹੀਂ –

**ਜੇ ਓਹੁ ਗ੍ਰਹਨ ਕਰੈ ਕੁਲਖੇਤਿ॥**
**ਅਰਪੈ ਨਾਰਿ ਸੀਗਾਰ ਸਮੇਤਿ॥**
**ਸਗਲੀ ਸਿੰਮ੍ਰਿਤਿ ਸ੍ਰਵਨੀ ਸੁਨੈ॥**
**ਕਰੈ ਨਿੰਦ ਕਵਨੈ ਨਹੀ ਗੁਨੈ॥ (ਅੰਗ ੮੭੫ )**

ਜੇਕਰ ਕੋਈ ਵਿਅਕਤੀ ਅਨੇਕ ਪ੍ਰਸ਼ਾਦ ਲੰਗਰ ਕਰਾਵੈ, ਜਮੀਨ ਦਾਨ ਕਰੇ, ਜਿਸਦੀ ਲੋਕਾਂ ਵਿੱਚ ਸ਼ੋਭਾ ਹੋਵੇ, ਜੇਕਰ ਆਪਣਾ ਨੁਕਸਾਨ ਕਰਾ ਕੇ ਦੂਸਰਿਆਂ ਨੂੰ ਲਾਭ ਪਹੁੰਚਾਵੇ, ਜੇਕਰ ਨਿੰਦਾ ਨਹੀਂ ਛੱਡ ਸਕਦਾ ਤਾਂ ਟੇਢੀਆਂ ਜੂਨਾਂ ਵਿੱਚ ਭਟਕਦਾ ਹੈ ਤੇ ਦੁੱਖ ਪਾਉਂਦਾ ਹੈ –

**ਜੇ ਓਹੁ ਅਨਿਕ ਪ੍ਰਸਾਦ ਕਰਾਵੈ॥**
**ਭੂਮਿ ਦਾਨ ਸੋਭਾ ਮੰਡਪਿ ਪਾਵੈ॥**
**ਅਪਨਾ ਬਿਗਾਰਿ ਬਿਰਾਂਨਾ ਸਾਂਢੈ॥**
**ਕਰੈ ਨਿੰਦ ਬਹੁ ਜੋਨੀ ਹਾਂਢੈ॥ (ਅੰਗ ੮੭੫)**

ਨਿੰਦਕ ਪੂਰੇ ਗੁਰੂ ਜੀ ਦੀ ਸ਼ਰਨ ਵਿੱਚ ਜਾ ਕੇ, ਨਿੰਦਿਆ ਤੋਂ ਤੋਬਾ ਕਰੇ ਤੇ ਨਾਮ ਬਾਣੀ ਸਿਮਰਨ ਜਰੀਏ ਹੀ ਬਖਸ਼ਿਆ ਜਾ ਸਕਦਾ ਹੈ ਨਹੀਂ ਤਾਂ ਨਰਕਾਂ ਵਿੱਚ ਦੁੱਖ ਭੋਗੇਗਾ –

**ਸਾਧ ਕਾ ਨਿੰਦਕੁ ਕੈਸੇ ਤਰੈ॥**
**ਸਰਪਰੁ ਜਾਨਹੁ ਨਰਕ ਹੀ ਪਰੈ। (ਅੰਗ ੮੭੫)**
**ਨਿੰਦਕੁ ਸੋਧਿ ਸਾਧਿ ਬੀਚਾਰਿਆ॥**
**ਕਹੁ ਰਵਿਦਾਸ ਪਾਪੀ ਨਰਕਿ ਸਿਧਾਰਿਆ॥**
(ਅੰਗ ੮੭੫)

ਇਸ ਸੰਸਾਰ ਅੰਦਰ ਕੋਈ ਵੀ ਪਦਾਰਥ ਸੁੱਚਾ ਨਹੀਂ ਜਾਪਦਾ ਜਿਸ ਨਾਲ ਰੱਬ ਦੀ ਪੂਜਾ ਕੀਤੀ ਜਾ ਸਕੇ ਕਿਉਂਕਿ ਦੁੱਧ ਕਟਰੂ ਬਛਰੂ ਨੇ ਪਹਿਲਾਂ ਹੀ ਚੁੰਘ ਕੇ ਜੂਠਾ ਕਰ ਦਿੱਤਾ, ਫੁੱਲ ਭੌਰਿਆਂ ਤਿਤਲੀਆਂ ਨੇ ਜੂਠੇ ਕਰ ਦਿੱਤੇ, ਜਲ ਨੂੰ ਮੱਛੀਆਂ ਆਦਿ ਨੇ ਗੰਧਲਾ ਕਰ ਦਿੱਤਾ, ਚੰਦਨ ਦੇ ਦਰਖਤ ਨੂੰ ਸੱਪ ਲਿਪਟਦੇ ਹਨ–

**ਦੂਧੁ ਤ ਬਛਰੈ ਥਨਹੁ ਬਿਟਾਰਿਓ॥**
**ਫੂਲੁ ਭਵਰਿ ਜਲੁ ਮੀਨਿ ਬਿਗਾਰਿਓ॥**
**ਮਾਈ ਗੋਬਿੰਦ ਪੂਜਾ ਕਹਾ ਲੈ ਚਰਾਵਉ॥**
**ਅਵਰੁ ਨ ਫੂਲੁ ਅਨੂਪੁ ਨ ਪਾਵਉ॥**
**ਮੈਲਾਗਰ ਬੇਰੇ ਹੈ ਭੁਇਅੰਗਾ॥**
**ਬਿਖੁ ਅੰਮ੍ਰਿਤੁ ਬਸਹਿ ਇਕ ਸੰਗਾ॥ (ਅੰਗ ੫੨੫)**

ਪੂਰੇ ਗੁਰੂ ਜੀ ਦੀ ਖੁਸ਼ੀ ਲੈਣ ਵਾਸਤੇ ਤੇ ਮਾਲਕ ਦੀ ਪ੍ਰਾਪਤੀ ਵਾਸਤੇ ਤਨ ਮਨ ਗੁਰੂ ਨੂੰ ਅਰਪਣ ਕਰਨਾ ਹੀ ਸੱਚੀ ਪੂਜਾ ਹੈ ਜਿਸ ਨਾਲ ਗੁਰੂ ਜੀ ਦੀ ਕਿਰਪਾ ਨਾਲ ਮਾਲਕ ਦੀ ਪ੍ਰਾਪਤੀ ਹੁੰਦੀ ਹੈ –

**ਤਨੁ ਮਨੁ ਅਰਪਉ ਪੂਜ ਚਰਾਵਉ॥**
**ਗੁਰ ਪਰਸਾਦਿ ਨਿਰੰਜਨੁ ਪਾਵਉ॥ (ਅੰਗ ੫੨੫)**

ਸਾਡੀ ਕਾਇਆਂ ਮਾਂ ਦੀ ਰੱਕਤ ਤੇ ਪਿਤਾ ਦੇ ਬਿੰਦ ਤੋਂ ਮਾਲਕ ਨੇ ਤਿਆਰ ਕਰਵਾਇਆ ਹੈ, ਇਹ ਹੱਡ ਮਾਸ ਨਾੜੀਆਂ ਦਾ ਪਿੰਜਰ ਹੈ, ਜਲ ਦੀ ਭੀਤ ਭਾਵ ਕੰਧ ਹੈ ਤੇ ਸਰੀਰ ਪੌਣ ਸਹਾਰੇ ਚੱਲ ਰਿਹਾ ਹੈ। ਇਸ ਸਰੀਰ ਅੰਦਰ ਮਨ, ਆਤਮਾ ਨਿਵਾਸ ਕਰਦੀ ਹੈ। ਇਹ ਸਰੀਰ ਨਾਸ਼ਵਾਨ ਹੈ, ਕੋਈ ਵੀ ਦੁਨਿਆਵੀ ਪਦਾਰਥ ਸਾਡੇ ਨਾਲ ਨਹੀਂ ਜਾਣਾ। ਸਾਡਾ ਦ੍ਰਿਸ਼ਟਮਾਨ ਸੰਸਾਰ ਅੰਦਰ ਆਉਣਾ ਉਸੇ ਤਰ੍ਹਾਂ ਹੈ ਜਿਵੇਂ ਦਰਖਤਾਂ ਤੇ ਬੈਠਦੇ ਪੰਛੀ –

**ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ॥**
**ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ॥**
**ਪ੍ਰਾਨੀ ਕਿਆ ਮੇਰਾ ਕਿਆ ਤੇਰਾ॥**
**ਜੈਸੇ ਤਰਵਰ ਪੰਖਿ ਬਸੇਰਾ॥ ( ਅੰਗ ੬੫੯)**

ਵਧੀਆ ਜ਼ਿੰਦਗੀ ਜਿਊਣ ਲਈ ਸੁੱਖ ਸਹੂਲਤਾਂ ਹੋਣੀਆਂ ਚਾਹੀਦੀਆਂ ਹਨ। ਕੋਠੀਆਂ, ਕਾਰਾਂ, ਪ੍ਰਾਪਰਟੀ ਬਣਾਉਣਾ ਕੋਈ ਮਾੜਾ ਨਹੀਂ। ਨੇਕ ਕਮਾਈ ਨਾਲ ਦੁਨਿਆਵੀ ਸੁੱਖ ਮਾਨਣੇ ਤੇ ਪਰਿਵਾਰ ਪਾਲਣਾ ਸਾਡਾ ਹੱਕ ਹੈ। ਕਾਲ ਦੇ ਦੇਸ਼ ਅੰਦਰ ਰਹਿੰਦਿਆਂ ਵਾਹਿਗੁਰੂ ਜੀ ਦਾ ਨਾਮ ਸਿਮਰਨ ਜਰੂਰੀ ਹੈ। ਨਾਮ ਦੀ ਕਮਾਈ ਬਿਨਾਂ ਅਸੀਂ ਪਿੜ ਹਾਰ ਜਾਵਾਂਗੇ –

**ਊਚੇ ਮੰਦਰ ਸੁੰਦਰ ਨਾਰੀ॥**
**ਰਾਮ ਨਾਮ ਬਿਨੁ ਬਾਜੀ ਹਾਰੀ॥ (ਅੰਗ ੬੫੯)**

ਸਾਡੀ ਹਾਲਤ ਖੂਹ ਦੇ ਡੱਡੂ ਵਾਲੀ ਹੈ ਜਿਹੜਾ ਖੂਹ ਵਿੱਚ ਹੀ ਰਹਿੰਦਾ ਹੈ ਉਸ ਨੂੰ ਬਾਹਰ ਦੀ ਦੁਨੀਆਂ ਬਾਰੇ ਕੋਈ ਖਬਰ ਨਹੀਂ। ਅਸੀਂ ਬਿਖਿਆ ਭਾਵ ਮਾਇਆ ਦੀ ਦਲਦਲ ਵਿੱਚ ਧਸ ਰਹੇ ਹਾਂ, ਸਾਨੂੰ ਆਪਣੇ ਨਿੱਜ ਤੋਂ ਬਾਹਰ ਕੁਝ ਵੀ ਦਿਖਾਈ ਨਹੀਂ ਦਿੰਦਾ। ਸਾਡਾ ਮਨ ਮਾਇਆ ਦੀਆਂ ਘੁੰਮਣਘੇਰੀਆਂ ਵਿੱਚ ਅਜਿਹਾ ਉਲਝਿਆ ਕਿ ਮਨ ਨੂੰ ਰੂਹਾਨੀਅਤ ਦਾ ਰਸਤਾ ਹੀ ਨਜਰ ਨਹੀਂ ਆਉਂਦਾ –

**ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ॥**
**ਐਸੇ ਮੇਰਾ ਮਨੁ ਬਿਖਿਆ ਬਿਮੋਹਿਆ ਕਛੁ ਆਰਾ ਪਾਰੁ ਨ ਸੂਝ॥ (ਅੰਗ ੩੪੬)**

ਸਤਜੁਗ ਵਿੱਚ ਸੱਚ, ਦਾਨ ਪ੍ਰਧਾਨ ਸੀ, ਤ੍ਰੇਤਾ ਜੁਗ ਅੰਦਰ ਹੋਮ ਜਗ ਦੀ ਪ੍ਰਧਾਨਤਾ ਰਹੀ ਤੇ ਦੁਆਪਰ ਜੁਗ ਅੰਦਰ ਦੇਵੀ ਦੇਵਤਿਆਂ ਦੀ ਪੂਜਾ ਪ੍ਰਧਾਨ ਰਹੀ ਪਰ ਕਲਯੁਗ ਦਾ ਸਮਾਂ ਬਹੁਤ ਭਿਆਨਕ ਹੈ, ਇਸ ਅੰਦਰ ਘੋਰ ਵਿਕਾਰਾਂ ਦੀ ਹਨੇਰੀ ਝੁੱਲ ਰਹੀ ਹੈ। ਕਲਯੁਗ ਅੰਦਰ ਵਿਕਾਰਾਂ ਦੀ ਧੁੰਧ ਤੋਂ ਕੇਵਲ ਨਾਮ ਸਿਮਰਨ ਹੀ ਸਾਨੂੰ ਸਹੀ ਰਸਤਾ ਵਿਖਾ ਸਕਦਾ ਹੈ, ਕਲਯੁਗ ਅੰਦਰ ਕੇਵਲ ਨਾਮ ਹੀ ਸਹਾਈ ਹੈ ਜਿਸ ਰਾਹੀਂ ਸੱਚੇ ਸਦੀਵੀ ਸੁੱਖ ਦੀ ਪ੍ਰਾਪਤੀ ਸੰਭਵ ਹੈ –

**ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ॥**
**ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ॥**
(ਅੰਗ ੩੪੬)

ਅਸੀਂ ਕਈ ਜਨਮਾਂ ਤੋਂ ਮਾਲਕ ਤੋਂ ਵਿਛੜ ਕੇ ਦੁੱਖ ਭੋਗ ਰਹੇ ਹਾਂ। ਵਾਹਿਗੁਰੂ ਜੀ ਨੇ ਸਾਨੂੰ ਅਮੋਲਕ ਮਨੁੱਖਾ ਜਨਮ ਬਖਸ਼ਿਸ਼ ਕੀਤਾ ਹੈ ਜਿਸ ਰਾਹੀਂ ਪ੍ਰਭੂ ਮਿਲਾਪ ਦਾ ਸੁੱਖ ਪ੍ਰਾਪਤ ਹੋ ਸਕਦਾ ਹੈ। ਸੰਸਾਰ ਦੇ ਕਿਸੇ ਵੀ ਦ੍ਰਿਸ਼ਟਮਾਨ ਪਦਾਰਥ ਨੇ ਸਾਡੇ ਨਾਲ ਨਹੀਂ ਜਾਣਾ ਸੋ ਇਹ ਅਮੋਲਕ ਮਨੁੱਖਾ ਜਨਮ ਕੇਵਲ ਤੇ ਕੇਵਲ ਭਗਤੀ ਲਈ ਹੈ –

**ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮਾਰੇ ਲੇਖੇ॥**
**ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ॥ (ਅੰਗ ੬੯੪)**

ਪਰਮਾਤਮਾ ਨੇ ਹੀ ਸਾਨੂੰ ਅਮੋਲਕ ਮਨੁੱਖਾ ਜਨਮ ਬਖਸ਼ਿਸ਼ ਕੀਤਾ ਤੇ ਆਪ ਸਵਾਸ ਬਖਸ਼ਿਸ਼ ਕਰ ਰਿਹਾ ਹੈ। ਪ੍ਰਭੂ ਜੀ ਹਰ ਪਲ ਸਾਡੇ ਅੰਗ ਸੰਗ ਹੈ। ਪ੍ਰਭੂ ਨਾਲ ਸਾਡਾ ਪ੍ਰੇਮ ਦੀਵਾ ਬਾਤੀ , ਚੰਦ ਚਕੋਰ, ਗਿਰਿਵਰ ਮੋਰ, ਤੀਰਥ ਜਾਤੀ ਆਦਿ ਦੀ ਤਰਾਂ ਅਟੁੱਟ ਬੰਧਨ ਹੈ। ਸਾਡੀ ਸੱਚੀ ਪ੍ਰੀਤ ਸਿਰਫ ਤੇ ਸਿਰਫ ਵਾਹਿਗੁਰੂ ਜੀ ਨਾਲ ਹੀ ਹੈ। ਸੰਸਾਰਿਕ ਪਦਾਰਥਾਂ ਦਾ ਮੋਹ ਤਿਆਗ ਕੇ ਹੀ ਪ੍ਰਭੂ ਜੀ ਨਾਲ ਸੱਚੀ ਪ੍ਰੀਤ ਹੋ ਸਕਦੀ ਹੈ –

**ਜਉ ਤੁਮ ਗਿਰਿਵਰ ਤਉ ਹਮ ਮੋਰਾ॥**
**ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ॥**
(ਅੰਗ ੬੫੮)

**ਜਉ ਤੁਮ ਦੀਵਰਾ ਤਉ ਹਮ ਬਾਤੀ॥**
**ਜਉ ਤੁਮ ਤੀਰਥ ਤਉ ਹਮ ਜਾਤੀ॥**
**ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ॥**
**ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥**
(ਅੰਗ ੬੫੮)

ਪਰਮਾਤਮਾ ਕ੍ਰਿਪਾਲੂ ਦਿਆਲੂ ਹੈ, ਉਹ ਸਾਡੇ ਔਗੁਣ ਨਹੀਂ ਚਿਤਾਰਦਾ, ਪ੍ਰਭੂ ਪਰਉਪਕਾਰੀ ਹੈ। ਅਸੀਂ ਇਰੰਡ ਦੀ ਤਰਾਂ ਹਾਂ ਤੇ ਮਾਲਕ ਚੰਦਨ, ਮਾਲਕ ਕਿਰਪਾ ਕਰਕੇ ਸਾਨੂੰ ਆਪਣੀ ਸੁਗੰਧੀ ਨਾਲ ਭਰ ਦਿੰਦਾ ਹੈ, ਅਸੀਂ ਨੀਚ ਰੁੱਖ ਤੋਂ ਉੱਚ ਅਵਸਥਾ ਵਿੱਚ ਪਹੁੰਚ ਜਾਂਦੇ ਹਾਂ। ਮਾਲਕ ਰੇਸ਼ਮ ਹੈ ਤੇ ਅਸੀਂ ਕੀੜੇ, ਜਿਸ ਤਰ੍ਹਾਂ ਸ਼ਹਿਦ ਦੇ ਛੱਤੇ ਤੇ ਮੱਖੀਆਂ ਟਿਕੀਆਂ ਰਹਿੰਦੀਆਂ ਹਨ ਉਸੇ ਤਰਾਂ ਗੁਰੂ ਜੀ ਦੀ ਸੱਚੀ ਸੰਗਤ ਦਾ ਮਿਲਾਪ ਸਦੀਵੀ ਸੁੱਖ ਤੇ ਆਨੰਦ ਅਵਸਥਾ ਪ੍ਰਦਾਨ ਕਰਦਾ ਹੈ–

**ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ॥**
**ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ॥**
**ਮਾਧਉ ਸਤਸੰਗਤਿ ਸਰਨਿ ਤੁਮਾਰੀ॥**
**ਹਮ ਅਉਗਨ ਤੁਮ ਉਪਕਾਰੀ॥**
**ਤੁਮ ਮਖਤੂਲ ਸੁਪੇਦ ਸਪੀਅਲ ਹਮ ਬਪੁਰੇ ਜਸ ਕੀਰਾ॥**
**ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ॥**
(ਅੰਗ ੪੮੬)

ਪਰਮਾਤਮਾ ਸੁੱਖਾਂ ਦਾ ਸਮੁੰਦਰ ਹੈ ਜਿਸ ਤੋਂ ਧਰਮ, ਅਰਥ, ਕਾਮ, ਮੋਖ ਚਾਰੇ ਪਦਾਰਥ ਮਿਲਦੇ ਹਨ। ਨਿਧੀਆਂ, ਰਿਧੀਆਂ, ਸਿਧੀਆਂ, ਮਾਇਆ ਸਭ ਪ੍ਰਭੂ ਦੀਆਂ ਦਾਸੀਆਂ ਹਨ। ਪਾਰਜਾਤ ਤੇ ਕਾਮਧੇਨ ਸਭ ਮਾਲਕ ਦੇ ਵੱਸ ਹੈ ਜੋ ਸਾਡੀਆਂ ਮਨੋਕਾਮਨਾਵਾਂ ਪੂਰੀਆਂ ਕਰਦੇ ਹਨ। ਪ੍ਰਭੂ ਦਾ ਨਾਮ ਸਭਨਾਂ ਗੱਲਾਂ ਸਮਰੱਥ ਹੈ ਫਿਰ ਅਸੀਂ ਪ੍ਰਭੂ ਦਾ ਸਿਮਰਨ ਕਿਉਂ ਨਹੀਂ ਕਰਦੇ, ਮਾਇਆ ਪਿੱਛੇ ਲੱਗ ਰੂਹਾਨੀਅਤ ਦੇ ਰਸਤੇ ਤੋਂ ਕਿਉਂ ਮੁੱਖ ਮੋੜ ਰਹੇ ਹਾਂ? ਕਾਲ ਦੇ ਧੰਧਿਆਂ ਤੋਂ ਉੱਪਰ ਉੱਠਦਿਆਂ ਦਿਨ ਰਾਤ ਮਾਲਕ ਦੀ ਸਿਫਤ ਸਲਾਹ ਕਰਨੀ ਚਾਹੀਦੀ ਹੈ , ਹਰ ਪਲ ਮਾਲਕ ਦੇ ਸਿਮਰਨ ਵਿੱਚ ਬੀਤਣਾ ਚਾਹੀਦਾ ਹੈ--

**ਸੁਖ ਸਾਗਰ ਸੁਰਿਤਰੁ ਚਿੰਤਾਮਨਿ ਕਾਮਧੇਨ ਬਸਿ ਜਾ ਕੇ ਰੇ॥**
**ਚਾਰਿ ਪਦਾਰਥ ਅਸਟ ਮਹਾ ਸਿਧਿ ਨਵ ਨਿਧਿ ਕਰ ਤਲ ਤਾ ਕੈ॥**
**ਹਰਿ ਹਰਿ ਹਰਿ ਨ ਜਪਸਿ ਰਸਨਾ॥**

ਅਵਰ ਸਭ ਛਾਡਿ ਬਚਨ ਰਚਨਾ ॥ (ਅੰਗ ੧੧੦੬)

ਸਾਡਾ ਮਨ ਹਮੇਸ਼ਾ ਪ੍ਰਭੂ ਪ੍ਰੇਮ ਵਿੱਚ ਭਿੱਜਿਆ ਰਹੇ, ਵਿਕਾਰਾਂ ਦੀ ਮੈਲ ਤੋਂ ਬਚਿਆ ਰਹੇ। ਇਸ ਲਈ ਮਨ ਨਾਲ ਸਿਮਰਨ ਕਰਨਾ, ਅੱਖਾਂ ਨਾਲ ਗੁਰੂ ਜੀ ਦੇ ਦੀਦਾਰ ਦਰਸ਼ਨ, ਕੰਨਾਂ ਨਾਲ ਸੱਚੀ ਬਾਣੀ ਸੁਣਨਾ ਤੇ ਹਿਰਦੇ ਵਿੱਚ ਪ੍ਰਭੂ ਪ੍ਰੇਮ ਸਾਨੂੰ ਸਦੀਵੀ ਖੁਸ਼ੀ ਆਨੰਦ ਅਵਸਥਾ ਵਿੱਚ ਲੈ ਜਾਵੇਗਾ –

**ਚਿਤ ਸਿਮਰਨੁ ਕਰਉ ਨੈਨ ਅਵਿਲੋਕਨੋ ॥**
**ਸ੍ਰਵਨ ਬਾਨੀ ਸੁਜਸੁ ਪੂਰਿ ਰਾਖਉ ॥**
**ਮਨੁ ਸੁ ਮਧੁਕਰੁ ਕਰਉ ਚਰਨ ਹਿਰਦੇ ਧਰਉ ਰਸਨ ਅੰਮ੍ਰਿਤ ਰਾਮ ਨਾਮ ਭਾਖਉ ॥**
**ਮੇਰੀ ਪ੍ਰੀਤਿ ਗੋਬਿੰਦ ਸਿਉ ਜਿਨਿ ਘਟੈ ॥**
**ਮੈ ਤਉ ਮੋਲਿ ਮਹਗੀ ਲਈ ਜੀਅ ਸਟੈ ॥**
(ਅੰਗ ੬੯੪)

ਮੌਤ ਅਟੱਲ ਸਚਾਈ ਹੈ ਇਸ ਨੂੰ ਟਾਲਿਆ ਨਹੀਂ ਜਾ ਸਕਦਾ। ਜਿਸ ਵੀ ਜੀਵ ਨੇ ਜਨਮ ਲਿਆ ਉਸਨੇ ਇਕ ਦਿਨ ਜਾਣਾ ਹੈ। ਹਰ ਸਵਾਸ ਉਮਰ ਘਟ ਰਹੀ ਹੈ। ਇਹੀ ਦੁਰਲੱਭ ਮੌਕਾ ਹੈ ਪੂਰੇ ਗੁਰੂ ਜੀ ਦੀ ਦਇਆ ਮਿਹਰ ਬਖਸ਼ਿਸ਼ ਨਾਲ ਪ੍ਰਭੂ ਭਗਤੀ ਮਾਰਗ ਤੇ ਚਲਦਿਆ ਸਦੀਵੀ ਸੁੱਖ ਦੀ ਪ੍ਰਾਪਤੀ ਕਰੀਏ ਤੇ ਜਨਮ ਸਫਲ ਬਣਾਈਏ-

**ਜੋ ਦਿਨ ਆਵਹਿ ਸੋ ਦਿਨ ਜਾਹੀ ॥**
**ਕਰਨਾ ਕੂਚੁ ਰਹਨੁ ਥਿਰੁ ਨਾਹੀ ॥**
**ਸੰਗੁ ਚਲਤ ਹੈ ਹਮ ਭੀ ਚਲਨਾ ॥**
**ਦੂਰਿ ਗਵਨੁ ਸਿਰ ਊਪਰਿ ਮਰਨਾ ॥**
**ਕਿਆ ਤੂ ਸੋਇਆ ਜਾਗੁ ਇਆਨਾ ॥**
**ਤੈ ਜੀਵਨੁ ਜਗਿ ਸਚੁ ਕਰਿ ਜਾਨਾ ॥**
(ਅੰਗ ੭੯੩)

**ਜਨਮੁ ਸਿਰਾਨੋ ਪੰਥੁ ਨ ਸਵਾਰਾ ॥**
**ਸਾਂਝ ਪਰੀ ਦਹ ਦਿਸ ਅੰਧਿਆਰਾ ॥**
**ਕਹਿ ਰਵਿਦਾਸ ਨਿਦਾਨਿ ਦਿਵਾਨੇ ॥**
**ਚੇਤਸਿ ਨਾਹੀ ਦੁਨੀਆ ਫਨ ਖਾਨੇ ॥**
(ਅੰਗ ੭੯੪)

**ਕਹਿ ਰਵਿਦਾਸ ਜੋ ਜਪੈ ਨਾਮੁ ॥**
**ਤਿਸੁ ਜਾਤਿ ਨ ਜਨਮੁ ਨ ਜੋਨਿ ਕਾਮੁ ॥**
(ਅੰਗ ੧੧੯੬)

ਸੰਸਾਰ ਦੇ ਸਭ ਪਦਾਰਥ ਪ੍ਰਭੂ ਜੀ ਨੇ ਪੈਦਾ ਕੀਤੇ ਹਨ। ਦ੍ਰਿਸ਼ਟਮਾਨ ਸੰਸਾਰ ਦੇ ਪਦਾਰਥ ਨਾਸ਼ਵਾਨ ਤੇ ਝੂਠੇ ਹਨ ਇਸ ਲਈ ਪ੍ਰਭੂ ਜੀ ਦੀ ਨਾਮ ਨਾਲ ਕੀਤੀ ਆਰਤੀ ਸਫਲ ਹੈ। ਵਾਹਿਗੁਰੂ ਜੀ ਦੀ ਸੇਵਾ, ਸਿਫਤ ਸਲਾਹ, ਸਿਮਰਨ ਹੀ ਸੱਚੀ ਆਰਤੀ ਹੈ। ਸੰਸਾਰੀ ਜੀਵ ਅਠਾਹਠ ਤੀਰਥਾਂ ਦੇ ਇਸ਼ਨਾਨ ਤੇ ਹੋਰ ਕਰਮ ਕਾਂਡ ਨੂੰ ਹੀ ਰੱਬ ਦੀ ਆਰਤੀ ਸਮਝਦੇ ਹਨ ਪਰ ਸੱਚੀ ਆਰਤੀ ਨਾਮ ਹੀ ਹੈ –

**ਨਾਮੁ ਤੇਰੋ ਆਰਤੀ ਮਜਨੁ ਮੁਰਾਰੇ ॥**
**ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ ॥**
(ਅੰਗ ੬੯੪)

**ਦਸ ਅਠਾ ਅਠਸਠੇ ਚਾਰੇ ਖਾਣੀ ਇਹੈ ਵਰਤਣਿ ਹੈ ਸਗਲ ਸੰਸਾਰੇ ॥**
**ਕਹੈ ਰਵਿਦਾਸੁ ਨਾਮੁ ਤੇਰੋ ਆਰਤੀ ਸਤਿ ਨਾਮੁ ਹੈ ਹਰਿ ਭੋਗ ਤੁਹਾਰੇ ॥** (ਅੰਗ ੬੯੪)

ਪ੍ਰਭੂ ਜੀ ਦਾ ਨਾਮ ਹੀ ਦੀਵਾ, ਬਾਤੀ ਤੇ ਤੇਲ ਹੈ। ਪੂਰੇ ਗੁਰੂ ਜੀ ਦੇ ਉਪਦੇਸ਼ਾਂ ਨਾਲ ਸੱਚ ਦੇ ਮਾਰਗ ਤੇ ਚਲਦਿਆ ਨਾਮ ਸਿਮਰਨ ਨਾਲ ਮਨ ਅੰਦਰ ਸੱਚੇ ਨਾਮ ਦੀ ਜੋਤ ਲਗਾਉਣ ਨਾਲ ਪਰਮਾਤਮਾ ਦੇ ਰੱਬੀ ਨੂਰ ਪ੍ਰਕਾਸ਼ ਨਾਲ ਪ੍ਰਕਾਸ਼ ਹੀ ਪ੍ਰਕਾਸ਼ ਹੋ ਜਾਂਦਾ ਹੈ –

**ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ ॥**
**ਨਾਮ ਤੇਰੇ ਕੀ ਜੋਤਿ ਲਗਾਈ ਭਇਓ ਉਜਿਆਰੋ ਭਵਨ ਸਗਲਾਰੇ ॥** (ਅੰਗ ੬੯੪)

ਆਪ ਜੀ ਬਾਣੀ ਅੰਦਰ ਬਖਸ਼ਿਸ਼ ਕਰਦੇ ਹਨ ਕਿ ਪ੍ਰਭੂ ਭਗਤੀ ਨਾਲ ਮਨ ਮਾਇਆ ਦੇ ਬੰਧਨਾਂ ਤੋਂ ਅਜਾਦ ਹੋ ਗਿਆ ਤੇ ਅਸੀਂ ਪਰਮਾਤਮਾ ਨੂੰ ਪ੍ਰੇਮ ਡੋਰੀ ਰਾਹੀਂ ਵੱਸ ਕਰ ਲਿਆ –

**ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ ॥**
**ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ ॥** (ਅੰਗ ੬੫੮)

ਪੂਰੇ ਗੁਰੂ ਜੀ ਦੀ ਦਇਆ ਮਿਹਰ ਬਖਸ਼ਿਸ਼ ਨਾਲ ਰੂਹਾਨੀ ਰਾਹ ਤੇ ਚਲਦਿਆ ਅਜਿਹੇ ਸ਼ਹਰ ਦੇ ਵਾਸੀ ਬਣ ਜਾਂਦੇ ਹਾਂ ਜਿਸ ਨੂੰ ਗੁਰਬਾਣੀ ਅੰਦਰ ਬੇਗਮ ਪੁਰਾ ਦਾ ਨਾਂ ਦਿੱਤਾ ਗਿਆ ਹੈ ਭਾਵ ਜਿੱਥੇ ਕੋਈ ਗਮ, ਦੁੱਖ, ਚਿੰਤਾ ਤੇ ਘਬਰਾਹਟ ਆਦਿ ਨਹੀਂ। ਇਸ ਜਗਾ ਤੇ ਕਿਸੇ ਦੀ ਕੋਈ ਨਿੱਜੀ ਜਾਇਦਾਦ ਨਹੀਂ ਤੇ ਨਾ ਹੀ ਕਿਸੇ ਨੂੰ ਕੋਈ ਕਰ ਲਗਾਇਆ ਜਾਂਦਾ ਹੈ। ਇਸ ਜਗਾ ਨਾ ਕੋਈ ਪਾਪ ਕਰਮ ਕਰਨ ਦਾ ਖਤਰਾ ਹੈ ਅਤੇ ਨਾ ਹੀ ਕੋਈ ਡਰ ਜਾਂ ਗਿਰਾਵਟ ਹੈ –

**ਬੇਗਮ ਪੁਰਾ ਸਹਰ ਕੋ ਨਾਉ ॥**
**ਦੂਖੁ ਅੰਦੋਹੁ ਨਹੀ ਤਿਹਿ ਠਾਉ ॥**
**ਨਾਂ ਤਸਵੀਸ ਖਿਰਾਜੁ ਨ ਮਾਲੁ ॥**
**ਖਉਫੁ ਨ ਖਤਾ ਨ ਤਰਸੁ ਜਵਾਲੁ ॥** (ਅੰਗ ੩੪੫)

ਬੇਗਮ ਪੁਰਾ ਸਭ ਤੋਂ ਸੋਹਣੀ ਥਾਂ ਹੈ ਜਿੱਥੇ ਸਦਾ ਸੁੱਖ ਹੀ ਸੁੱਖ ਹੈ। ਇਸ ਜਗਾ ਸਦਾ ਕਾਇਮ ਰਹਿਣ ਵਾਲੀ ਹੈ ਇੱਥੇ ਸਭ ਇੱਕੋ ਹਨ, ਕਿਸੇ ਨਾਲ ਕੋਈ ਵਿਤਕਰਾ ਨਹੀਂ। ਇਹ ਸ਼ਹਿਰ ਸਦਾ ਅਨੰਦ ਖੁਸ਼ੀਆਂ ਖੇੜੇ ਨਾਲ ਵਸਦਾ ਹੈ। ਇੱਥੇ ਉੱਚੇ ਸੁੱਚੇ ਆਤਮਕ ਦਰਜੇ ਦੇ ਹੀ ਅਪੜਦੇ ਹਨ ਜਿੱਥੇ ਕੋਈ ਵੀ ਵਿਤਕਰਾ, ਡਰ, ਗਮ ਜਾਂ ਭੁੱਖ ਆਦਿ ਨਹੀਂ ਰਹਿੰਦੀ –

**ਅਬ ਮੋਹਿ ਖੂਬ ਵਤਨ ਗਹ ਪਾਈ ॥**
**ਊਹਾਂ ਖੈਰਿ ਸਦਾ ਮੇਰੇ ਭਾਈ ॥**
**ਕਾਇਮੁ ਦਾਇਮੁ ਸਦਾ ਪਾਤਿਸਾਹੀ ॥**
**ਦੋਮ ਨ ਸੇਮ ਏਕ ਸੋ ਆਹੀ ॥**
**ਆਬਾਦਾਨੁ ਸਦਾ ਮਸਹੂਰ ॥**
**ਊਹਾਂ ਗਨੀ ਬਸਹਿ ਮਾਮੂਰ ॥** (ਅੰਗ ੩੪੫)

ਬੇਗਮ ਪੁਰਾ ਆਤਮਿਕ ਸ਼ਹਿਰ ਦੇ ਵਾਸੀ ਹਮੇਸ਼ਾ ਅਨੰਦ ਅਵਸਥਾ ਵਿੱਚ ਰਹਿੰਦੇ ਹਨ। ਉਹਨਾਂ ਨੂੰ ਕੋਈ ਵੀ ਰੋਕ ਟੋਕ ਨਹੀਂ। ਉਹਨਾਂ ਨੇ ਸਾਰੇ ਦੁੱਖਾਂ ਕਲੇਸ਼ਾਂ ਤੋਂ ਛੁਟਕਾਰਾ ਪਾ ਲਿਆ ਹੈ–

**ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥**
**ਮਹਰਮ ਮਹਲ ਨ ਕੋ ਅਟਕਾਵੈ ॥**
**ਕਹਿ ਰਵਿਦਾਸ ਖਲਾਸ ਚਮਾਰਾ ॥**
**ਜੋ ਹਮ ਸਹਰੀ ਸੁ ਮੀਤੁ ਹਮਾਰਾ ॥** (ਅੰਗ ੩੪੫)

ਵਾਹਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਬੇਨਤੀ ਜੋਦੜੀ ਹੈ, ਵਾਹਿਗੁਰੂ ਜੀ ਸੁਮੱਤ ਬਖਸ਼ਣ ਸਾਨੂੰ ਅੰਮ੍ਰਿਤ ਨਾਮ ਦੀ ਬਖਸ਼ਿਸ਼ ਕਰਨ ਤੇ ਬੇਗਮਪੁਰਾ ਸ਼ਹਰ ਦੇ ਵਾਸੀ ਬਣਾ ਲੈਣ।

# ਭਗਤ ਰਵੀਦਾਸ ਜੀ ਅਤੇ ਉਨ੍ਹਾਂ ਜੀਵਨ ਦਰਸ਼ਨ

ਭਾਰਤ ਦੀ ਧਰਤੀ ਸੰਤਾਂ-ਮਹਾਤਮਾਂ,ਗੁਰੂਆਂ-ਪੀਰਾਂ, ਰਿਸ਼ੀਆਂ-ਮੁਨੀਆਂ ਅਤੇ ਭਗਤਾਂ-ਪਿਆਰਿਆਂ ਦੀ ਧਰਤੀ ਹੈ। ਸਮੇਂ-ਸਮੇਂ ਇਨ੍ਹਾਂ ਮਹਾਂਪੁਰਖਾਂ ਨੇ ਮਨੁੱਖ ਦੀਆਂ ਪਦਾਰਥਵਾਦੀ ਬਿਰਤੀਆਂ ਨੂੰ ਅਧਿਆਤਮਕ ਰੰਗ ਵਿਚ ਰੰਗ ਕੇ ਜਿਥੇ ਜੀਵਨ ਦੇ ਅਸਲ ਮਨੋਰਥ ਤੋਂ ਗਿਆਤ ਕਰਵਾਇਆ ਹੈ, ਉਥੇ ਇਸ ਮਨੋਰਥ ਦੀ ਸਿੱਧੀ ਹਿੱਤ ਭਗਤੀ (ਨਿਰਮਲ ਪ੍ਰੇਮ ਦੇ ਆਧਾਰਤ) ਮਾਰਗ ਨੂੰ ਵੀ ਵਡਿਆਇਆ ਹੈ। ਇਸ ਮਾਰਗ 'ਤੇ ਚੱਲਣ ਵਾਲੇ ਭਗਤਾਂ ਨੇ ਆਪਣੇ ਵਿਸ਼ੇਸ਼ ਵਿਹਾਰ ਅਤੇ ਕਿਰਦਾਰ ਰਾਹੀਂ ਆਪਣੀ ਭਗਤੀ ਦੇ ਨਿਰਾਲੇਪਨ ਨੂੰ ਕਾਇਮ ਰੱਖਿਆ ਹੈ। ਇਸ ਨਿਰਾਲੇਪਨ ਦੀ ਕਾਇਮੀ ਤੋਂ ਬਲਿਹਾਰੇ ਜਾਂਦੇ ਹੋਏ ਤੀਸਰੇ ਨਾਨਕ ਸ੍ਰੀ ਗੁਰੂ ਅਮਰਦਾਸ ਜੀ ਲਿਖਦੇ ਹਨ:-

**ਭਗਤ ਕੀ ਚਾਲ ਨਿਰਾਲੀ**
**ਚਾਲ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ ॥**
**ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ ॥** (ਅੰਗ-918)

ਇਸ ਨਿਰਾਲੀ ਚਾਲ ਕਾਰਨ ਭਗਤਾਂ ਅਤੇ ਸੰਸਾਰੀਆਂ ਦਾ ਜੋੜ ਘੱਟ ਹੀ ਆਉਂਦਾ ਰਿਹਾ ਹੈ। ਵਿਲੱਖਣਤਾ ਭਰਪੂਰ ਸੋਚ ਤੇ ਲੋਚ ਰੱਖਣ ਵਾਲੇ ਭਗਤਾਂ ਨੂੰ ਅਜਮਾਉਣ ਅਤੇ ਸਤਾਉਣ ਲਈ ਦੁਨੀਆਂਦਾਰਾਂ ਨੇ ਕਈ ਕੋਝੇ ਕਾਰਨਾਮੇ ਵੀ ਕੀਤੇ ਹਨ ਪਰ ਪ੍ਰਭੂ ਨੇ ਆਪਣੇ ਪਿਆਰੇ ਭਗਤਾਂ ਦੀ ਹਮੇਸ਼ਾਂ ਹੀ ਰੱਖ ਦਿਖਾਈ ਹੈ। ਆਪਣੀ ਸੱਚੀ ਅਤੇ ਸੁੱਚੀ ਭਗਤੀ ਭਾਵਨਾ ਸਦਕਾ ਇਹ ਭਗਤ ਪ੍ਰਮਾਤਮਾ ਵੱਲੋਂ ਹਮੇਸ਼ਾ ਹੀ ਸਤਿਕਾਰੇ ਅਤੇ ਪਿਆਰੇ ਜਾਂਦੇ ਰਹੇ ਹਨ। ਪ੍ਰਮਾਤਮਾ ਦੀ ਸਤਿਕਾਰਤਾ ਅਤੇ ਪਿਆਰਤਾ ਦੇ ਪਰਮ-ਪਾਤਰ ਬਣਨ ਵਾਲਿਆਂ ਇਨ੍ਹਾਂ ਭਗਤਾਂ ਵਿਚ ਹੀ ਸ਼ਾਮਿਲ ਹਨ ਭਗਤ/ਗੁਰੂ ਰਵੀਦਾਸ ਜੀ ਦਾ ਨਾਮ।

ਸ਼੍ਰੋਮਣੀ ਭਗਤਾਂ ਵਿਚ ਸ਼ੁਮਾਰੇ ਜਾਂਦੇ ਰਵੀਦਾਸ ਜੀ ਮਹਾਰਾਜ ਦਾ ਜਨਮ 1376 ਈ. (ਸੰਮਤ 1433) ਵਿਚ ਇਕ ਚਰਮਕਾਰੀ ਪਰਿਵਾਰ ਦੇ ਭਾਈ ਸੰਤੋਖ ਦਾਸ ਅਤੇ ਮਾਤਾ ਧੁਰਬਿਨੀਆ ਉਰਫ਼ ਕਰਮੋਂ ਦੇਵੀ ਦੇ ਗ੍ਰਹਿ ਵਿਖੇ ਬ੍ਰਹਮਣੀ ਸਭਿਆਚਾਰ ਦਾ ਧੁਰਾ ਕਰਕੇ ਜਾਣੇ ਜਾਂਦੇ ਸ਼ਹਿਰ ਬਨਾਰਸ ਵਿਚ ਹੋਇਆ। ਭਾਵੇਂ ਭਗਤ ਜੀ ਦੀ ਜਨਮ ਮਿਤੀ ਬਾਬਤ ਵਿਦਿਵਾਨਾਂ ਵਿਚ ਇੱਕ ਮਤ ਨਹੀਂ ਪਰ ਰਵਿਦਾਸੀ ਸੰਪ੍ਰਦਾਇ ਨਾਲ ਸੰਬੰਧਤ ਸੰਤ ਕਰਮ ਦਾਸ ਦਾ ਇੱਕ ਦੋਹਰਾ ਉਪਰੋਕਤ ਹਵਾਲੇ ਦੇ ਹੱਕ ਵਿਚ ਇੰਜ ਬੋਲਦਾ ਹੈ:-

**ਚੌਦਾਂ ਸੈ ਤੇਤੀਸ ਕੀ ਮਾਘ ਸੁਦੀ ਪੰਦ੍ਰਾਸ।**
**ਦੁਖੀਓ ਕੇ ਕਲਿਆਨ ਹਿੱਤ ਪ੍ਰਗਟੇ ਸ੍ਰੀ ਰਵਿਦਾਸ।**

ਭਗਤ ਜੀ ਦੇ ਪੁਰਖਿਆਂ ਦਾ ਸੰਬੰਧ ਅਜਿਹੇ ਪਰਿਵਾਰ ਨਾਲ ਸੀ ਜਿਸ ਨੂੰ ਸਮਾਜਿਕ ਵਰਣ-ਵੱਖਰੇਵੇਂ ਕਾਰਨ ਨੀਚ ਸਮਝ ਕੇ ਨਫ਼ਰਤ ਕੀਤੀ ਜਾਂਦੀ ਸੀ। ਇਸ ਦੀ ਪੁਸ਼ਟੀ ਉਨ੍ਹਾਂ ਨੇ ਆਪਣੀ ਬਾਣੀ ਵਿਚ ਇਸ ਤਰ੍ਹਾਂ ਕੀਤੀ ਹੈ:-

**ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ ॥**

ਪਵਿੱਤਰ ਨਦੀ ਕਰਕੇ ਪੂਜੀ ਜਾਂਦੀ ਗੰਗਾ ਦੇ ਕਿਨਾਰਿਉਂ ਕਈ ਤਰ੍ਹਾਂ ਦੀਆਂ ਵਿਚਾਰਧਾਰਵਾਂ ਪ੍ਰਚਲਿੱਤ ਹੋਈਆਂ। ਇਨ੍ਹਾਂ ਵਿਚਾਰਧਾਰਾਵਾਂ ਵਿਚੋਂ ਕੁੱਝ ਕੁ ਤਾਂ ਪੂਰਨ ਰੂਪ ਵਿਚ ਮਾਨਵ ਹਿੱਤਕਾਰੀ ਸਾਬਤ ਹੋਈਆਂ ਹਨ ਪਰ ਕੁੱਝ ਕੁ (ਕੱਟੜਵਾਦੀ ਸੁਭਾਅ ਦੀਆਂ) ਵਿਚਾਰਧਾਰਾਵਾਂ (ਜਿਵੇਂ ਕਿ ਜਾਤ-ਪਾਤ ਨਾਲ ਸੰਬੰਧਤ) ਨੇ ਸਮਾਜਿਕ ਵਿਥਾਂ ਨੂੰ ਵਧਾਉਣ ਵਿਚ ਆਪਣਾ ਨਾਂਹ ਪੱਖੀ ਰੋਲ ਅਦਾ ਕੀਤਾ।

ਭਗਤ ਰਵੀਦਾਸ ਜੀ ਦੇ ਜੀਵਨ-ਕਾਲ ਵਿਚ ਸਮਾਜ ਧਾਰਮਿਕ ਖੇਤਰ ਵਿਚ ਪੁਜਾਰੀਆਂ ਦੇ ਕਰਮਕਾਂਡ ਤੇ ਕੱਟੜਵਾਦ, ਸਮਾਜਿਕ ਪੱਧਰ ਉੱਤੇ ਵਰਣ-ਵੰਡ ਤੇ ਜਾਤਿ-ਪਾਤਿ ਦੀ ਮਨੁੱਖੀ ਵੰਡ ਅਤੇ ਰਾਜਨੀਤਿਕ ਅਤੇ ਆਰਥਿਕ ਪੱਖੋਂ ਬਿਗਾਨੀ (ਵਿਦੇਸ਼ੀ) ਹਕੂਮਤ ਹੋਣ ਕਰਕੇ ਸੰਤੁਲਿਤ ਨਹੀਂ ਸੀ ਹਾਲਾਤ ਇਹ ਸੀ ਕਿ ਆਮ-ਜਨਤਾ ਵਿਦੇਸ਼ੀ ਰਾਜ ਦੇ ਡਰ ਅਤੇ ਪੁਜਾਰੀ ਸ਼੍ਰੇਣੀ ਦੀ ਨਫ਼ਰਤ ਕਾਰਨ ਸਾਹ-ਸਤ ਹੀਣ ਹੋ ਚੁੱਕੀ ਸੀ ਅਤੇ ਮਾਨ-ਸਨਮਾਨ ਵਾਲੀ ਜ਼ਿੰਦਗੀ ਜਿਉਣ ਦੀ ਜਾਚ ਭੁੱਲ ਚੁੱਕੀ ਸੀ। ਜਨਤਾ ਦੇ ਇਸ ਧ੍ਰੂ-ਘਸੀਟ ਵਾਲੇ ਜੀਵਨ ਬਾਰੇ ਬਾਬਾ ਰਵੀਦਾਸ ਜੀ ਲਿਖਦੇ ਹਨ:-

**ਜਾਤੀ ਓਛਾ ਪਾਤੀ ਓਛਾ ਓਛਾ ਜਨਮੁ ਹਮਾਰਾ ॥**

ਜਿਥੋਂ ਤੱਕ ਭਗਤ ਰਵੀਦਾਸ ਜੀ ਦੀ ਫ਼ਿਲਾਸਫੀ ਦਾ ਸੰਬੰਧ ਹੈ ਉਸ ਨੂੰ ਪੜ੍ਹ-ਸੁਣ ਕੇ ਕਈ ਹੈਰਾਨੀਜਨਕ ਭਾਵ ਉਪਜਦੇ ਹਨ। ਉਨ੍ਹਾਂ ਦੇ ਸਮਕਾਲੀ ਸ਼ਾਸਕਾਂ ਤੇ ਠਾਕੁਰਾਂ ਦਾ ਸੁਭਾਅ

**ਰਮੇਸ਼ ਬੱਗਾ ਚੋਹਲਾ**

ਨਿਰਦਈ ਅਤੇ ਜ਼ਾਲਮਾਨਾ ਸੀ। ਪੰਡਤਾਂ ਅਤੇ ਮੁਲਾਣਿਆਂ ਦਾ ਵਰਗ ਕਰਮ-ਕਾਂਡਾਂ ਵਿਚ ਬੱਝਿਆ ਹੋਇਆ ਸੀ ਜੇਕਰ ਕੋਈ ਨੀਵੀਂ ਜਾਤ ਵਾਲਾ ਵਿਅਕਤੀ ਇਨ੍ਹਾਂ ਦੀ ਹੁਕਮ- ਅਦੂਲੀ ਕਰਦਾ ਸੀ ਤਾਂ ਉਸ ਨੂੰ ਆਪਣੀ ਜ਼ਿੰਦਗੀ ਤੋਂ ਹੱਥ ਧੋਣੇ ਪੈ ਜਾਂਦੇ ਸਨ। ਜਿਥੇ ਸ਼ਾਸਕ ਸ਼੍ਰੇਣੀ ਸ਼ਸਤਰਧਾਰੀ ਤੇ ਧੰਨਵਾਨ ਹੋਣ ਕਰਕੇ ਅਸੀਮ ਸ਼ਕਤੀ ਦੀ ਮਾਲਿਕ ਸੀ ਉਥੇ ਰਵੀਦਾਸ ਜੀ ਕੋਲ ਇਸ ਸ਼ਕਤੀ ਦਾ ਮੁਕਾਬਲਾ ਕਰਨ ਲਈ ਨਾ ਤਾਂ ਹਾਥੀ ਘੋੜੇ ਸਨ ਅਤੇ ਨਾ ਹੀ ਕੋਈ ਸਿਖਲਾਈਯੁਕਤ ਹਥਿਆਰਬੰਦ ਫੌਜ। ਪਰ ਜਿਸ ਦਲੇਰੀ ਤੇ ਹੌਂਸਲੇ ਵਾਲੇ ਢੰਗ ਨਾਲ ਉਹ ਗੁੰਮਰਾਹਕੁੰਨ ਫੋਕੇ ਕਰਮਕਾਂਡਾਂ ਨੂੰ ਨਕਾਰਦੇ ਹਨ ਉਸ ਨੂੰ ਬਹੁਤ ਹੀ ਕਾਬਲ-ਏ-ਤਰੀਫ਼ ਅਤੇ ਨਿਵੇਕਲੀ ਪਹੁੰਚ ਵਾਲਾ ਕਿਹਾ ਜਾ ਸਕਦਾ ਹੈ ਆਪਣੀ ਅਤੇ ਆਪਣੇ ਭਾਈਚਾਰੇ ਦੀ ਇਸ ਤਰਸੀਲੀ ਹਾਲਤ ਨੂੰ ਬਿਆਨ ਕਰਦੇ ਹੋਏ ਭਗਤ ਜੀ ਲਿਖਦੇ ਹਨ:-

**ਦਾਰਿਦੁ ਦੇਖਿ ਸਭ ਕੋ ਹਸੈ ਐਸੀ ਦਸਾ ਹਮਾਰੀ ॥**

ਭਗਤ ਰਵੀਦਾਸ ਜੀ ਦੇ ਜੀਵਨ-ਦਰਸ਼ਨ ਦੀ ਇਹ ਵਿਸ਼ੇਸ਼ਤਾ ਹੈ ਕਿ ਆਪਣੇ ਸਮਕਾਲੀ



ਸਮਾਜ ਦੇ ਸ਼ਾਸਕ ਵਰਗ ਦੀ ਜ਼ਾਲਮਾਨਾ ਰੁਚੀ ਅਤੇ ਪੁਜਾਰੀ ਸ਼੍ਰੇਣੀ ਦੇ ਹੰਕਾਰੀ ਵਤੀਰੇ ਨੂੰ ਰੱਦ ਕਰਦਿਆਂ ਨਾ ਤਾਂ ਉਨ੍ਹਾਂ ਨੇ ਕਿਸੇ ਹਿੰਸਾਤਮਕ ਵਿਹਾਰ ਦੀ ਵਕਾਲਤ ਕੀਤੀ ਹੈ ਅਤੇ ਨਾ ਹੀ ਕਿਸੇ ਕੌੜੀ ਭਾਵਨਾ ਵਾਲੀ ਸ਼ਬਦਾਵਲੀ ਦਾ ਪ੍ਰਯੋਗ। ਆਪਣੀ ਭਗਤੀ-ਭਾਵਨਾ ਅਤੇ ਕਰਮਸ਼ੀਲ-ਵਿਹਾਰ ਨਾਲ ਉਨ੍ਹਾਂ ਨੇ ਆਪਣੇ ਜੀਵਨ ਨੂੰ ਇਨ੍ਹਾਂ ਉੱਚਾ ਤੇ ਸੁੱਚਾ ਬਣਾ ਲਿਆ ਸੀ ਕਿ ਕਈ ਰਾਜੇ-ਰਾਣਿਆਂ ਅਤੇ ਪੁਜਾਰੀਆਂ ਨੂੰ ਉਨ੍ਹਾਂ ਦੇ ਚਰਨਾਂ ਉਪਰ ਆਪਣੇ ਸੀਸ ਨੂੰ ਝੁਕਾ ਦਿੱਤਾ। ਇਸ ਗੱਲ ਦੀ ਗਵਾਹੀ ਗੁਰੂ ਗ੍ਰੰਥ ਸਾਹਿਬ ਵਿਚਲੀ ਉਨ੍ਹਾਂ ਦੀ ਬਾਣੀ ਇਸ ਪ੍ਰਕਾਰ ਦਿੰਦੀ ਹੈ:

**ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ ਤੇਰੇ ਨਾਮ ਸਰਣਾਇ ਰਵਿਦਾਸ ਦਾਸਾ ॥**

ਆਪਣੇ ਉਦੇਸ਼ ਦੀ ਪੂਰਤੀ ਲਈ ਪ੍ਰੇਮ-ਪਿਆਰ ਦੀ ਜੁਗਤ ਨੂੰ ਵਰਤਣ ਵਾਲੇ ਬਾਬਾ ਰਵੀਦਾਸ ਜੀ ਮਨੁੱਖਤਾ ਨੂੰ ਇੱਕ ਅਜਿਹੇ ਸ਼ਹਿਰ ਦੀ ਵਾਸੀ ਬਣਾਉਣਾ ਚਾਹੁੰਦੇ ਹਨ ਜਿਸ ਨੂੰ ਬੇਗ਼ਮਪੁਰੇ ਦੇ ਨਾਂਅ ਨਾਲ ਜਾਣਿਆਂ ਜਾਂਦਾ ਹੈ। ਇਹ ਸ਼ਹਿਰ ਦੁਨਿਆਵੀ ਫ਼ਿਕਰ-ਫਾਕਿਆਂ ਤੋਂ ਰਹਿਤ ਹੋਣ ਦੇ ਨਾਲ-ਨਾਲ ਦੁੱਖਾਂ-ਤਕਲੀਫ਼ਾਂ ਅਤੇ ਲੁੱਟ-ਘਸੁੱਟ ਦੇ ਮਨੋਰਥ ਨਾਲ ਲਗਾਏ ਜਾਂਦੇ ਟੈਕਸਾਂ ਤੋਂ ਵੀ ਮੁਕਤ ਹੈ। ਇਸ ਸ਼ਹਿਰ ਦਾ ਜ਼ਿਕਰ ਆਪਣੀ ਬਾਣੀ ਵਿਚ ਉਹ ਇਸ ਤਰ੍ਹਾਂ ਕਰਦੇ ਹਨ:

**ਬੇਗਮ ਪੁਰਾ ਸਹਰ ਕੋ ਨਾਉ ॥**
**ਦੂਖੁ ਅੰਦੋਹੁ ਨਹੀ ਤਿਹਿ ਠਾਉ ॥**
**ਨਾਂ ਤਸਵੀਸ ਖਿਰਾਜੁ ਨ ਮਾਲੁ ॥**
**ਖਉਫੁ ਨਾ ਖਤਾ ਨ ਤਰਸੁ ਜਵਾਲੁ ॥**

ਭਗਤ ਰਵੀਦਾਸ ਜੀ ਮਨੁੱਖੀ ਬਰਾਬਰੀ ਵਾਲੇ ਸਮਾਜ ਦੇ ਹਾਮੀ ਹਨ ਅਤੇ ਇੱਕ ਅਜਿਹੇ ਰਾਜ ਦੀ ਕਲਪਨਾ ਕਰਦੇ ਹਨ ਜਿਥੇ ਛੋਟੇ-ਵੱਡੇ ਸਾਰੇ ਇੱਕ ਸਮਾਨ ਰਹਿੰਦੇ ਹੋਏ ਲੋੜ ਅਨੁਸਾਰ ਪ੍ਰਸ਼ਾਦੇ-ਪਾਣੀ ਦਾ ਆਨੰਦ ਮਾਣ ਸਕਣ ਅਤੇ ਬਰਾਬਰਤਾ ਦੇ ਅਹਿਸਾਸ ਨਾਲ ਆਪਣਾ ਜੀਵਨ ਬਸਰ ਕਰ ਸਕਣ।

ਭਗਤ ਜੀ ਦਾ ਜਨਮ ਭਾਵੇਂ (ਉਸ ਸਮੇਂ) ਨੀਵੀਂ ਸਮਝੀ ਜਾਂਦੀ ਚਮਾਰ ਜਾਤੀ ਵਿਚ ਹੋਇਆ ਹੈ ਪਰ ਉਨ੍ਹਾਂ ਨੂੰ ਇਸ ਗੱਲ ਦਾ ਕਿਤੇ ਰਤੀ ਭਰ ਵੀ ਅਫ਼ਸੋਸ ਨਹੀਂ ਹੈ। ਸਗੋਂ ਉਹ ਤਾਂ ਬੜੇ ਮਾਣ ਨਾਲ ਕਹਿੰਦੇ ਹਨ:-

**ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ ॥**

ਇਸ ਤਰ੍ਹਾਂ ਦਾ ਅਫਸੋਸ ਨਾ ਕਰਨ ਦੀ ਵਜ੍ਹਾ ਵੀ ਉਨ੍ਹਾਂ ਦੀ ਸਮਵਰਤੀ ਸੋਚ ਦਾ ਦਾ ਹੀ ਹਿੱਸਾ ਹੈ ਜੋ ਕਹਿੰਦੀ ਹੈ :-

**ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋਗਵੈ ਸੋਈ ॥**

ਮਨੁੱਖੀ-ਜੀਵਨ ਦੀ ਉੱਤਮਤਾ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਭਗਤ ਜੀ ਕਹਿੰਦੇ ਹਨ ਕਿ ਬੇਸ਼ਕੀਮਤੀ ਹੋਣ ਦੇ ਨਾਲ-ਨਾਲ ਮਨੁੱਖੀ-ਜੀਵਨ ਦੁਰਲੱਭ ਵੀ ਹੈ ਇਸ ਕਰਕੇ ਇਸ ਜੀਵਨ ਨੂੰ ਵਿਅਰਥ ਦੇ ਕਾਰਜਾਂ ਵਿਚ ਨਹੀਂ ਲਗਾਈ ਰੱਖਣਾ ਚਾਹੀਦਾ ਸਗੋਂ ਇਸ ਨੂੰ ਸਹੀ ਤੇ ਸੁਚੱਜੇ ਢੰਗ ਨਾਲ ਬਤੀਤ ਕਰਨਾ ਚਾਹੀਦਾ ਹੈ। ਉਨ੍ਹਾਂ ਦਾ ਫੁਰਮਾਨ ਹੈ:-

**ਦੁਲਭ ਜਨਮੁ ਪੁੰਨ ਫਲ ਪਾਇਓ ਬਿਰਥਾ ਜਾਤ ਅਬਿਬੇਕੈ ॥**

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਗਤ ਰਵੀਦਾਸ ਜੀ ਨੂੰ ਰੱਜਵਾਂ ਮਾਣ-ਸਤਿਕਾਰ ਦਿੰਦੇ ਹੋਏ ਉਨ੍ਹਾਂ ਦੇ 40 ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਕੀਤੇ ਹਨ। ਇਨ੍ਹਾਂ ਸ਼ਬਦਾਂ ਵਿਚ ਜਿਥੇ ਭਗਤ ਜੀ ਨੇ ਆਪਣੇ ਸਮਕਾਲੀ ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਹਾਲਤਾਂ ਦਾ ਬਾਖੂਬੀ ਚਿਤਰਣ ਕੀਤਾ ਹੈ ਉਥੇ ਸੱਚੀ-ਸੁੱਚੀ ਕਾਰ-ਵਿਹਾਰ ਰਾਹੀਂ ਰੱਬੀ ਨੇੜਤਾ/ਇੱਕਮਿਕਤਾ ਹਾਸਲ ਕਰਨ ਦੀ ਜੁਗਤ (ਪ੍ਰੇਮਾ-ਭਗਤੀ) ਵੀ ਬਿਆਨ ਕੀਤੀ ਹੈ। ਇਸ ਜੁਗਤ ਨੂੰ ਅਪਨਾ ਕੋਈ ਵੀ ਮਨੁੱਖ ਪਰਮ-ਪਿਤਾ ਪਰਮਾਤਮਾ ਦੀਆਂ ਬਖ਼ਸ਼ਿਸ਼ਾਂ ਦਾ ਪਾਤਰ ਬਣ ਸਕਦਾ ਅਤੇ ਆਪਣੇ ਲੋਕ ਤੇ ਪ੍ਰਲੋਕ ਨੂੰ ਸੰਵਾਰ ਸਕਦਾ ਹੈ। ਆਓ! ਆਪਾਂ ਵੀ ਅੱਜ ਗੁਰੂ/ਭਗਤ ਰਵੀਦਾਸ ਜੀ ਵੱਲੋਂ ਦਰਸਾਏ ਮਾਰਗ 'ਤੇ ਚੱਲ ਕੇ ਉਨ੍ਹਾਂ ਦੀ ਪਵਿੱਤਰ ਅਤੇ ਸਰਬ-ਕਲਿਆਣੀ ਸੋਚ ਦੇ ਭਾਗੀਦਾਰ ਬਣੀਏ ਅਤੇ ਜਾਤ-ਪਾਤ ਰਹਿਤ ਸਮਾਜਿਕ-ਪ੍ਰਬੰਧ ਦੀ ਉਸਾਰੀ ਵਿਚ ਆਪਣਾ ਬਣਦਾ ਯੋਗਦਾਨ ਪਾਈਏ।




ਕਮਿਊਨਿਟੀ ਦੇ ਨਿਸ਼ਕਾਮ ਸੇਵਾਦਾਰ ਦਹਾਕਿਆਂ ਤੋਂ ਕੌਮ ਦੀ ਸਮਾਜ ਦੀ ਸੇਵਾ ਕਰਦੇ ਆ ਰਹੇ ਅਮਰੀਕਾ ਦੇ ਉਘੇ ਬਿਜ਼ਨਸਮੈਨ

ਸ੍ਰੀ ਰਾਮ ਸਰੋਏ, ਸ੍ਰੀ ਸਤਿੰਦਰ ਸਰੋਏ ਅਤੇ ਸਰੋਏ ਪਰਿਵਾਰ

ਚੇਅਰਮੈਨ ਡਾਕਟਰ ਅੰਬੇਦਕਰ ਐਜੂਕੇਸ਼ਨ ਏਡ ਸੁਸਾਇਟੀ, ਸੀਨੀਅਰ ਸੁਪਰੀਮ ਕੌਂਸਲ ਮੈਂਬਰ

ਸ੍ਰੀ ਗੁਰੂ ਰਵੀਦਾਸ ਸਭਾ (ਯੂ.ਐਸ.ਏ.) ਸਾਬਕਾ ਚੇਅਰਮੈਨ ਸ੍ਰੀ ਗੁਰੂ ਰਵੀਦਾਸ ਸਭਾ ਬੇ-ਏਰੀਆ ਕੈਲੀਫੋਰਨੀਆ

ਬ੍ਰਹਮਨ ਬੈਸ ਸੂਦ ਅਰੁ ਖਤ੍ਰੀ, ਡੋਮ ਚੰਡਾਰ, ਮਲੇਛ ਮਨ ਸੋਇ ॥
ਹੋਇ ਪੁਨੀਤ ਭਗਵੰਤ ਭਜਨ ਤੇ, ਆਪ ਤਾਰਿ ਤਾਰੇ ਕੁਲ ਦੋਇ ॥

## ਧੰਨ ਧੰਨ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 649ਵੇਂ ਪਾਵਨ ਪਵਿੱਤਰ ਪ੍ਰਕਾਸ਼ ਦਿਵਸ ਦੀਆਂ ਸਮੂਹ ਲੋਕਾਈ ਨੂੰ

# ਲੱਖ-ਲੱਖ ਵਧਾਈਆਂ



# A&I Trucking Co.

## 123 E. Lee Road Watsonville, CA

# Ph: 931-247-4637



ਅਮੋਲਕ ਸਿੰਘ ਗਾਖਲ



ਇਕਬਾਲ ਸਿੰਘ ਗਾਖਲ



ਪਲਵਿੰਦਰ ਸਿੰਘ ਗਾਖਲ



Gurvinder Singh Gakhal



Paramvir Singh Gakhal



Jaskaran Singh Gakhal



Karamvir Singh Gakhal



Amarvir Singh Gakhal

ਆਓ ਸਰਬੱਤ ਦੇ ਭਲੇ ਦੇ ਧਾਰਨੀ ਬਣੀਏ ਸਰਬਸਾਂਝੀ ਗੁਰਬਾਣੀ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗੀਏ, ਕਮਿਊਨਿਟੀ ਦੇ ਨਿਸ਼ਕਾਮ ਸੇਵਕ, ਖੇਡਾਂ ਨੂੰ ਦੁਨੀਆਂ ਭਰ ਵਿਚ ਪ੍ਰਮੋਟ ਕਰਨ ਵਾਲੇ, ਪੰਜਾਬੀ ਬੋਲੀ ਅਤੇ ਪੰਜਾਬੀ ਸਭਿਆਚਾਰ ਦੇ ਸੱਚੇ ਸੇਵਾਦਾਰ ਪੰਜਾਬ ਦੀ ਧਰਤੀ ਉਪਰ ਨਸ਼ਿਆਂ ਵਿਰੁੱਧ ਵਿਆਪਕ ਲਹਿਰ ਛੇੜਨ ਵਾਲੇ ਗੋਲਡਨ ਜਿਮ ਅਤੇ ਏ ਐਂਡ ਆਈ ਟਰੱਕਿੰਗ ਕੈਲੀਫੋਰਨੀਆ ਦੇ ਮਾਲਕ

# ਗਾਖਲ ਬ੍ਰਦਰਜ਼

## ਅਮੋਲਕ ਸਿੰਘ ਗਾਖਲ, ਇਕਬਾਲ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ

ਤੋਹੀ ਮੋਹੀ ਮੋਹੀ ਤੋਹੀ ਅੰਤਰ ਕੈਸਾ ॥ ਕਨਕ ਕਟਿਕ ਜਲ ਤਰੰਗ ਜੈਸਾ ॥



# ਧੰਨ ਧੰਨ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 649ਵੇਂ ਪਾਵਨ ਪਵਿੱਤਰ ਪ੍ਰਕਾਸ਼ ਦਿਵਸ ਦੀਆਂ ਸਮੂਹ ਲੋਕਾਈ ਨੂੰ

## ਲੱਖ-ਲੱਖ ਵਧਾਈਆਂ



Jugraj Singh Sahota
President United Sports Club USA



Late : S. Kashmir Singh Sahota

ਸਹੋਤਾ ਪਰਿਵਾਰ ਵਲੋਂ ਯੂਨਾਈਟਿਡ ਸਪੋਰਟਸ ਕਲੱਬ ਵਲੋਂ ਕਰਵਾਏ ਜਾਂਦੇ ਸਲਾਨਾ ਕਬੱਡੀ ਵਰਲਡ ਕੱਪ ਵਿਚ ਆਪਣੇ ਪਿਤਾ ਸ. ਕਸ਼ਮੀਰ ਸਿੰਘ ਸਹੋਤਾ ਦੀ ਯਾਦ ਵਿਚ ਦੂਜਾ ਵੱਡਾ ਇਨਾਮ ਦਿੱਤਾ ਜਾਂਦਾ ਹੈ।



Narinder Singh Sahota
Joint Finance Secretary
United Sports Club USA

# J & N Petroleum inc. Sahota Petroleum inc

ਅਮਰੀਕਾ ਦੇ ਉਘੇ ਨੌਜਵਾਨ ਸਿੱਖ ਆਗੂ ਪੰਜਾਬੀ ਕੱਲਚਰ ਅਤੇ ਖੇਡਾਂ ਨੂੰ ਅਮਰੀਕਾ 'ਚ ਤਨ, ਮਨ, ਧਨ ਨਾਲ ਪ੍ਰਮੋਟ ਕਰਨ ਵਾਲੇ ਕੈਲੀਫੋਰਨੀਆ ਦੇ ਪ੍ਰਸਿੱਧ ਬਿਜਨਸਮੈਨ ਅਤੇ ਯੂਨਾਈਟਿਡ ਸਪ੍ਰੋਟਸ ਕਲੱਬ ਕੈਲੀਫੋਰਨੀਆ ਦੇ ਪ੍ਰਧਾਨ

## ਸ. ਜੁਗਰਾਜ ਸਿੰਘ ਸਹੋਤਾ ਤੇ ਸ. ਨਰਿੰਦਰ ਸਿੰਘ ਸਹੋਤਾ

ਸਮੂਹ ਸਹੋਤਾ ਪਰਿਵਾਰ


ਤੋਹੀ ਮੋਹੀ ਮੋਹੀ ਤੋਹੀ ਅੰਤਰ ਕੈਸਾ ॥ ਕਨਕ ਕਟਿਕ ਜਲ ਤਰੰਗ ਜੈਸਾ ॥
ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ
ਹਰਿ
ਧੰਨ ਧੰਨ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 649ਵੇਂ
ਪਾਵਨ ਪਵਿੱਤਰ ਪ੍ਰਕਾਸ਼ ਦਿਵਸ ਦੀਆਂ ਸਮੂਹ ਲੋਕਾਈ ਨੂੰ
ਲੱਖ-ਲੱਖ ਵਧਾਈਆਂ
ਬੋਪਾਰਾਏ ਬ੍ਰਦਰਜ਼
ਜਸਵਿੰਦਰ ਸਿੰਘ ਬੋਪਾਰਾਏ, ਗੁਰਦੇਵ ਸਿੰਘ ਬੋਪਾਰਾਏ
ਮਲਕੀਤ ਸਿੰਘ ਬੋਪਾਰਾਏ, ਦਲਬੀਰ ਸਿੰਘ ਬੋਪਰਾਏ
1033. W Charter Way Stockton CA 95206 (1-5 Hwy4)

ਬ੍ਰਹਮਨ ਬੈਸ ਸੂਦ ਅਰੁ ਖਤ੍ਰੀ, ਡੋਮ ਚੰਡਾਰ, ਮਲੇਛ ਮਨ ਸੋਇ ॥
ਹੋਇ ਪੁਨੀਤ ਭਗਵੰਤ ਭਜਨ ਤੇ, ਆਪ ਤਾਰਿ ਤਾਰੇ ਕੁਲ ਦੋਇ ॥





ਭਗਤ ਰਵਿਦਾਸ ਜੀ
ਦੇ 649ਵੇਂ
ਆਗਮਨ ਪੁਰਬ ਦੀਆਂ
ਲੱਖ-ਲੱਖ
ਵਧਾਈਆਂ

ਅਮਰੀਕਾ ਦੇ ਉਘੇ ਸਿੱਖ ਆਗੂ ਅਤੇ ਕੈਲੀਫੋਰਨੀਆ ਤੋਂ ਪੰਥਕ ਆਵਾਜ਼
ਸ:ਹਰਮਿੰਦਰ ਸਿੰਘ ਸਮਾਣਾ
(209) 481-7750

# ਸ਼ਹੀਦ ਜੋਬਨਪ੍ਰੀਤ ਦਾ ਸਰਕਾਰੀ ਸਨਮਾਨ ਨਾਲ ਸਸਕਾਰ

## ਪਿਤਾ ਨੇ ਆਪਣੀ ਫ਼ੌਜੀ ਵਰਦੀ ਪਾ ਕੇ ਪੁੱਤਰ ਨੂੰ ਅੰਤਿਮ ਵਿਦਾਇਗੀ ਦਿੱਤੀ, ਮੰਗੇਤਰ ਵੱਲੋਂ ਸ਼ਰਧਾਂਜਲੀ ਭੇਟ



ਰੂਪਨਗਰ : ਜੰਮੂ-ਕਸ਼ਮੀਰ ਦੇ ਡੋਡਾ ਜ਼ਿਲ੍ਹੇ ਵਿੱਚ ਡਿਊਟੀ ਦੌਰਾਨ ਸੜਕ ਹਾਦਸੇ ਵਿੱਚ ਸ਼ਹੀਦ ਹੋਏ ਭਾਰਤੀ ਫ਼ੌਜ ਦੇ ਜਵਾਨ ਜੋਬਨਪ੍ਰੀਤ ਸਿੰਘ (23) ਵਾਸੀ ਗੋਬਿੰਦ ਵੈਲੀ ਦਾ ਅੱਜ ਇੱਥੇ ਗਊਸ਼ਾਲਾ ਰੋਡ ਸਥਿਤ ਸ਼ਮਸ਼ਾਨਘਾਟ ਵਿੱਚ ਬਾਅਦ ਦੁਪਹਿਰ ਸਰਕਾਰੀ ਸਨਮਾਨਾਂ ਨਾਲ ਸਸਕਾਰ ਕੀਤਾ ਗਿਆ। ਜੋਬਨਪ੍ਰੀਤ ਸਿੰਘ ਦਾ ਅਗਲੇ ਮਹੀਨੇ ਵਿਆਹ ਸੀ ਅਤੇ ਅੱਜ ਉਸ ਦੀ ਮੰਗੇਤਰ ਵੀ ਸਸਕਾਰ ਦੀਆਂ ਰਸਮਾਂ ਵਿੱਚ ਸ਼ਰੀਕ ਹੋਈ। ਸਾਲ 2019 ਵਿੱਚ ਭਰਤੀ ਹੋਇਆ ਜੋਬਨਪ੍ਰੀਤ ਸਿੰਘ 4 ਆਰ ਆਰ ਵਿੱਚ ਤਾਇਨਾਤ ਸੀ। ਅੱਜ ਫ਼ੌਜੀ ਅਧਿਕਾਰੀਆਂ ਤੇ ਜਵਾਨਾਂ ਵੱਲੋਂ ਜੋਬਨਪ੍ਰੀਤ ਦੀ ਦੇਹ ਨੂੰ ਉਸ ਦੇ ਘਰ ਲਿਆਂਦਾ ਗਿਆ ਅਤੇ ਅੰਤਿਮ ਰਸਮਾਂ ਉਪਰੰਤ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਤੋਂ ਹੁੰਦੇ ਹੋਏ ਗਊਸ਼ਾਲਾ ਰੋਡ ਸਥਿਤ ਸ਼ਮਸ਼ਾਨਘਾਟ ਵਿੱਚ ਸਸਕਾਰ ਕੀਤਾ ਗਿਆ। ਇਸ ਦੌਰਾਨ ਮ੍ਰਿਤਕ ਦੇ ਪਿਤਾ ਬਲਵੀਰ ਸਿੰਘ ਨੇ ਆਪਣੀ ਪੁਰਾਣੀ ਫ਼ੌਜੀ ਵਰਦੀ ਪਾ ਕੇ ਜਦੋਂ ਆਪਣੇ ਪੁੱਤਰ ਨੂੰ ਅੰਤਿਮ ਵਿਦਾਇਗੀ ਲਈ ਸਲੂਟ ਮਾਰਿਆ ਤਾਂ ਸਸਕਾਰ ਮੌਕੇ ਹਜ਼ਾਰਾਂ ਦੀ ਗਿਣਤੀ ਵਿੱਚ ਪੁੱਜੇ ਲੋਕਾਂ ਦੀਆਂ ਅੱਖਾਂ ਨਮ ਹੋ ਗਈਆਂ। ਇਸ ਮੌਕੇ ਵਿਧਾਇਕ ਦਿਨੇਸ਼ ਚੱਢਾ, ਡਿਪਟੀ ਕਮਿਸ਼ਨਰ ਅਦਿੱਤਿਆ ਡਚਲਵਾਲ, ਡੀ ਐੱਸ ਪੀ ਰਾਜਪਾਲ ਸਿੰਘ ਅਤੇ ਪਰਿਵਾਰਕ ਮੈਂਬਰਾਂ ਸਮੇਤ ਫ਼ੌਜੀ ਅਧਿਕਾਰੀਆਂ ਨੇ ਦੇਹ 'ਤੇ ਰੀਥ ਚੜ੍ਹਾਉਣ ਉਪਰੰਤ ਸਲੂਟ ਮਾਰ ਕੇ ਸਲਾਮੀ ਦਿੱਤੀ। ਸ਼ਹੀਦ ਦੇ ਪਿਤਾ ਬਲਬੀਰ ਸਿੰਘ ਨੇ ਦੱਸਿਆ ਕਿ ਜੋਬਨਪ੍ਰੀਤ ਸਿੰਘ ਉਸ ਦਾ ਇਕਲੌਤਾ ਲੜਕਾ ਸੀ, ਜਿਸ ਦਾ ਅਗਲੇ ਮਹੀਨੇ ਵਿਆਹ ਰੱਖਿਆ ਹੋਇਆ ਸੀ। ਉਨ੍ਹਾਂ ਕਿਹਾ ਕਿ ਪੁੱਤਰ ਦੇ ਸ਼ਹੀਦ ਹੋਣ ਦੀ ਖ਼ਬਰ ਸੁਣ ਕੇ ਉਹ ਬਹੁਤ ਟੁੱਟ ਗਿਆ ਸੀ ਪਰ ਜਦੋਂ ਉਸ ਨੇ ਆਪਣੀ ਫ਼ੌਜ ਸਮੇਂ ਦੀ ਵਰਦੀ ਪਾਈ ਤਾਂ ਭਾਰਤ ਮਾਤਾ ਨੇ ਉਸ ਨੂੰ ਬਹੁਤ ਹੌਸਲਾ ਦਿੱਤਾ। ਉਹ ਆਪਣੇ ਪੁੱਤਰ ਦੀ ਤਰ੍ਹਾਂ ਦੇਸ਼ ਲਈ ਸ਼ਹੀਦ ਹੋਏ ਸਮੂਹ ਜਵਾਨਾਂ ਨੂੰ ਸਿਜਦਾ ਕਰਦਾ ਹੈ। ਇਸ ਮੌਕੇ ਵੱਡੀ ਗਿਣਤੀ ਵਿੱਚ ਵੱਖ-ਵੱਖ ਸਿਆਸੀ, ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਦੇ ਮੈਂਬਰ ਹਾਜ਼ਰ ਸਨ।

# ਲਵਾਰਸ-ਬੇਘਰ ਬਜ਼ੁਰਗਾਂ ਤੇ ਮਰੀਜ਼ਾਂ ਦੀ ਸੇਵਾ ਕਰਨ ਵਾਲੇ ਡਾ. ਨੌਰੰਗ ਸਿੰਘ ਮਾਂਗਟ ਨੂੰ ਸਰਕਾਰ ਨੇ ਕੀਤਾ ਸਨਮਾਨਿਤ




ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਤੋਂ ਸਨਮਾਨ ਪ੍ਰਾਪਤ ਕਰਦੇ ਹੋਏ ਡਾ. ਨੌਰੰਗ ਸਿੰਘ ਮਾਂਗਟ ਅਤੇ ਨਾਲ ਖੜ੍ਹੀਆਂ ਹੋਰ ਨਾਮਵਰ ਸ਼ਖ਼ਸੀਅਤਾਂ

ਚੰਡੀਗੜ੍ਹ : ਮੁਹਾਲੀ ਵਿਖੇ ਹੋਏ “ਸਾਡੇ ਬਜ਼ੁਰਗ ਸਾਡਾ ਮਾਣ” ਰਾਜ ਪੱਧਰੀ ਸਮਾਗਮ ਵਿੱਚ ਲਾਵਾਰਸ-ਬੇਘਰ ਬਜ਼ੁਰਗਾਂ ਤੇ ਮਰੀਜ਼ਾਂ ਦੀ ਸੇਵਾ-ਸੰਭਾਲ ਕਰਨ ਵਾਲੇ ਡਾ. ਨੌਰੰਗ ਸਿੰਘ ਮਾਂਗਟ ਨੂੰ ਪੰਜਾਬ ਦੇ ਸਮਾਜਿਕ ਸੁਰੱਖਿਆ ਕੈਬਨਿਟ ਮੰਤਰੀ ਮਾਨਯੋਗ ਡਾ. ਬਲਜੀਤ ਕੌਰ ਵੱਲੋਂ ਸਰਟੀਫਿਕੇਟ ਤੇ ਸ਼ਾਲ ਦੇ ਕੇ ਸਨਮਾਨਤ ਕੀਤਾ ਗਿਆ। ਗੁਰੂ ਅਮਰ ਦਾਸ ਅਪਾਹਜ ਆਸ਼ਰਮ ਦੇ ਫ਼ਾਊਂਡਰ ਤੇ ਪ੍ਰਧਾਨ ਡਾ. ਨੌਰੰਗ ਸਿੰਘ ਮਾਂਗਟ ਨੂੰ ਇਹ ਪੁਰਸਕਾਰ ਉਹਨਾਂ ਵੱਲੋਂ ਪਿਛਲੇ 21 ਸਾਲਾਂ ਤੋਂ ਲਾਵਾਰਸ-ਬੇਘਰ ਬਜ਼ੁਰਗਾਂ ਤੇ ਮਰੀਜ਼ਾਂ ਦੀ ਲਗਾਤਾਰ ਕੀਤੀ ਜਾ ਰਹੀ ਨਿਰਸਵਾਰਥ ਸੇਵਾ ਨੂੰ ਮੁੱਖ ਰੱਖਦੇ ਹੋਏ ਦਿੱਤਾ ਗਿਆ।

ਪੁਰਸਕਾਰ ਦੇਣ ਸਮੇਂ ਕੈਬਨਿਟ ਮੰਤਰੀ ਮਾਨਯੋਗ ਡਾ. ਬਲਜੀਤ ਕੌਰ ਤੋਂ ਇਲਾਵਾ ਉਹਨਾਂ ਨਾਲ ਪੰਜਾਬ ਦੇ ਐਡੀਸ਼ਨਲ ਚੀਫ਼ ਸੈਕਟਰੀ ਸ੍ਰੀ ਵਿਕਾਸ ਪ੍ਰਤਾਪ ਸਿੰਘ, ਐਮ.ਐਲ. ਏ. ਸ. ਕੁਲਜੀਤ ਸਿੰਘ ਰੰਧਾਵਾ, ਰਾਜ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਰਾਜ ਲਾਲੀ ਗਿੱਲ, ਡਿਪਟੀ ਕਮਿਸ਼ਨਰ ਸ੍ਰੀ ਮਤੀ ਕੋਮਲ ਮਿੱਤਲ, ਜੁਆਇੰਟ ਸੈਕਟਰੀ ਸਮਾਜਿਕ ਸੁਰੱਖਿਆ ਅਨੰਦ ਸਾਗਰ, ਜੁਆਇੰਟ ਡਾਇਰੈਕਟਰ ਸ. ਚਰਨਜੀਤ ਸਿੰਘ ਮਾਨ, ਲੁਧਿਆਣਾ ਜਿਲ੍ਹਾ ਦੇ ਸਮਾਜਿਕ ਤੇ ਭਲਾਈ ਅਫ਼ਸਰ ਸ. ਵਰਿੰਦਰ ਸਿੰਘ ਟਿਵਾਣਾ ਅਤੇ ਪੰਜਾਬ ਸਰਕਾਰ ਦੇ ਹੋਰ ਬਹੁਤ ਸਾਰੇ ਸੀਨਅਰ ਅਫਸਰ ਅਤੇ ਨਾਮਵਰ ਸਖਸ਼ੀਅਤਾਂ ਮੌਜੂਦ ਸਨ। ਇਸ ਮੌਕੇ ਪੰਜਾਬ ਦੇ ਕੁੱਝ ਹੋਰ ਜ਼ਿਲ੍ਹਿਆਂ ਦੇ ਨਿਸ਼ਕਾਮ ਸੇਵਾ ਕਰਨ ਵਾਲੇ ਵਿਅਕਤੀਆਂ ਨੂੰ ਵੀ ਸਨਮਾਨਿਤ ਕੀਤਾ ਗਿਆ। ਪਰ ਲੁਧਿਆਣਾ ਜਿਲ੍ਹੇ 'ਚੋਂ ਇਸ ਸਨਮਾਨ ਲਈ ਡਾ. ਨੌਰੰਗ ਸਿੰਘ ਮਾਂਗਟ ਨੂੰ ਹੀ ਚੁਣਿਆ ਗਿਆ ਸੀ।

ਪੀ. ਏ. ਯੂ. ਲੁਧਿਆਣਾ, ਯੂਨੀਵਰਸਿਟੀ ਆਫ਼ ਵਿੰਡਸਰ (ਕੈਨੇਡਾ) ਅਤੇ ਮੌਰੀਸਨ ਸਾਇੰਟਿਫਿਕ ਰੀਸਰਚ ਕੰਪਨੀ ਕੈਲਗਰੀ (ਕੈਨੇਡਾ) ਦੇ ਸਾਬਕਾ ਪ੍ਰੋਫੈਸਰ ਅਤੇ ਸਾਇੰਸਦਾਨ ਡਾ. ਨੌਰੰਗ ਸਿੰਘ ਮਾਂਗਟ ਨੇ ਕਈ ਸਾਲ ਲੁਧਿਆਣਾ ਸ਼ਹਿਰ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਸਾਇਕਲ 'ਤੇ ਫਿਰਕੇ ਸੜਕਾਂ ਕੰਢੇ ਪਏ ਲਾਵਾਰਸ, ਬੇਘਰ, ਅਪਾਹਜ ਅਤੇ ਬਿਮਾਰ ਲੋੜਵੰਦਾਂ ਦੀ ਸੇਵਾ-ਸੰਭਾਲ ਕੀਤੀ। ਅਜਿਹੇ ਲੋਕਾਂ ਦੀ ਹੋਰ ਬਿਹਤਰ ਢੰਗ ਨਾਲ ਸੇਵਾ-ਸੰਭਾਲ ਕਰਨ ਲਈ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਸਰਾਭਾ ਦੇ ਨਜ਼ਦੀਕ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਬਣਵਾਇਆ।

ਡਾ. ਨੌਰੰਗ ਸਿੰਘ ਮਾਂਗਟ ਨੇ ਦੱਸਿਆ ਕਿ ਇਸ ਆਸ਼ਰਮ ਵਿੱਚ ਹੁਣ 235 (ਦੋ ਸੌ ਪੈਂਤੀ) ਦੇ ਕਰੀਬ ਅਪਾਹਜ, ਬੇਸਹਾਰਾ, ਨੇਤਰਹੀਣ, ਅਧਰੰਗ ਦੀ ਬਿਮਾਰੀ ਵਾਲੇ, ਸ਼ੂਗਰ, ਏਡਜ਼, ਕਾਲਾ ਪੀਲੀਆ, ਟੀ.ਬੀ, ਦਿਮਾਗੀ ਸੰਤੁਲਨ ਗੁਆ ਚੁੱਕੇ, ਲਾਇਲਾਜ ਰੋਗਾਂ ਨਾਲ ਪੀੜਤ ਲਾਵਾਰਸ, ਬੇਘਰ ਬਜ਼ੁਰਗ ਤੇ ਗਰੀਬ ਲੋਕ ਪੱਕੇ ਤੌਰ 'ਤੇ ਰਹਿ ਰਹੇ ਹਨ। ਇਹਨਾਂ 'ਚ ਜ਼ਿਆਦਾਤਰ ਉਹ ਹਨ ਜਿਹਨਾਂ ਨੂੰ ਸੜਕਾਂ 'ਤੋਂ ਬਹੁਤ ਤਰਸਯੋਗ ਹਾਲਤ 'ਚ ਚੁੱਕ ਕੇ ਲਿਆਂਦਾ ਗਿਆ ਸੀ। ਇਹਨਾਂ ਮਰੀਜ਼ਾਂ 'ਚ ਸਵਾ ਸੌ (125) ਦੇ ਕਰੀਬ ਮਰੀਜ਼ਾਂ ਦਾ ਦਿਮਾਗੀ ਸੰਤੁਲਨ ਠੀਕ ਨਹੀਂ ਹੈ। ਅੱਸੀ ਦੇ ਕਰੀਬ ਅਜਿਹੇ ਹਨ ਜਿਹਨਾਂ ਨੂੰ ਆਪਣੀ ਸੁੱਧ-ਬੁੱਧ ਨਹੀਂ ਹੈ, ਉਹ ਆਪਣੇ ਬਾਰੇ ਕੁੱਝ ਵੀ ਦੱਸਣ ਤੋਂ ਅਸਮਰੱਥ ਹਨ। ਸੱਠ (60) ਦੇ ਕਰੀਬ ਮਰੀਜ਼ ਅਜਿਹੇ ਹਨ ਜੋ ਆਪਣੀ ਕਿਰਿਆ ਆਪ ਨਹੀਂ ਸੋਧ ਸਕਦੇ ਅਤੇ ਮਲ-ਮੂਤਰ ਵੀ ਕੱਪੜਿਆਂ ਵਿੱਚ ਹੀ ਕਰਦੇ ਹਨ। ਅਜਿਹੇ ਲੋੜਵੰਦਾਂ ਦੀ ਨਿਸ਼ਕਾਮ ਸੇਵਾ-ਸੰਭਾਲ ਕਰਨ ਦੇ ਨਾਲ-ਨਾਲ ਮੁਫ਼ਤ ਮੈਡੀਕਲ ਸਹਾਇਤਾ ਦੇ ਕੇ ਉਹਨਾਂ ਦੀ ਜ਼ਿੰਦਗੀ ਬਚਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਂਦੀ ਹੈ। ਆਸ਼ਰਮ ਵਿੱਚ ਰਹਿਣ ਵਾਲੇ ਲੋੜਵੰਦਾਂ ਨੂੰ ਮੰਜਾ-ਬਿਸਤਰਾ, ਮੈਡੀਕਲ ਸਹਾਇਤਾ, ਭੋਜਨ, ਕੱਪੜੇ ਆਦਿ ਹਰ ਜ਼ਰੂਰੀ ਵਸਤੂ ਮੁਫ਼ਤ ਮੁਹੱਈਆ ਕਰਵਾਈ ਜਾਂਦੀ ਹੈ।

ਚਾਲੀ (40) ਦੇ ਕਰੀਬ ਸਟਾਫ਼ ਤੇ ਸੇਵਾਦਾਰ ਆਸ਼ਰਮ 'ਚ ਕੰਮ ਕਰਦੇ ਹਨ। ਸੇਵਾਦਾਰ ਇਹਨਾਂ ਮਰੀਜ਼ਾਂ ਨੂੰ ਇਸ਼ਨਾਨ ਕਰਾਉਂਦੇ ਹਨ, ਕਪੜੇ ਬਦਲੀ ਕਰਦੇ ਹਨ। ਲਾਚਾਰ ਮਰੀਜ਼ਾਂ ਨੂੰ ਖਾਣਾ ਵੀ ਆਪ ਖੁਆਉਂਦੇ ਹਨ। ਡਾਕਟਰ ਤੇ ਨਰਸਾਂ ਮਰੀਜ਼ਾਂ ਨੂੰ ਦਵਾਈਆਂ ਦਿੰਦੇ ਹਨ। ਇੱਥੇ ਤਕਰੀਬਨ ਤਿੰਨ ਸੌ ਮਰੀਜ਼ਾਂ ਤੇ ਸੇਵਾਦਾਰਾਂ ਲਈ ਲੰਗਰ ਤਿਆਰ ਹੁੰਦਾ ਹੈ। ਇਹਨਾਂ ਮਰੀਜ਼ਾਂ ਤੇ ਆਉਣ ਵਾਲਾ ਚਾਰ ਕਰੋੜ ਦੇ ਕਰੀਬ ਸਾਲਾਨਾ ਖਰਚਾ ਸੰਗਤਾਂ ਦੇ ਸਹਿਯੋਗ ਅਤੇ ਅਸੀਸਾਂ ਨਾਲ ਹੀ ਚਲਦਾ ਹੈ।

# ਸ਼ਹੀਦ ਮੋਹਿਤ ਚੌਹਾਨ ਨੂੰ ਫੌਜੀ ਸਨਮਾਨਾਂ ਨਾਲ ਅੰਤਿਮ ਵਿਦਾਈ

## ਪਿਛਲੇ ਨਵੰਬਰ ਮੋਹਿਤ ਨੇ ਮਨਾਈ ਸੀ ਵਿਆਹ ਦੀ ਪਹਿਲੀ ਵਰ੍ਹੇਗੰਢ



ਹਰਿਆਣਾ : ਸ਼ਹੀਦ ਮੋਹਿਤ ਚੌਹਾਨ ਨੂੰ ਝੱਜਰ ਵਿੱਚ ਅੰਤਿਮ ਵਿਦਾਈ ਦਿੱਤੀ ਗਈ, ਪੂਰੇ ਫੌਜੀ ਸਨਮਾਨਾਂ ਨਾਲ ਸਸਕਾਰ ਕੀਤਾ ਗਿਆ। ਉਨ੍ਹਾਂ ਨੇ ਪਿਛਲੇ ਨਵੰਬਰ ਆਪਣੇ ਵਿਆਹ ਦੀ ਪਹਿਲੀ ਵਰ੍ਹੇਗੰਢ ਮਨਾਈ ਸੀ ਅਤੇ ਉਨ੍ਹਾਂ ਦੀ ਪਤਨੀ ਦੋ ਮਹੀਨਿਆਂ ਤੋਂ ਵੱਧ ਗਰਭਵਤੀ ਹੈ। ਜੰਮੂ-ਕਸ਼ਮੀਰ ਦੇ ਡੋਡਾ ਜ਼ਿਲ੍ਹੇ ਵਿੱਚ ਦਰਦਨਾਕ ਸੜਕ ਹਾਦਸੇ 'ਚ ਸ਼ਹੀਦ ਹੋਏ ਭਾਰਤੀ ਫੌਜ ਦੇ ਜਵਾਨ ਮੋਹਿਤ ਚੌਹਾਨ (26) ਦਾ ਹਰਿਆਣਾ ਦੇ ਝੱਜਰ 'ਚ ਉਨ੍ਹਾਂ ਦੇ ਜੱਦੀ ਪਿੰਡ ਗਿਜਰੌਧ ਵਿੱਚ ਪੂਰੇ ਫੌਜੀ ਸਨਮਾਨਾਂ ਨਾਲ ਅੰਤਿਮ ਸਸਕਾਰ ਕੀਤਾ ਗਿਆ। ਇਹ ਹਾਦਸਾ ਵੀਰਵਾਰ ਨੂੰ ਵਾਪਰਿਆ, ਜਦੋਂ ਫੌਜ ਦਾ ਇੱਕ ਬਖ਼ਤਰਬੰਦ ਵਾਹਨ ਪਹਾੜੀ ਸੜਕ ਤੋਂ ਫਿਸਲ ਕੇ ਡੂੰਘੀ ਖੱਡ ਵਿੱਚ ਡਿੱਗ ਗਿਆ, ਜਿਸ ਵਿੱਚ 10 ਫੌਜੀ ਮਾਰੇ ਗਏ। ਪਿੰਡ ਤੇ ਹੋਰ ਇਲਾਕਿਆਂ ਤੋਂ ਵੱਡੀ ਗਿਣਤੀ ਵਿੱਚ ਲੋਕ ਸ਼ਰਧਾਂਜਲੀ ਦੇਣ ਪਹੁੰਚੇ ਅਤੇ ਬਹਾਦਰ ਫੌਜੀ ਨੂੰ ਭਿੱਜੀਆਂ ਅੱਖਾਂ ਨਾਲ ਅੰਤਿਮ ਵਿਦਾਈ ਦਿੱਤੀ। ਸਾਬਕਾ ਮੰਤਰੀ ਅਤੇ ਭਾਜਪਾ ਦੇ ਰਾਸ਼ਟਰੀ ਉਪ-ਪ੍ਰਧਾਨ ਓਮ ਪ੍ਰਕਾਸ਼ ਧਨਖੜ ਵੀ ਮੌਜੂਦ ਸਨ।

ਇਸ ਤੋਂ ਪਹਿਲਾਂ, ਸ਼ਹੀਦ ਦੀ ਮ੍ਰਿਤਕ ਦੇਹ ਨੂੰ ਫੁੱਲਾਂ ਨਾਲ ਸਜਾਏ ਗਏ ਫੌਜੀ ਵਾਹਨ ਵਿੱਚ ਪਿੰਡ ਲਿਆਂਦਾ ਗਿਆ। ਸਾਰਾ ਪਿੰਡ 'ਮੋਹਿਤ ਭਾਈ ਅਮਰ ਰਹੇ', 'ਭਾਰਤ ਮਾਤਾ ਕੀ ਜੈ', ਵਰਗੇ ਦੇਸ਼ ਭਗਤੀ ਦੇ ਨਾਅਰਿਆਂ ਨਾਲ ਗੂੰਜ ਉੱਠਿਆ। ਫੌਜ ਦੇ ਜਵਾਨਾਂ ਨੇ ਹਵਾਈ ਫਾਇਰ ਕਰਕੇ ਸਲਾਮੀ ਦਿੱਤੀ ਤੇ ਸ਼ਹੀਦ ਨੂੰ ਸ਼ਰਧਾਂਜਲੀ ਭੇਟ ਕੀਤੀ। ਮੋਹਿਤ ਚੌਹਾਨ ਆਪਣੇ ਮਾਤਾ-ਪਿਤਾ, ਪਤਨੀ ਅਤੇ ਛੋਟੇ ਭਰਾ ਨੂੰ ਛੱਡ ਗਿਆ ਹੈ। ਉਹ ਲਗਪਗ ਪੰਜ ਸਾਲ ਪਹਿਲਾਂ ਭਾਰਤੀ ਫੌਜ ਵਿੱਚ ਭਰਤੀ ਹੋਇਆ ਸੀ।

ਉਹ ਪਿਛਲੇ ਨਵੰਬਰ ਪਿੰਡ ਆਇਆ ਸੀ ਅਤੇ ਦਸੰਬਰ ਵਿੱਚ ਜੰਮੂ ਵਿੱਚ ਡਿਊਟੀ 'ਤੇ ਵਾਪਸ ਚਲਾ ਗਿਆ ਸੀ। ਪਿਛਲੇ ਨਵੰਬਰ ਹੀ ਉਸ ਨੇ ਆਪਣੀ ਪਹਿਲੀ ਵਿਆਹ ਦੀ ਵਰ੍ਹੇਗੰਢ ਮਨਾਈ। ਉਸਦੀ ਪਤਨੀ ਦੋ ਮਹੀਨਿਆਂ ਤੋਂ ਵੱਧ ਗਰਭਵਤੀ ਹੈ। ਪਿੰਡ ਦੇ ਸਰਪੰਚ ਨਰੇਸ਼ ਨੇ ਦੱਸਿਆ ਕਿ ਮੋਹਿਤ ਨੇ ਆਪਣੀ ਛੁੱਟੀ ਦੌਰਾਨ ਪਿੰਡ ਦੇ ਨੌਜਵਾਨਾਂ ਨੂੰ ਫੌਜ ਵਿੱਚ ਭਰਤੀ ਹੋਣ ਲਈ ਉਤਸ਼ਾਹਿਤ ਕੀਤਾ। ਉਸਨੇ ਬਹੁਤ ਸਾਰੇ ਨੌਜਵਾਨਾਂ ਨੂੰ ਲਿਖਤੀ ਅਤੇ ਸਰੀਰਕ ਪ੍ਰੀਖਿਆਵਾਂ ਦੀ ਤਿਆਰੀ ਵਿੱਚ ਮਾਰਗਦਰਸ਼ਨ ਕੀਤਾ, ਜਿਸ ਕਾਰਨ ਕਈ ਅਗਨੀਵੀਰ ਵਜੋਂ ਭਰਤੀ ਹੋਏ।

# ਉੱਤਰੀ ਭਾਰਤ 'ਚ ਮੀਂਹ ਦਾ ਸੋਕਾ ਖ਼ਤਮ

## ਕਿਸਾਨਾਂ ਤੇ ਸੈਲਾਨੀਆਂ ਦੇ ਚਿਹਰਿਆਂ 'ਤੇ ਰੌਣਕ; ਪੰਜਾਬ 'ਚ 294 ਮਿਲੀਮੀਟਰ ਮੀਂਹ ਦਰਜ



ਚੰਡੀਗੜ੍ਹ/ਨਵੀਂ ਦਿੱਲੀ : ਪੰਜਾਬ ਅਤੇ ਹਰਿਆਣਾ ਸਮੇਤ ਉੱਤਰੀ ਭਾਰਤ ਦੇ ਮੈਦਾਨਾਂ 'ਚ ਅੱਜ ਪਏ ਭਰਵੇਂ ਮੀਂਹ ਅਤੇ ਉੱਚੇ ਪਹਾੜੀ ਇਲਾਕਿਆਂ 'ਚ ਹੋਈ ਬਰਫ਼ਬਾਰੀ ਨੇ ਇਸ ਸਰਦ ਰੁੱਤ ਦਾ ਲੰਮੇ ਸਮੇਂ ਜਾਰੀ ਸੋਕਾ ਖਤਮ ਕਰ ਦਿੱਤਾ ਹੈ। ਮੀਂਹ ਨੇ ਕਿਸਾਨਾਂ ਤੇ ਬਰਫ਼ਬਾਰੀ ਨੇ ਸੈਲਾਨੀਆਂ ਦੇ ਚਿਹਰੇ 'ਤੇ ਖੁਸ਼ੀ ਲਿਆ ਦਿੱਤੀ ਹੈ। ਮੀਂਹ ਕਾਰਨ ਪੰਜਾਬ ਸਣੇ ਮੈਦਾਨੀ ਇਲਾਕਿਆਂ 'ਚ ਆਮ ਜੀਵਨ ਵੀ ਪ੍ਰਭਾਵਿਤ ਹੋਇਆ ਹੈ। ਪੰਜਾਬ 'ਚ 294 ਮਿਲੀਮੀਟਰ ਮੀਂਹ ਦਰਜ ਕੀਤਾ ਗਿਆ। ਨਾਭਾ 'ਚ ਬਿਜਲੀ ਦੇ ਖੰਭੇ 'ਚ ਕਰੰਟ ਆਉਣ ਨਾਲ 18 ਸਾਲਾ ਲੜਕੇ ਦੀ ਮੌਤ ਹੋ ਗਈ; ਚੰਡੀਗੜ੍ਹ ਦੇ ਮਨੀਮਾਜਰਾ 'ਚ ਮਕਾਨ ਦੀ ਛੱਤ ਡਿੱਗਣ ਨਾਲ ਤਿੰਨ ਬੱਚੇ ਜ਼ਖ਼ਮੀ ਹੋਏ ਹਨ। ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਤਿੱਬੜ 'ਚ ਮੁਰਗੀਖ਼ਾਨਾ ਢਹਿਣ ਨਾਲ ਕਰੀਬ 7500 ਤੋਂ ਜ਼ਿਆਦਾ ਚੂਜ਼ੇ ਮਰੇ ਹਨ। ਪ੍ਰਾਪਤ ਵੇਰਵਿਆਂ ਅਨੁਸਾਰ ਪੰਜਾਬ 'ਚ ਲੰਘੇ 24 ਘੰਟਿਆਂ ਤੋਂ ਪੈ ਰਹੇ ਮੀਂਹ ਤੇ ਤੇਜ਼ ਹਵਾਵਾਂ ਕਾਰਨ ਬਿਜਲੀ ਸਪਲਾਈ 'ਚ ਵਿਘਨ ਪਿਆ ਅਤੇ ਵੱਡੀ ਗਿਣਤੀ ਵਿੱਚ ਦਰੱਖਤ ਵੀ ਡਿੱਗੇ ਬਨੂੜ-ਭਬਾਤ 66 ਕੇਵੀ ਲਾਈਨ 'ਤੇ ਨਿਰਮਾਣ ਅਧੀਨ ਟਰਾਂਸਮਿਸ਼ਨ ਟਾਵਰ ਡਿੱਗ ਗਿਆ, ਜਿਸ ਕਾਰਨ ਜ਼ੀਰਕਪੁਰ ਖੇਤਰ ਵਿੱਚ ਸਪਲਾਈ 'ਚ ਵਿਘਨ ਪਿਆ। ਸੂਬੇ ਵਿੱਚ ਲਗਭਗ 600 ਤੋਂ ਵੱਧ ਖੰਭੇ ਡਿੱਗਣ ਦੀ ਰਿਪੋਰਟ ਹੈ ਤੇ ਡਿਸਟ੍ਰੀਬਿਊਸ਼ਨ ਟ੍ਰਾਂਸਫਾਰਮਰਾਂ ਨੂੰ ਵੀ ਵੱਡਾ ਨੁਕਸਾਨ ਹੋਇਆ ਹੈ। ਬਿਜਲੀ ਮੁਲਾਜ਼ਮ ਦਿਨ ਭਰ ਸਪਲਾਈ ਬਹਾਲ ਕਰਨ 'ਚ ਜੁਟੇ ਰਹੇ। ਮੌਸਮ ਵਿਭਾਗ ਨੇ 24-25 ਜਨਵਰੀ ਨੂੰ ਮੌਸਮ ਆਮ ਵਾਂਗ ਰਹਿਣ ਅਤੇ 26 ਜਨਵਰੀ ਨੂੰ ਹਲਕਾ ਮੀਂਹ ਪੈਣ ਦੀ ਸੰਭਾਵਨਾ ਜ਼ਾਹਿਰ ਕੀਤੀ ਹੈ। ਗੁਰਦਾਸਪੁਰ 'ਚ ਸਭ ਤੋਂ ਵੱਧ 48.7 ਅਤੇ ਪਠਾਨਕੋਟ 'ਚ 34.2 ਤੇ ਅੰਮ੍ਰਿਤਸਰ 'ਚ 25.2 ਐੱਮ ਐੱਮ ਮੀਂਹ ਪਿਆ ਹੈ। ਫ਼ਿਰੋਜ਼ਪੁਰ, ਮੋਗਾ, ਜਲੰਧਰ, ਬਰਨਾਲਾ, ਸੰਗਰੂਰ, ਲੁਧਿਆਣਾ, ਤਰਨ ਤਾਰਨ ਤੇ ਰੋਪੜ 'ਚ ਵੀ ਭਰਵਾਂ ਮੀਂਹ ਪਿਆ ਹੈ। ਪੰਜਾਬ 'ਚ ਮੀਂਹ ਕਾਰਨ ਤਾਪਮਾਨ 'ਚ 8.9 ਡਿਗਰੀ ਤੱਕ ਦੀ ਕਮੀ ਦਰਜ ਕੀਤੀ ਗਈ। ਹਰਿਆਣਾ ਦੇ ਹਿਸਾਰ, ਅੰਬਾਲਾ, ਕਰਨਾਲ, ਸਿਰਸਾ, ਭਿਵਾਨੀ, ਰੋਹਤਕ ਆਦਿ ਥਾਵਾਂ 'ਤੇ ਮੀਂਹ ਪਿਆ ਹੈ। ਹਿਮਾਚਲ ਪ੍ਰਦੇਸ਼ ਦੇ ਸ਼ਿਮਲਾ 'ਚ ਅੱਜ ਮੌਸਮ ਵੀ ਪਹਿਲੀ ਬਰਫ਼ਬਾਰੀ ਹੋਣ ਨਾਲ ਸੈਲਾਨੀ ਖੁਸ਼ ਨਜ਼ਰ ਆਏ। ਮਨਾਲੀ ਨੇੜੇ ਕੋਠੀ ਪਿੰਡ 'ਚ 15 ਸੈਂਟੀ ਮੀਟਰ ਬਰਫ਼ਬਾਰੀ ਹੋਈ ਜੋ ਸੂਬੇ 'ਚ ਸਭ ਤੋਂ ਵੱਧ ਹੈ। ਇਸੇ ਤਰ੍ਹਾਂ ਲਾਹੌਲ ਤੇ ਸਪਿਤੀ ਦੇ ਗੋਂਦਲਾ, ਕੁਕੁਮਸੇਰੀ ਤੇ ਹੰਸਾ ਪਿੰਡਾਂ 'ਚ ਕ੍ਰਮਵਾਰ 12, 6.8 ਤੇ 5 ਸੈਂਟੀਮੀਟਰ, ਸ਼ਿਮਲਾ ਦੇ ਜੁੱਬਲ 'ਚ 6, ਮਨਾਲੀ 'ਚ 4.8, ਕੇਲਾਂਗ ਤੇ ਕੁਫਰੀ 'ਚ 4-4 ਤੇ ਸ਼ਿਮਲਾ 'ਚ 0.6 ਸੈਂਟੀਮੀਟਰ ਬਰਫ ਪਈ ਹੈ। ਇਸੇ ਤਰ੍ਹਾਂ ਕਸ਼ਮੀਰ ਘਾਟੀ ਦੇ ਸ੍ਰੀਨਗਰ, ਗੁਲਮਰਗ, ਸੋਨਮਰਗ, ਪਹਿਲਗਾਮ, ਬਡਗਾਮ, ਬਾਰਾਮੂੱਲਾ, ਕੁਪਵਾੜਾ, ਪੁਲਵਾਮਾ ਤੇ ਬਾਂਦੀਪੋਰਾ 'ਚ ਅਤੇ ਜੰਮੂ ਦੇ ਮਾਤਾ ਵੈਸ਼ਨੋ ਦੇਵੀ ਮੰਦਰ, ਰਾਮਬਨ, ਡੋਡਾ, ਕਿਸ਼ਤਵਾੜ, ਪੁਣਛ, ਰਾਜੌਰੀ, ਰਿਆਸੀ, ਊਧਮਪੁਰ ਤੇ ਕਠੂਆ ਜ਼ਿਲ੍ਹਿਆਂ 'ਚ ਭਾਰੀ ਬਰਫ਼ਬਾਰੀ ਹੋਈ ਹੈ। ਬਰਫ਼ਬਾਰੀ ਕਾਰਨ ਸ੍ਰੀਨਗਰ-ਜੰਮੂ ਕੌਮੀ ਰਾਜਮਾਰਗ ਬੰਦ ਕਰ ਦਿੱਤਾ ਗਿਆ ਹੈ ਅਤੇ ਸ੍ਰੀਨਗਰ ਹਵਾਈ ਅੱਡੇ 'ਤੇ ਹਵਾਈ ਸੇਵਾ ਬੰਦ ਕਰ ਦਿੱਤੀ ਗਈ ਹੈ।

# ਸੰਵਿਧਾਨ ਦੀਆਂ ਭਾਵਨਾਵਾਂ ’ਤੇ ਪਹਿਰਾ ਦੇਣ ਦੀ ਲੋੜ

ਭਾਰਤੀ ਸੰਵਿਧਾਨ ਦੀ ਮਹੱਤਤਾ ਇਹ ਹੈ ਕਿ ਸੰਵਿਧਾਨ ਭਾਰਤ ਦੇ ਲੋਕਾਂ ਨੂੰ ਹੀ ਸਮਰਪਤ ਕੀਤਾ ਹੈ। ਭਾਰਤੀ ਸੰਵਿਧਾਨ ਵਿਸ਼ਵ ਦੇ ਬਹੁਤੇ ਸੰਵਿਧਾਨਾਂ ਵਾਂਗ ਕਿਸੇ ਦੇਵੀ-ਦੇਵਤੇ ਦੀ ਸ਼ਰਣ ਵਿੱਚ ਨਹੀਂ ਜਾਂਦਾ ਬਲਕਿ ਭਾਰਤੀ ਸੰਵਿਧਾਨ ਤਾਂ ਭਾਰਤੀ ਲੋਕਾਂ ਦੀ ਸ਼ਰਣ ਵਿੱਚ ਜਾਂਦਾ ਹੈ। ਕਿਉਂਕਿ ਭਾਰਤੀ ਨਾਗਰਿਕ ਪ੍ਰਤੱਖ ਰੂਪ ਵਿੱਚ ਪਾਰਲੀਮੈਂਟ, ਵਿਧਾਨਪਾਲਕਾਵਾਂ ’ਚ ਆਪਣੇ ਨੁਮਾਇੰਦੇ ਭੇਜ ਕੇ ਆਪ੍ਰੱਤਖ ਰੂਪ ’ਚ ਖ਼ੁਦ ਰਾਜ ਕਰਦੇ ਹਨ।

ਮੌਜੂਦਾ ਸੰਵਿਧਾਨ ਤੋਂ ਪਹਿਲਾਂ ਦੇਸ਼ ਵਿੱਚ ਗ਼ੁਲਾਮੀ, ਅਸਮਾਨਤਾ, ਭੇਦ-ਭਾਵ ਅਤੇ ਅਨਿਆਂ ਦਾ ਬੋਲਬਾਲਾ ਸੀ। ਸਮਾਜ ਦੇ ਮੁੱਠੀ ਭਰ ਲੋਕ ਸੱਤਾ ਸੰਪਤੀ ਦਾ ਸੁੱਖ ਭੋਗ ਰਹੇ ਸਨ। ਸਮਾਜ ਵਿੱਚ ਇਹ ਇੱਕ ਪੀੜਤ ਵਿਵਸਥਾ ਸੀ ਜੋ ਮਨੁੱਖ, ਮਨੁੱਖ ਵਿੱਚ ਪ੍ਰੇਮ ਪੈਦਾ ਕਰਕੇ ਸਮਾਜ ਦੀ ਪ੍ਰਗਤੀ ਲਈ ਜੋੜਦੀ ਨਹੀਂ, ਸਗੋਂ ਮਨੁੱਖ, ਮਨੁੱਖ ਵਿੱਚ ਨਫ਼ਰਤ ਪੈਦਾ ਕਰਕੇ ਸਮਾਜ ਨੂੰ ਤੋੜਦੀ ਸੀ। ਇਸ ਕਰਕੇ ਸੰਵਿਧਾਨ ਘਾੜਿਆਂ ਨੇ ਦੇਸ਼ ਨੂੰ ਸੰਵਿਧਾਨ ਵਿੱਚ ਇੱਕ ਧਰਮ ਨਿਰਪੱਖ ਦੇਸ਼ ਬਣਾਇਆ। ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਰਾਜ ਸੰਵਿਧਾਨਕ, ਦ੍ਰਿਸ਼ਟੀ ਤੋਂ ਕਿਸੇ ਵਿਸ਼ੇਸ਼ ਧਰਮ ਨਾਲ ਜੁੜਿਆਂ ਹੋਇਆ ਨਹੀਂ ਹੈ ਅਤੇ ਨਾ ਹੀ ਉਹ ਜਾਣ ਬੁੱਝ ਕੇ ਕਿਸੇ ਧਰਮ ਨੂੰ ਉਕਸਾਉਣ ਜਾਂ ਉਸ ਵਿੱਚ ਦਖਲ ਅੰਦਾਜੀ ਕਰੇਗਾ। ਇਸ ਦਾ ਮਤਲਵ ਹੈ ਕਿ ਸਟੇਟ (ਰਾਜ) ਦਾ ਆਪਣਾ ਕੋਈ ਮਜ਼ਹਬ ਜਾਂ ਧਰਮ ਨਹੀਂ ਹੈ। ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਰਾਸ਼ਟਰੀ ਏਕਤਾ ਤੇ ਅਖੰਡਤਾ ਦਾ ਸਿਧਾਂਤ ਚਾਹੁੰਦਾ ਹੈ ਕਿ ਭਾਰਤੀ ਲੋਕ ਗ਼ੈਰ ਰਾਸ਼ਟਰੀ ਪ੍ਰਵਿਰਤੀਆਂ ਜਿਵੇਂ ਸਰਵ ਹਿੰਦੂਵਾਦ, ਸਰਵ ਇਸਲਾਮਵਾਦ, ਸਰਵ ਸਿੱਖਵਾਦ, ਸਰਵ ਇਸਾਈਵਾਦ ਆਦਿ ਦਾ ਤਿਆਗ ਕਰਨ ਕਿਉਂਕਿ ਅਜਿਹੀ ਵਫ਼ਾਦਾਰੀ ਭਾਰਤੀਆਂ ਵਿਚਕਾਰ ਸਮਾਜਿਕ ਏਕਤਾ, ਰਾਸ਼ਟਰੀ ਅਖੰਡਤਾ, ਧਰਮ ਨਿਰਪੱਖਤਾ ਅਤੇ ਭਾਈਚਾਰੇ ਦੀਆਂ ਜੜ੍ਹਾਂ ’ਤੇ ਸੱਟ ਮਾਰਦੀ ਹੈ।

ਸੰਵਿਧਾਨ ਘਾੜਿਆਂ ਨੇ ਸੰਵਿਧਾਨ ਦੇ ਆਰਟੀਕਲ 14, 15, 16 ਵਿੱਚ ਰੰਗ, ਜਾਤੀ, ਵਰਣ, ਖੇਤਰ, ਵਰਗ, ਲਿੰਗ ਅਤੇ ਹਰ ਪ੍ਰਕਾਰ ਦੇ ਭੇਦ ਭਾਵ ਨੂੰ ਖ਼ਤਮ ਕਰਕੇ ਸਮਾਜਿਕ, ਆਰਥਿਕ, ਰਾਜਨੀਤਕ, ਧਾਰਮਿਕ ਅਤੇ ਵਿਦਿਅਕ ਬਰਾਬਰੀ ਦੇ ਸਭ ਨੂੰ ਬਰਾਬਰ ਅਧਿਕਾਰ ਦਿੱਤੇ ਹਨ। ਉਨ੍ਹਾਂ ਇਸ ਗ਼ੈਰਅਮਾਨਵੀ ਅਸਮਾਨਤਾ ਪਰ ਅਧਾਰਿਤ ਦੁੱਖ ਮਈ ਵਿਵਸਥਾ ਨੂੰ ਖ਼ਤਮ ਕਰਕੇ ਸਭ ਨਾਗਰਿਕਾਂ ਲਈ, ਇੱਕ ਵਿਅਕਤੀ, ਇੱਕ ਵੋਟ ਅਤੇ ਇੱਕ ਕੀਮਤ ਦੀ ਵਿਵਸਥਾ ਕੀਤੀ ਤਾਂ ਕਿ ਦੇਸ਼ ਦੇ ਸਭ ਲੋਕ ਹਰ ਪਹਿਲੂ ਤੋਂ ਅਜ਼ਾਦੀ, ਵਿਕਾਸ ਅਤੇ ਖੁਸ਼ਹਾਲੀ ਪ੍ਰਾਪਤ ਕਰਕੇ ਸੁੱਖ-ਸ਼ਾਂਤੀ ਦਾ ਜੀਵਨ ਮਾਣ ਸਕਣ।

ਇੰਨਾ ਹੀ ਨਹੀਂ, ਸੰਵਿਧਾਨ ਘਾੜਿਆਂ ਅਜ਼ਾਦੀ, ਸਮਾਨਤਾ, ਭਾਈਚਾਰਾ ਤੇ ਨਿਆਂ ਅਧਾਰਤ ਨਵੇਂ ਸਮਾਜ ਦੀ ਸਿਰਜਨਾ ਲਈ ਸਾਧਨਾ ਅਤੇ ਮੌਕਿਆਂ ਨੂੰ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਹੀ ਅੰਕਿਤ ਕਰ ਦਿੱਤਾ ਹੈ। ਸੰਵਿਧਾਨ ਦੇ ਭਾਗ-3 ਵਿੱਚ ਆਰਟੀਕਲ 12 ਤੋਂ 35 ਤੱਕ ਮੂਲ ਅਧਿਕਾਰਾਂ ਨੂੰ ਸ਼ਾਮਲ ਕੀਤਾ ਗਿਆ ਹੈ। ਸਮਾਜਿਕ ਨਿਆਂ ਤੇ ਆਰਥਿਕ ਸਮਾਨਤਾ ਅਤੇ ਕਲਿਆਣਕਾਰੀ ਰਾਜ ਲਈ ਸੰਵਿਧਾਨਕ ਵਿਵਸਥਾ ਕੀਤੀ ਗਈ ਹੈ। ਸੰਵਿਧਾਨ ਦੇ ਭਾਗ ਚਾਰ ਦੇ ਆਰਟੀਕਲ 36-51 ਤੱਕ ਸੰੰਵਿਧਾਨ ਰਾਹੀਂ ਹੀ ਰਾਜ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਸਰਕਾਰ ਇਸ ਕਦਰ ਨੀਤੀਆਂ ਬਣਾਵੇ ਕਿ ਸਮਾਜ ਵਿੱਚ ਹਰ ਨਾਗਰਿਕ, ਮਰਦ ਅਤੇ ਨਾਰੀ ਨੂੰ ਸਾਮਾਜਿਕ-ਆਰਥਿਕ ਨਿਆਂ ਮਿਲੇ।

ਅਜ਼ਾਦੀ ਤੋਂ ਪਹਿਲਾਂ ਦੇਸ਼ ਅੰਧਵਿਸਵਾਸ਼ ਵਿੱਚ ਜਕੜਿਆ ਹੋਇਆ ਸੀ। ਸੰਵਿਧਾਨ ਘਾੜਿਆਂ ਨੇ ਸੰਵਿਧਾਨ ਦੇ ਆਰਟੀਕਲ 13 (1) (3) ਵਿੱਚ ਇਹ ਦਰਜ ਕੀਤਾ ਕਿ ਸੰਵਿਧਾਨ ਲਾਗੂ ਹੋਣ ਤੋਂ ਪਹਿਲਾਂ ਜੋ ਵੀ ਕੋਈ ਕਨੂੰਨ, ਉਪ ਕਨੂੰਨ, ਨਿਯਮ, ਆਦੇਸ਼, ਅਧਿਆਦੇਸ਼, ਰੂੜੀ ਜਾਂ ਰੀਤੀ ਰਿਵਾਜ ਸੰਵਿਧਾਨ ਦੇ ਵਿਰੁੱਧ ਹੋਵੇਗਾ, ਉਹ (void) ਹੋਵੇਗਾ। ਭਾਵ ਉਹ ਜੀਰੋ ਅਤੇ ਸੰਵਿਧਾਨ ਹੀਰੋ ਹੋਵੇਗਾ। ਫਿਰ ਸੰਵਿਧਾਨ ਵਿੱਚ ਧਾਰਾ 51 ਏ (ਐਚ) ਜੋੜ ਕੇ ਦੇਸ਼ ਵਾਸੀਆਂ ਨੂੰ ਨਿਰਦੇਸ਼ ਦਿੱਤਾ ਗਿਆ ਕਿ ਉਹ ਆਪਣੇ ਅੰਦਰ ਵਿਗਿਆਨਕ ਸੋਚ ਪੈਦਾ ਕਰਕੇ ਪੜਚੋਲ ਅਤੇ ਸੁਧਾਰ ਦੀ ਰੁਚੀ ਪੈਦਾ ਕਰਨ। ਪਰ 21ਵੀਂ ਸਦੀ ’ਚ ਵੀ ਸਾਡੇ ਆਗੂ ਵਿਗਿਆਨਕ ਸੰਸਥਾਵਾਂ ਦੇ ਉਦਘਾਟਨਾਂ ਸਮੇ ਵੀ ਪਹਿਲਾਂ ਲਲੇਰ ਭੰਨਦੇ ਹਨ।


ਐਸ ਐਲ ਵਿਰਦੀ
ਐਡਵੋਕੇਟ
98145 17499

ਸੰਵਿਧਾਨ ਦੇ ਆਰਟੀਕਲ 19 ਰਾਹੀਂ ਵਿਚਾਰ ਪ੍ਰਗਟਾਉਣ ਦੀ ਅਜ਼ਾਦੀ, ਆਰਟੀਕਲ 20 ਆਰਟੀਕਲ 19 ਦੀ ਸੁਰੱਖਿਆ ਦਿੱਤੀ ਗਈ ਹੈ। ਇਸ ਦੇ ਬਾਵਜੂਦ ਵੀ ਸਰਕਾਰਾਂ ਨੇ ਸਾਲਾਂ ਬੱਧੀ ਬੁੱਧੀਜੀਵੀਆਂ ਨੂੰ ਜੇਲ੍ਹਾਂ ਵਿੱਚ ਡੱਕਿਆ ਹੋਇਆ ਹੈ। ਭਾਰਤੀ ਸੰਵਿਧਾਨ ਵਿੱਚ ਮਨ-ਚਾਹਿਆ ਕੰਮ ਤੇ ਵਪਾਰ ਕਰਨ ਦੇ ਬੁਨਿਆਦੀ ਅਧਿਕਾਰ ਦਿੱਤੇ ਗਏ ਹਨ। ਫਿਰ ਵੀ ਦੇਸ਼ ਵਿੱਚ ਜਗ੍ਹਾ-ਜਗ੍ਹਾ ਲਿੰਚਿੰਗ ਦੀਆਂ ਘਟਨਾਵਾਂ ਹੋ ਰਹੀਆਂ ਹਨ। ਆਰਟੀਕਲ 23 (1) ਰਾਹੀਂ ਵਗਾਰ ਪ੍ਰਥਾ ਖ਼ਤਮ ਕੀਤੀ ਗਈ ਹੈ ਅਤੇ ਔਰਤਾਂ ਨੂੰ ਬਰਾਬਰਤਾ ਦਾ ਅਧਿਕਾਰ/ਸਨਮਾਨ ਦਿੱਤਾ ਗਿਆ ਹੈ। ਇਸ ਦੇ ਬਾਵਜੂਦ ਵੀ ਮਨੀਪੁਰ ’ਚ ਔਰਤਾਂ ਦੀ ਸ਼ਰੇਆਮ ਨਗਨ ਪ੍ਰੇਡ ਕਰਵਾਈ ਗਈ।

ਆਰਟੀਕਲ 24 ਰਾਹੀਂ 14 ਸਾਲ ਤੋਂ ਘੱਟ ਉਮਰ ਦੇ ਬੱਚੇ ਤੋਂ ਕੰਮ ਨਹੀਂ ਲਿਆ ਜਾ ਸਕਦਾ। ਪਰ ਅੱਜ ਹਰ ਕੰਮ ਕਾਰ ਦੀਆਂ ਥਾਵਾਂ ਉਤੇ ਬੱਚੇ ਕੰਮ ਕਰਦੇ ਦਿਖਦੇ ਹਨ। ਨਵੇਂ ਕਿਰਤ ਕਨੂੰਨ ਮਜ਼ਦੂਰਾਂ ਨੂੰ ਸੁਰੱਖਿਆ ਘੱਟ ਤੇ ਆਸੁਰੱਖਿਅਤ ਜ਼ਿਆਦਾ ਕਰਦੇ ਹਨ। ਹੁਣ ਘੱਟੋ-ਘੱਟ ਭੱਤਾ ਅਤੇ ਤਨਖਾਹ ਕੇਂਦਰ ਸਰਕਾਰ ਵੱਲੋਂ ਪੰਜ ਸਾਲ ਬਾਅਦ ਨਿਰਧਾਰਤ ਕੀਤੀ ਜਾਵੇਗੀ। ਕੋਈ ਵੀ ਕਾਰਖਾਨੇਦਾਰ ਪੰਜ ਸਾਲ ਤੱਕ ਉਜਰਤ ਕਿਉਂ ਵਧਾਏਗਾ? ਮਹਿੰਗਾਈ ਦੇ ਬਾਵਜੂਦ ਵੀ ਕੋਈ ਕਾਮਾ ਇਸ ਵਿਰੁੱਧ ਆਵਾਜ਼ ਨਹੀਂ ਚੁੱਕ ਸਕੇਗਾ ਕਿ ਸਾਡਾ ਮਿਹਨਤਾਨਾ ਵਧਾਓ। ਕਾਰਖਾਨੇਦਾਰ ਨੂੰ ਠੇਕੇ ਦੇ ਕਾਮੇ ਰੱਖਣ ਦੀ ਖੁੱਲ੍ਹ ਦੇ ਦਿੱਤੀ ਗਈ ਹੈ। ਠੇਕੇ ਵਾਲੇ ਮਜ਼ਦੂਰ ਕਿਸੇ ਵੀ ਟਰੇਡ ਯੂਨੀਅਨ ਦਾ ਮੈਂਬਰ ਨਹੀਂ ਬਣ ਸਕਦੇ। ਜੇ ਮਜ਼ਦੂਰ ਹੜਤਾਲ ਕਰਨਗੇ ਤਾਂ ਇਨ੍ਹਾਂ ਨੂੰ ਜਦੋਂ ਮਰਜ਼ੀ ਕੱਢਿਆ ਜਾ ਸਕਦਾ ਹੈ।



ਸੰਵਿਧਾਨ ਦੇ ਆਰਟੀਕਲ 25 ਤੋਂ 28 ਤੱਕ ਧਾਰਮਿਕ ਅਜ਼ਾਦੀ, 29 ਰਾਹੀਂ ਧਾਰਮਿਕ ਘੱਟ ਗਿਣਤੀਆਂ ਦੀ ਰੱਖਿਆ ਕੀਤੀ ਗਈ ਹੈ। ਅਨੁਛੇਦ 30 ਰਾਹੀਂ ਧਾਰਮਿਕ ਘੱਟ ਗਿਣਤੀਆਂ ਨੂੰ ਆਪਣੇ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਵਿੱਦਿਅਕ ਅਦਾਰੇ ਖੋਲ੍ਹਣ ਦਾ ਅਧਿਕਾਰ ਦਿੱਤਾ ਗਿਆ। ਆਰਟੀਕਲ 32 ਰਾਹੀ ਉਪਰੋਕਤ ਅਧਿਕਾਰਾਂ ਦੀ ਰੱਖਿਆ ਕੀਤੀ ਗਈ ਹੈ। ਪਰ ਅੱਜ ਵੱਡੀ ਗਿਣਤੀ ਵੱਚ ਫ਼ਿਰਕੂ ਸੋਚ ਵਾਲੇ ਸੰਗਠਨ ਅਤੇ ਉਨ੍ਹਾਂ ਦੀਆਂ ਸਹਿਯੋਗੀ ਜਥੇਬੰਦੀਆਂ ਆਪਣੇ ਧਾਰਮਿਕ ਅਕੀਦਿਆਂ ਨੂੰ ਅਮਲੀ ਰੂਪ ਦੇਣ ਲਈ ਦੇਸ਼ ਪੱਧਰ ਉਤੇ ਉਤੇ ਖਾਸਕਰ ਉਤਰ ਪ੍ਰਦੇਸ਼ ਵਿੱਚ ਸਰਗਰਮ ਹਨ। ਯੂ ਪੀ ਦੀ ਸਰਕਾਰ ਇੱਕ ਫਿਰਕੇ ਦੀਆਂ ਮਸਜਿਦਾਂ, ਕਬਰਾਂ ਅਤੇ ਸਕੂਲਾਂ ਉਤੇ ਬੁਲਡੋਜਰ ਚਲਾ ਰਹੀ ਹੈ। ਦੇਸ਼ ’ਚ ਮੰਦਰ-ਮਸਜ਼ਿਦਾਂ ਦੇ ਵਿਵਾਦ ਦਿਨੋ-ਦਿਨ ਵੱਧ ਰਹੇ ਹਨ। ਮਾਣਯੋਗ ਸੁਪਰੀਮ ਕੋਰਟ ਨੇ ਯੂ ਪੀ ਤੇ ਦੇਸ਼ ਦੇ ਹੋਰ ਸੂਬਿਆਂ ਵਿੱਚ ਸੰਵਿਧਾਨਕ ਅਧਿਕਾਰਾਂ ਤੇ ਕਨੂੰਨੀ ਪ੍ਰਕਿਰਿਆਂ ਨੂੰ ਲਾਂਭੇ ਰੱਖਕੇ ਚਲਾਏ ਜਾ ਰਹੇ ਬੁਲਡੋਜ਼ਰਾਂ ਉਤੇ ਸਖ਼ਤ ਚਿੰਤਾ ਜਤਾਈ ਹੈ ਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਦੇਸ਼ ਲਈ ਬੇਹੱਦ ਖ਼ਤਰਨਾਕ ਸਾਬਤ ਹੋ ਸਕਦੀਆਂ ਹਨ। ਪਰ ਆਗੂ ਸੰਵਿਧਾਨ ਦੀਆਂ ਭਾਵਨਾਵਾਂ ਦੀ ਕਦਰ ਨਹੀਂ ਕਰ ਰਹੇ ਹਨ।

ਸੰਵਿਧਾਨ ਦੇ ਆਰਟੀਕਲ 38, 39, 41, 42 ਰਾਹੀਂ ਭਾਰਤ ਵਿੱਚ ਇੱਕ ਨਵੀਂ ਸਮਾਜ ਵਿਵਸਥਾ, ਜਿਸ ਦਾ ਅਧਾਰ ਸਮਾਜਵਾਦੀ, ਕਲਿਆਣਕਾਰੀ, ਲੋਕਤੰਤਰ ਹੋਵੇ, ਲਈ ਸਰਕਾਰਾਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਰਾਜ ਅਜਿਹੀ ਸਮਾਜਿਕ ਵਿਵਸਥਾ ਦਾ ਨਿਰਮਾਣ ਕਰਨ ਦਾ ਯਤਨ ਕਰੇਗਾ, ਜਿਸ ਵਿੱਚ ਨਾਗਰਿਕਾਂ ਨੂੰ ਰਾਸ਼ਟਰੀ ਜੀਵਨ ਦੀਆਂ ਸਾਰੀਆਂ ਸੰਸਥਾਵਾਂ ਵਿੱਚ ਸਮਾਜਿਕ, ਆਰਿਥਕ ਅਤੇ ਰਾਜਨੀਤਕ ਨਿਆਂ ਪ੍ਰਾਪਤ ਹੋਵੇਗਾ।

ਸੰਵਿਧਾਨ ਵਿੱਚ ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਰਾਜ ਭੌਤਿਕ ਸਾਧਨਾ ਦੀ ਮਲਕੀਅਤ ਅਤੇ ਨਿਯੰਤਰਣ ਸਬੰਧੀ ਆਪਣੀਆਂ ਨੀਤੀਆਂ ਦਾ ਸੰਚਾਲਨ ਇਸ ਤਰ੍ਹਾਂ ਕਰੇਗਾ ਕਿ ਸਭ ਲੋਕਾਂ ਦਾ ਕਲਿਆਣ ਹੋ ਸਕੇ। ਇਸ ਦੀ ਪੂਰਤੀ ਲਈ ਸੰਵਿਧਾਨ ਉਦਯੋਗਾਂ ਦੇ ਰਾਸ਼ਟਰੀਕਰਨ ਦੀ ਗੱਲ ਕਰਦਾ ਹੈ। ਪਰ ਸਰਕਾਰਾਂ ਆਪਣੇ ਕਲਿਆਣਕਾਰੀ ਕਰਤੱਵ ਨੂੰ ਪਿੱਛੇ ਸੁੱਟ ਕੇ ਬਹੁ-ਰਾਸ਼ਟਰੀ ਕੰਪਨੀਆਂ ਦੇ ਕਲਿਆਣ ਲਈ ਸਰਗਰਮ ਹਨ। ਸੰਵਿਧਾਨ ਘਾੜਿਆ ਨੇ ਰਾਸ਼ਟਰੀ ਏਕਤਾ ਲਈ ਸਰਕਾਰਾਂ ਨੂੰ ਰਾਜਯ ਸਮਾਜਵਾਦ ਵਲ੍ਹ ਸੇਧਤ ਕੀਤਾ ਅਤੇ ਨਿਰਦੇਸ਼ਤ ਕੀਤਾ ਕਿ ਸਮਾਜਵਾਦ ਲਈ ਉਦਯੋਗ ਰਾਜ ਦੀ ਮਲਕੀਅਤ ਹੋਣੇ ਚਾਹੀਦੇ ਹਨ। ਕਿਉਂਕਿ ਨਿੱਜੀਕਰਨ ਵਿੱਚ ਰਾਸ਼ਟਰੀ ਹਿੱਤ ਨਹੀਂ ਹੁੰਦਾ। ਪੂੰਜੀਪਤੀ ਆਪਣਾ ਮੁਨਾਫ਼ਾ ਦੇਖਦਾ ਹੈ। ਦੇਸ਼ ਦੇ ਹਿੱਤਾਂ ਨੂੰ ਕੁਰਬਾਨ ਕਰਕੇ ਪੱਛਮੀ ਦੇਸ਼ਾਂ ਦੇ ਸਾਮਰਾਜਵਾਦੀ ਨਿੱਜੀਕਰਨ ਨੂੰ ਥੋਪਣ ਦੀ ਇਹ ਇੱਕ ਕੋਝੀ ਸਾਜ਼ਿਸ਼ ਹੈ। ਸੰਵਿਧਾਨ ਦਾ ਗਲਾ ਘੁੱਟਿਆ ਜਾ ਰਿਹਾ ਹੈ।

ਭਾਰਤ ਵਿੱਚ ਇੱਕ ਦੇਸ਼-ਇੱਕ ਚੋਣ ਪ੍ਰਣਾਲੀ ਅਸਲ ਵਿੱਚ ਭਾਜਪਾ ਤੇ ਸੰਘ ਦਾ ਪ੍ਰਮੁੱਖ ਏਜੰਡਾਂ ਹੈ ਇਸ ਦਾ ਮਕਸਦ ਦੇਸ਼ ਦੇ ਸੰਘਾਤਮਕ ਢਾਂਚੇ ਤੇ ਸੰਸਦੀ ਪ੍ਰਣਾਲੀ ਨੂੰ ਖ਼ਤਮ ਕਰਕੇ, ਭਾਰਤ ਵਿੱਚ ਵੀ ਅਮਰੀਕਾ ਵਰਗੇ ਪ੍ਰਧਾਨਗੀ (ਰਾਸ਼ਟਰਪਤੀ) ਰਾਜ ਨੂੰ ਸਥਾਪਤ ਕਰਨ ਵਲ੍ਹ ਹੈ। ਪ੍ਰਧਾਨਗੀ ਪ੍ਰਣਾਲੀ ਵਿੱਚ ਸਿਰਫ਼ ਇੱਕ ਵਿਅਕਤੀ ਆਪਣੀ ਮਨਮਰਜੀ ਕਰੇਗਾ, ਜਿਸ ਨੂੰ ਕਿਸੇ ਵੀ ਤਰ੍ਹਾਂ ਮਿਆਦ ਤੋਂ ਪਹਿਲਾਂ ਹਟਾਇਆ ਨਹੀਂ ਜਾ ਸਕਦਾ। ਜਿਵੇਂ ਕਿ ਅਮਰੀਕਾ ਵਿੱਚ ਪ੍ਰਧਾਨਗੀ ਪ੍ਰਣਾਲੀ ਪ੍ਰਚੱਲਤ ਹੈ ਤੇ ਉੱਥੇ ਜੋ ਹੋ ਰਿਹਾ ਹੈ ਉਹ ਸਾਹਮਣੇ ਹੈ। ਉੱਥੇ ਰਾਸ਼ਟਰਪਤੀ, ਅਮਰੀਕੀ ਕਾਂਗਰਸ (ਸੰਸਦ) ਵਲੋਂ ਬਹੁਮਤ ਨਾਲ ਲਏ ਫੈਸਲਿਆਂ ਨੂੰ ਰੱਦ ਕਰਨ ਅਤੇ ਆਪਣੀ ਮਨ ਮਰਜੀ ਕਰਨ ਦੇ ਪੂਰੇ ਅਧਿਕਾਰ ਰੱਖਦਾ ਹੈ। ਜਦੋਂ ਕਿ ਸਸੰਦੀ ਪ੍ਰਣਾਲੀ ਵਿੱਚ ਪ੍ਰਧਾਨ ਮੰਤਰੀ ਤੇ ਮੰਤਰੀ ਮੰਡਲ, ਸੰਸਦ ਪ੍ਰਤੀ ਜਵਾਬ ਦੇਹ ਹੁੰਦਾ ਹੈ ਕਿਉਂਕ ਸੰਸਦੀ ਪ੍ਰਣਾਲੀ ’ਚ ਸੱਤਾ ਹਮੇਸ਼ਾ ਲੋਕਾਂ ਦੇ ਚੁਣੇ ਹੋਏ ਨੁਮਾਂਦਿਆਂ ਦੇ ਹੱਥਾਂ ’ਚ ਰਹਿੰਦੀ ਹੈ। ਜੇ ਪ੍ਰਧਾਨ ਮੰਤਰੀ ਲੋਕ ਰਾਇ ਅਨੁਸਾਰ ਸਰਕਾਰ ਨਹੀਂ ਚਲਾਉਂਦਾ ਤਾਂ ਉਸ ਨੂੰ ਕਿਸੇ ਵੀ ਸਮੇਂ ਹਟਾਇਆ ਜਾ ਸਕਦਾ ਹੈ ਅਤੇ ਉਸ ਦੀ ਥਾਂ ਤੇ ਨਵਾਂ ਪ੍ਰਧਾਨ ਮੰਤਰੀ ਬਣਾਇਆ ਜਾ ਸਕਦਾ ਹੈ। ਬਸ! ਭਾਰਤੀ ਸੰਵਿਧਾਨ ਵਿਚ ਇਹ ਹੀ ਇੱਕ ਸੰਵਿਧਾਨਕ ਲੋਕਸ਼ਕਤੀ ਹੈ ਜੋ ਸੰਘ ਤੇ ਭਾਜਪਾ ਦੇ ਸੁਪਨਿਆਂ ਨੂੰ ਸਕਾਰ ਕਰਨ ’ਚ ਕਾਰਗਰ ਅੜਿਕਾ ਹੈ।

ਭਾਰਤੀ ਸੰਵਿਧਾਨ ਦਾ ਲਕਸ਼ ਸਮਾਜਿਕ ਸਮਾਨਤਾ ਹੈ। ਸੰਵਿਧਾਨ ਦੇ ਆਰਟੀਕਲ 14 ਰਾਂਹੀ ਕਨੂੰਨ ਸਾਹਮਣੇ ਸਭ ਨੂੰ ਇੱਕ ਸਮਾਨ ਅਧਿਕਾਰ ਅਤੇ ਮੌਕੇ ਦਿੱਤੇ ਗਏ ਹਨ। ਡਾ. ਅੰਬੇਡਕਰ ਨੇ 26 ਨਵੰਬਰ 1949 ਨੂੰ ਸੰਵਿਧਾਨ ਸਭਾ ਨੂੰ ਸੰਵਿਧਾਨ ਸਪੁਰਦ ਕਰਦਿਆਂ ਦੇਸ਼ਵਾਸੀਆਂ ਨੂੰ ਚਿਤਾਵਨੀ ਵਜੋਂ ਯਾਦ ਕਰਾਉਦਿਆਂ ਕਿਹਾ ਸੀ, “ਕੋਈ ਵੀ ਰਾਜਨੀਤਕ ਵਿਵਸਥਾ ਅਧਿਕ ਸਮੇਂ ਤੱਕ ਜਿੰਦਾ ਨਹੀਂ ਰਹਿ ਸਕਦੀ ਜੇਕਰ ਉਸ ਨੂੰ ਇੱਕ ਬਰਾਬਰ ਸਮਾਜਿਕ-ਆਰਥਿਕ ਵਿਵਸਥਾ ਦੁਆਰਾ ਪ੍ਰਫੁੱਲਤ ਨਹੀਂ ਕੀਤਾ ਜਾਂਦਾ। ਉਨ੍ਹਾਂ ਕਿਹਾ ਕਿ ਕੱਲ੍ਹ ਨੂੰ ਜੇ ਦੇਸ਼ ਦੇ ਹਾਲਾਤ ਵਿਗੜੇ, ਤਾਂ ਸਵਾਲ ਇਹ ਨਹੀਂ ਹੋਵੇਗਾ ਕਿ ਸੰਵਿਧਾਨ ਮਾੜਾ ਹੈ, ਸੰਵਿਧਾਨ ਇੱਕ ਪਵਿਤਰ ਗ੍ਰੰਥ ਹੈ, ਸਾਨੂੰ ਇਹ ਕਹਿਣਾ ਹੋਵੇਗਾ ਕਿ ਸੰਵਿਧਾਨ ਨੂੰ ਲਾਗੂ ਕਰਨ ਵਾਲੇ ਦੁਸ਼ਟ ਨਿਕਲੇ, ਜੋ ਸੰਵਿਧਾਨ ਨੂੰ ਲਾਗੂ ਕਰਨ ’ਚ ਖਰ੍ਹੇ ਨਹੀਂ ਉਤਰ ਰਹੇ?”

ਉਨ੍ਹਾਂ ਕਿਹਾ, “ਸਮਾਨਤਾ ਹੀ ਲੋਕਤੰੱਤਰ ਹੈ। ਲੋਕਤੰਤਰ ਹੀ ਸਮਾਨਤਾ ਤੇ ਭਾਈਚਾਰਾ ਪੈਦਾ ਕਰ ਸਕਦਾ ਹੈ। ਦੇਸ਼ ਵਿਚ ਜੇ ਲੋਕਤੰਤਰ ਨੇ ਇੱਕ ਵਿਅਕਤੀ, ਇੱਕ ਵੋਟ, ਇੱਕ ਕੀਮਤ ਦੇ ਸਿਧਾਂਤ ਉਤੇ ਚੱਲਣਾ ਹੈ ਤਾਂ ਸਾਨੂੰ ਦਲੇਰੀ ਨਾਲ ਭਾਰਤੀ ਸਮਾਜ ਦੇ ਸਮਾਜਿਕ-ਆਰਥਿਕ ਅਤੇ ਰਾਜਨੀਤਕ ਢਾਂਚੇ ਨੂੰ ਸੰਵਿਧਾਨ ਦੇ ਕਾਨੂੰਨਾਂ ਦੁਆਰਾ ਪ੍ਰਿਭਾਸ਼ਤ ਕਰਨਾ ਹੋਵੇਗਾ। ਗੈਰ ਲੋਕਤੰਤਰੀ ਸਰਗਰਮੀਆਂ ਨੂੰ ਹਰ ਹਾਲਾਤ ਵਿੱਚ ਰੋਕਿਆ ਜਾਣਾ ਚਾਹੀਦਾ ਹੈ।”

ਦੇਸ਼ ਵਿਚ ਜਿਨ੍ਹਾਂ ਨੇ ਸੰਵਿਧਾਨ ਤੇ ਲੋਕਤੰਤਰ ਨੂੰ ਬਚਾਉਣਾ ਹੈ, ਅੱਜ ਉਹੀ ਇਸ ਨੂੰ ਵੱਡੀ ਢਾਹ ਲਗਾ ਰਹੇ ਹਨ। ਸਿਆਸੀ ਧਾਰਮਿਕ ਤੇ ਹੋਰ ਖਿੱਤਿਆਂ ਦੇ ਮੁਖੀ ਆਪਣਾ ਸਿਆਸੀ ਤੇ ਧਾਰਮਿਕ ਲਾਭ ਲੈਣ ਲਈ ਲੋਕਾਂ ਵਿਚ ਵੰਡੀਆਂ ਪਾ ਰਹੇ ਹਨ। ਸੰਵਿਧਾਨ ਦੇ ਲਾਗੂ ਹੋਣ ਦੇ 76 ਸਾਲ ਬਾਅਦ ਵੀ ਰਾਜ ਕਰਨ ਵਾਲੀਆਂ ਪਾਰਟੀਆਂ ਨੇ ਦੇਸ਼ ਵਿੱਚ ਸਮਾਨਤਾ ਲਿਆਉਣ ਲਈ ਕੁੱਝ ਨਹੀਂ ਕੀਤਾ। ਤਾਜਾ ਵਿਸ਼ਵ ਅਸਮਾਨਤਾ ਰਿਪੋਰਟ 2026 ਮੁਤਾਬਕ ਭਾਰਤ ਦੇ ਇੱਕ ਫ਼ੀਸਦੀ ਅਮੀਰ 40ਫ਼ੀਸਦੀ ਦੌਲਤ ਦੇ ਮਾਲਕ ਹਨ, ਜਦ ਕਿ ਜੇ ਉਪਰਲੇ 10 ਫ਼ੀਸਦੀ ਲਈਏ ਤਾਂ ਕੁੱਲ 65 ਫ਼ੀਸਦੀ ਦੌਲਤ ਇਨ੍ਹਾਂ ਕੋਲ ਹੈ। ਹੇਠਲੇ 50 ਫ਼ੀਸਦੀ ਅਬਾਦੀ ਭਾਵ ਕਿਸਾਨ, ਦਿਹਾੜੀਦਾਰ, ਚੌਥੇ ਦਰਜੇ ਦੇ ਮੁਲਾਜ਼ਮਾਂ, ਰੇਹੜੀ ਲਗਾਉਣ ਵਾਲੇ ਆਦਿ ਕੋਲ ਸਿਰਫ਼ 6 ਫ਼ੀਸਦੀ ਦੌਲਤ ਹੈ। ਕੀ 22 ਰੁਪਏ ਦਿਹਾੜੀ ਕਮਾਉਣ ਵਾਲਾ ਮਜ਼ਦੂਰ ਸਮਾਰਟ ਸਿਟੀ ਸ਼ਹਿਰਾਂ ਵਿੱਚ ਮਕਾਨ ਖਰੀਦਣ ਜਾਂ ਬੁਲੇਟ ਟ੍ਰੇਨ ਵਿੱਚ ਸਫ਼ਰ ਕਰਨ ਦੀ ਗੱਲ ਸੋਚ ਵੀ ਸਕਦਾ ਹੈ?

ਜੇ ਸਰਕਾਰ ਵਾਕਿਆ ਹੀ ਗਰੀਬਾਂ ਨੂੰ ਉਪਰ ਉਠਾਉਣਾ ਚਾਹੁੰਦੀ ਹੈ ਤਾਂ ਉਸ ਨੂੰ ਸੰਵਿਧਾਨ ਦੀਆਂ ਭਾਵਨਾਵਾਂ ਉਤੇ ਪਹਿਰਾ ਦੇਣਾ ਪਵੇਗਾ। ਜੇ ਸਰਕਾਰ ਪਿਛਲੇ 76 ਸਾਲਾਂ ਵਿੱਚ ਬਣੇ ਐਮ. ਐਲ. ਏ., ਐਮ. ਪੀ., ਪੀ. ਸੀ. ਐਸ., ਆਈ. ਏ. ਐਸ., ਆਈ. ਪੀ. ਐਸ., ਸਮੇਤ ਧਾਰਮਿਕ ਆਗੂਆਂ ਅਤੇ ਅਫ਼ਸਰਾਂ ਦੀ ਜਾਇਦਾਦ ਸਬੰਧੀ ਵਾਈਟ ਪੇਪਰ ਜਾਰੀ ਕਰੇ ਕਿ ਸ਼ੁਰੂ ਵਿੱਚ ਇਨ੍ਹਾਂ ਦੀ ਪ੍ਰਾਪਰਟੀ ਕੀ ਸੀ ਤੇ ਅੱਜ ਇਨ੍ਹਾਂ ਦੀ ਪ੍ਰਾਪਰਟੀ ਕੀ ਹੈ ਤਾਂ ਇਨ੍ਹਾਂ ਦਾ ਦੇਸ਼ ਪਿਆਰ ਸਾਹਮਣੇ ਆ ਜਾਵੇਗਾ। ਸਰਕਾਰ ਨੇ ਜਿਵੇਂ ਗ਼ਰੀਬੀ ਦੀ ਰੇਖਾ ਨਿਸਚਿਤ ਕੀਤੀ ਹੋਈ ਹੈ,ਉਵੇਂ ਹੀ ਅਮੀਰੀ ਦੀ ਰੇਖਾ ਵੀ ਨਿਸਚਿਤ ਕਰੇ ਕਿ ਇਸ ਤੋਂ ਵੱਧ ਜਿਸ ਦੀ ਜਾਇਦਾਦਾ ਹੋਵੇਗੀ, ਉਸ ਲਈ ਸਜ਼ਾ ਤਹਿ ਕਰੇ, ਇਨ੍ਹਾਂ ਦੀ ਆਮਦਨ ਤੋਂ ਵਾਧੂ ਜਾਇਦਾਦ ਜਬਤ ਕਰੇ ਤਾਂ ਇਸ ਤਰ੍ਹਾਂ ਭਰਿਸ਼ਟਾਚਾਰ ਨੂੰ ਵੀ ਕਾਫ਼ੀ ਹਦ ਤਕ ਠਿਲ੍ਹ ਪਾਈ ਜਾ ਸਕੇਗੀ।



# 'ਅਲਜ਼ਾਈਮਰ' ਦੀ ਵੱਧ ਰਹੀ ਚਿੰਤਾ ਬਣੀ ਵਿਸ਼ਵ ਲਈ ਖਤਰਾ



*''ਅਲਜ਼ਾਈਮਰ ਯਾਨਿ ਯਾਦਾਸ਼ਤ ਦਾ ਨੁਕਸਾਨ; ਖਾਸ ਤੌਰ 'ਤੇ ਹਾਲੀਆ ਘਟਨਾਵਾਂ, ਗੱਲਬਾਤ ਜਾਂ ਕੁੱਝ ਮਾਮਲਿਆਂ 'ਚ, ਦੋਸਤ-ਮਿੱਤਰਾਂ ਨੂੰ ਭੁੱਲਣਾ, ਵਗੈਰਾ ਦੇਖੇ ਜਾ ਰਹੇ ਹਨ। ਬੋਧਾਤਮਕ ਮੁਸ਼ਕਲਾਂ, ਪਲਾਨਿੰਗ, ਪ੍ਰਬੰਧ, ਮਲਟੀਟਾਸਕਿੰਗ ਅਤੇ ਸਮੱਸਿਆ ਹੱਲ ਕਰਨ 'ਚ ਦਿੱਕਤ, ਭਟਕਣਾ, ਯਾਨਿ ਜਾਣੂ ਰਸਤੇ ਭੁੱਲ ਜਾਣਾ ਜਾਂ ਗੁੰਮ ਹੋ ਜਾਣਾ ਆਮ ਹੋ ਜਾਂਦਾ ਹੈ'' - ਡਾ ਅਨਿਲ ਧੀਰ. ਕਾਲਮਨਿਸਟ. ਪੀਐਫਏ ਕੈਨੇਡੀਅਨ ਰੈੱਡ ਕਰਾਸ. ਲੇਖਕ ''ਹੈਲਥ ਅਲਰਟ ਸੀਰੀਜ਼'' ਅਤੇ ''ਸੈਲਫ-ਕੇਅਰ ਟਿੱਪਸ ਐਨਸਾਈਕਲੋਪੀਡੀਆ''*

ਵਿਸ਼ਵ ਭਰ 'ਚ ਜਨਵਰੀ 2026 ਦਾ ਮਹੀਨਾ ਆਮ ਬਿਮਾਰੀ ਅਲਜ਼ਾਈਮਰ ਪ੍ਰਤੀ ਜਾਗਰੁਕਤਾ ਲਈ ਰਾਸ਼ਟਰੀ-ਅੰਤਰਾਸ਼ਟਰੀ ਪੱਧਰ 'ਤੇ ਲੋਕਾਂ ਨੂੰ ਜਾਗਰੁੱਕ ਕਰ ਕੇ ਮਨਾਇਆ ਜਾ ਰਿਹਾ ਹੈ। ਪਹਿਲਾਂ ਕੀ ਸੀ ਕਿ ਬਿਮਾਰੀ ਦੇ ਲੱਛਣ 65 ਸਾਲ ਤੋਂ ਬਾਅਦ 'ਚ ਦੇਖੇ ਜਾਂਦੇ ਸਨ ਲੇਕਿਨ ਅੱਜ ਸਟ੍ਰੈੱਸ ਦੇ ਚੱਲਦੇ ਹੋਏ ਉਮਰ ਦੇ ਅੰਦਾਜ਼ੇ ਵੀ ਬਦਲਦੇ ਜਾ ਰਹੇ ਹਨ।

ਸਾਲ 2025 'ਚ, ਅੰਦਾਜ਼ਨ 56 ਤੋਂ 99 ਮਿਲੀਅਨ ਤੋਂ ਵੱਧ ਲੋਕ ਵਿਸ਼ਵ ਭਰ 'ਚ ਡਿਮੇਂਸ਼ੀਆ ਨਾਲ ਜੀ ਰਹੇ ਹਨ, ਜਿਨ੍ਹਾਂ ਵਿੱਚੋਂ 60-70% ਕੇਸ ਅਲਜ਼ਾਈਮਰ ਰੋਗ ਦਾ ਕਾਰਨ ਬਣੇ ਹਨ। ਹਰ ਇੱਕ ਸੈਕਿੰਡ 'ਚ 3, ਯਾਨਿ ਲੱਗਭਗ 10 ਮਿਲੀਅਨ ਨਵੇਂ ਕੇਸ ਆ ਰਹੇ ਹਨ। ਪੂਰੀ ਦੁਨੀਆ 'ਤੇ ਅੰਦਾਜ਼ਨ ਲਾਗਤ 1.3 ਟ੍ਰਿਲੀਅਨ ਅਮਰੀਕੀ ਡਾਲਰ ਤੋਂ ਵੱਧ ਹੋਣ ਦਾ ਅਨੁਮਾਨ ਹੈ। ਔਰਤਾਂ ਦਾ ਅੰਕੜਾ ਜ਼ਿਆਦਾ ਦੇਖਣ ਨੂੰ ਮਿਲ ਰਿਹਾ ਹੈ।

ਅਲਜ਼ਾਈਮਰ ਰੋਗ ਇੱਕ ਪ੍ਰਗਤੀਸ਼ੀਲ, ਅਟਲ ਨਿਊਰੋਡੀਜਨਰੇਟਿਵ ਵਿਕਾਰ ਹੈ ਜੋ ਦਿਮਾਗ ਦੇ ਸ਼ੈਲ਼ਾ ਨੂੰ ਖਤਮ ਕਰ ਦਿੰਦਾ ਹੈ। ਜੋ ਕਿ ਡਿਮੈਂਸ਼ੀਆ ਦੇ 60-80% ਲਈ ਜ਼ਿੰਮੇਵਾਰ ਹੈ।



ਅਨਿਲ ਧੀਰ
ਕਾਲਮਨਿਸਟ
healthmedia1@hotmail.com

ਇਹ ਗੰਭੀਰ ਬੌਧਾਤਮਕ ਗਿਰਾਵਟ ਦਾ ਕਾਰਨ ਬਣਦਾ ਹੈ। ਜਿਸ 'ਚ ਯਾਦਾਸ਼ਤ ਦਾ ਨੁਕਸਾਨ, ਉਲਝਣ ਅਤੇ ਵਿਵਹਾਰਕ ਤਬਦੀਲੀਆਂ ਸ਼ਾਮਲਹਨ-ਐਮੀਲੋਇਡ ਪਲੇਕਸ ਅਤੇ ਟਾਉ ਟੈਂਗਲਜ਼ ਦੇ ਇੱਕਠੇ ਹੋਣ ਦੇ ਨਤੀਜੇ ਵਜੋਂ ਦੇਖਿਆ ਜਾਂਦਾ ਹੈ। ਅੱਜ ਕੋਈ ਪੱਕਾ ਇਲਾਜ਼ ਨਹੀਂ ਹੈ ਲੇਕਿਨ ਲੱਛਣਾਂ ਦੇ ਅਧਾਰ 'ਤੇ ਕੋਸ਼ਿਸ਼ ਕੀਤੀ ਜਾਂਦੀ ਹੈ।




ਸ਼ੁਰੂਆਤੀ ਲੱਛਣਾਂ 'ਚ ਯਾਦਾਸ਼ਤ ਦਾ ਨੁਕਸਾਨ; ਖਾਸ ਤੌਰ 'ਤੇ ਹਾਲੀਆ ਘਟਨਾਵਾਂ, ਗੱਲਬਾਤ ਜਾਂ ਕੁੱਝ ਮਾਮਲਿਆਂ 'ਚ, ਦੋਸਤ-ਮਿੱਤਰਾਂ ਨੂੰ ਭੁੱਲਣਾ, ਵਗੈਰਾ ਦੇਖੇ ਜਾ ਰਹੇ ਹਨ। ਬੌਧਾਤਮਕ ਮੁਸ਼ਕਲਾਂ, ਪਲਾਨਿੰਗ, ਪ੍ਰਬੰਧ, ਮਲਟੀਟਾਸਕਿੰਗ ਅਤੇ ਸਮੱਸਿਆ ਹੱਲ ਕਰਨ 'ਚ ਦਿੱਕਤ, ਭਟਕਣਾ, ਯਾਨਿ ਜਾਣੂ ਰਸਤੇ ਭੁੱਲ ਜਾਣਾ ਜਾਂ ਗੁੰਮ ਹੋ ਜਾਣਾ ਆਮ ਹੋ ਜਾਂਦਾ ਹੈ। ਵਿਵਹਾਰਕ ਤਬਦੀਲੀਆਂ 'ਚ ਸਟ੍ਰੈੱਸ ਦਾ ਵੱਧ ਜਾਣਾ, ਚਿੰਤਾ, ਉਦਾਸੀ ਅਤੇ ਲੋਕ ਸਮਾਜਿਕ ਗਤੀਵਿਧੀਆਂ ਤੋਂ ਦੂਰ ਰਹਿਣਾ ਸ਼ੁਰੂ ਕਰ ਦਿੰਦਾ ਹੈ। ਗੱਲਬਾਤ ਦੌਰਾਣ ਸਹੀ ਸ਼ਬਦਾਂ ਦੀ ਚੋਣ ਕਰਨੀ ਔਖੀ ਹੋ ਜਾਂਦੀ ਹੈ।

**ਆਮ ਅਤੇ ਜੋਖਮ ਕਾਰਨ: ਦਿਮਾਗ 'ਚ ਤਬਦੀਲੀ:** ਇਹ ਰੋਗ ਜ਼ਹਿਰੀਲੇ ਪ੍ਰੋਟੀਨ ਦੇ ਇੱਕਠੇ ਹੋਣ ਕਾਰਨ ਐਮੀਲੋਇਡ ਪਲੇਕਸ (ਸ਼ੈੱਲ਼ਾ ਦੇ ਬਾਹਰ) ਅਤੇ ਟੈਂਗਲਜ਼ (ਸ਼ੈੱਲਾਂ ਦੇ ਅੰਦਰ) ਦੇਖੀ ਜਾਂਦੀ ਹੈ। ਜੋਖਮ ਕਾਰਨ ਯਾਨਿ ਆਮ ਤੌਰ 'ਤੇ 65 ਸਾਲ ਦੀ ਉਮਰ ਤੋਂ ਬਾਅਦ ਖਤਰਾ ਅਤੇ ਤੁਹਾਡੇ ਲਾਈਫ ਸਟਾਈਲ, ਦਿਲ ਦੀ ਸਿਹਤ ਅਤੇ ਜੈਨੇਟਿਕ ਕਾਰਨਾਂ ਨੂੰ ਜ਼ਿੰਮੇਵਾਰ ਮੰਨਿਆ ਜਾਂਦਾ ਹੈ।

**ਅਲਜ਼ਾਈਮਰ ਦੇ ਪੜਾਅ:** ਸ਼ੁਰੂਆਤ 'ਚ ਕੰਮ ਕਰਨ ਦੀ ਯੋਗਤਾ ਘੱਟ ਜਾਣਾ, ਪੈਸੇ ਦੇ ਲੇਣ-ਦੇਣ 'ਚ ਮੁਸ਼ਕਲਾਂ ਦੇ ਨਾਲ ਹਾਲੀਆ ਘਟਨਾਵਾਂ ਨੂੰ ਯਾਦ ਰੱਖਣਾ ਮੁਸ਼ਕਲ ਹੋ ਜਾਂਦਾ ਹੈ। ਦਰਮਿਆਨੇ ਲੱਛਣਾਂ 'ਚ ਡੇਲੀ ਦੇ ਕੰਮਾਂ ਨੂੰ ਕਰਨ 'ਚ ਲੋੜ ਪੈ ਜਾਂਦੀ ਹੈ। ਸੰਭਾਵੀ ਸ਼ਖਸੀਅਤ 'ਚ ਤਬਦੀਲੀ ਆਮ ਦੇਖੀ ਜਾਂਦੀ ਹੈ। ਦੇਰ ਬਾਅਦ ਯਾਨਿ ਆਖਰੀ ਪੜਾਅ 'ਚ ਗੰਭੀਰ ਹਾਲਤ ਪੈਦਾ ਹੋ ਜਾਂਦੀ ਹੈ। ਕੰਟਰੋਲ ਕਰਨਾ ਮੁਸ਼ਕਲ ਹੋ ਜਾਂਦਾ ਹੈ।

ਅਲਜ਼ਾਈਮਰ ਦੀ ਸ਼ੁਰੂਆਤ 'ਚ ਜਾਂਚ ਲਈ ਇੱਕ ਬੌਧਾਤਮਕ ਟੂਲ ਵਰਤਿਆ ਜਾਂਦਾ ਹੈ। ਜਿਸ 'ਚ ਵਿਅਕਤੀ ਨੂੰ ਇੱਕ ਖਾਸ ਕ੍ਰਮ 'ਚ 5 ਸ਼ਬਦ ਦਿੱਤੇ ਜਾਂਦੇ ਹਨ ਅਤੇ ਕੁੱਝ ਮਿੰਟਾਂ, ਉਹਨਾਂ ਨੂੰ ਉਸੇ ਕ੍ਰਮ 'ਚ ਯਾਦ ਕਰਨ ਲਈ ਕਿਹਾ ਜਾਂਦਾ ਹੈ। ਹੈਲਥ ਕੇਅਰ ਟੇਕਰ ਦੁਆਰਾ ਯਾਦਾਸ਼ਤ ਅਤੇ ਥੋੜੇ ਸਮੇਂ ਦੀ ਯਾਦਾਸ਼ਤ ਨੂੰ ਜਾਂਚ ਕਰਨ ਲਈ ਕੀਤੀ ਜਾਂਦੀ ਹੈ।

**ਖਤਰਾ ਘਟਾਓ:**

- ਸਰੀਰਕ ਐਕਟੀਵਿਟੀ 'ਚ ਡੇਲੀ ਵਰਕਆਉਟ, ਯੋਗਾ, ਸੈਰ, ਬ੍ਰੇਨ ਗੇਮਸ, ਦੁਆਰਾ ਸਰੀਰ ਦਾ ਬਲੱਡ ਸਰਕੂਲੇਸ਼ਨ ਠਕਿ ਰਹਿਣ ਨਾਲ ਦਿਲ ਦੇ ਦੌਰੇ ਦਾ ਖਤਰਾ ਘੱਟ ਹੋ ਸਕਦਾ ਹੈ।
- ਦਿਮਾਗ ਨੂੰ ਐਕਟਿਵ ਰੱਖਣ ਲਈ ਲਿੱਖਣਾ-



ਪੜਨਾ ਜਾਰੀ ਰੱਖੋ। ਪਹੇਲੀਆਂ ਦਾ ਹੱਲ ਫਾਇਦਾ ਦੇ ਸਕਦਾ ਹੈ।
- ਹਾਈ ਬਲੱਡ-ਪ੍ਰੈਸ਼ਰ, ਸ਼ੂਗਰ, ਅਤੇ ਵੱਧ ਕੋਲੇਸਟ੍ਰੋਲ ਵਾਲੇ ਲੋਕ ਆਪਣਾ ਖਾਸ ਖਿਆਲ ਰੱਖਣ। ਆਪਣੀਆਂ ਦਵਾਈਆਂ ਸਮੇਂ ਤੇ ਲੈਂਦੇ ਰਹੋ।
- ਦਿਮਾਗੀ ਸੱਟਾਂ ਨੂੰ ਰੋਕਣ ਲਈ ਡਰਾਈਵਿੰਗ ਦੌਰਾਣ ਹਮੇਸ਼ਾ ਸੀਟ ਅਤੇ ਹੈਲਮੇਟ ਦੀ ਵਰਤੋਂ ਕਰੋ।
- ਆਪਣੀ 8 ਘੰਟੇ ਦੀ ਨੀਂਦ ਪੂਰੀ ਲਵੋ।
- ਹੈਲਦੀ ਖੁਰਾਕ 'ਚ ਮੈਡੀਟੇਰੀਅਨ ਡਾਈਟ, ਪੌਸ਼ਟਿਕ ਤੱਤਾਂ ਨਾਲ ਭਰਪੂਰ, ਪੌਦਿਆਂ - ਆਧਾਰਿਤ ਭੋਜਨ, ਨੂੰ ਤਰਜ਼ੀਹ ਦੇਣ ਦੀ ਲੋੜ ਹੈ ਨਾਕਿ ਚੀਨੀ, 'ਤੇ ਪ੍ਰੋਸੈਸਡ ਖੁਰਾਕ। ਹਰੀ ਪੱਤੇਦਾਰ ਸਬਜ਼ੀਆਂ, ਬੇਰੀਆਂ, ਨੱਟਸ, ਬਾਦਾਮ, ਅਖਰੋਟ, ਹੋਲ-ਗ੍ਰੇਨਜ਼, ਆਲਿਵ-ਆਇਲ ਅਤੇ ਮੱਛੀ ਦੀ ਵਰਤੋਂ ਨਾਲ ਬ੍ਰੇਨ ਅੰਦਰ ਸੋਜਸ਼ ਅਤੇ ਅਲਜ਼ਾਈਮਰ ਦਾ ਖਤਰਾ ਘੱਟ ਕੀਤਾ ਜਾ ਸਕਦਾ ਹੈ।

# ਜ਼ਰੂਰੀ ਹਨ ਤੰਦਰੁਸਤ ਅੱਖਾਂ



ਸਿਹਤਮੰਦ ਅੱਖਾਂ ਦਾ ਮਤਲਬ ਸਿਰਫ਼ ਅੱਖਾਂ ਦੀ ਸਹੀ ਦ੍ਰਿਸ਼ਟੀ ਤੋਂ ਨਹੀਂ ਹੁੰਦਾ ਸਗੋਂ ਦੋਸ਼-ਰਹਿਤ ਅੱਖਾਂ ਤੋਂ ਹੈ। ਅੱਖਾਂ ਨੂੰ ਛੇਤੀ ਥਕਾਵਟ ਨਾ ਆਉਣਾ, ਪੀਲਾਪਨ ਨਾ ਆਉਣਾ, ਅੱਖਾਂ ਦਾ ਗੋਲਕ ਟੋਏ ਵਿਚ ਧੱਸਿਆ ਹੋਇਆ ਨਾ ਹੋਣਾ ਸਿਹਤਮੰਦ ਅੱਖਾਂ ਦੀ ਨਿਸ਼ਾਨੀ ਹੈ। ਨਾਲ ਹੀ ਪੁਤਲੀਆਂ, ਪਲਕਾਂ ਦੇ ਹੇਠਾਂ ਝੁਰੜੀਆਂ ਵੀ ਨਹੀਂ ਰਹਿਣੀਆਂ ਚਾਹੀਦੀਆਂ। ਅੱਖਾਂ ਸਾਫ਼, ਨਿਰਮਲ ਅਤੇ ਚਮਕਦਾਰ ਹੋਣ ਤਾਂ ਸਿਹਤਮੰਦ ਕਹੀਆਂ ਜਾਣਗੀਆਂ। ਸੰਤੁਲਿਤ ਅਤੇ ਪੌਸ਼ਟਿਕ ਭੋਜਨ ਨਾਲ ਸਰੀਰ ਦੇ ਸਭ ਅੰਗ ਤਾਕਤਵਰ ਹੁੰਦੇ ਹਨ ਪਰ ਅੱਖਾਂ ਲਈ ਕੁਝ ਵਿਸ਼ੇਸ਼ ਤੌਰ 'ਤੇ ਜ਼ਿੰਮੇਵਾਰ ਭੋਜਨ ਤੱਤ ਡਾਕਟਰ ਵਿਗਿਆਨੀਆਂ ਵਲੋਂ ਲੱਭੇ ਗਏ ਹਨ ਜਿਨ੍ਹਾਂ ਦੀ ਜੇਕਰ ਅਣਦੇਖੀ ਕੀਤੀ ਜਾਵੇ ਤਾਂ ਅੱਖਾਂ ਦੀ ਰੌਸ਼ਨੀ 'ਤੇ ਉਲਟ ਪ੍ਰਭਾਵ ਪੈਂਦਾ ਹੈ। ਸਾਡੀਆਂ ਅੱਖਾਂ ਸਿਹਤਮੰਦ ਰਹਿਣ, ਇਸ ਲਈ ਹੇਠ ਲਿਖੀਆਂ ਗੱਲਾਂ ਵੱਲ ਧਿਆਨ ਰੱਖਣਾ ਚਾਹੀਦਾ।

ਅੱਖਾਂ ਸਾਫ਼, ਨਿਰਮਲ ਅਤੇ ਹਮੇਸ਼ਾ ਸਾਫ਼ ਰਹਿਣ, ਇਸ ਦਾ ਹਮੇਸ਼ਾ ਧਿਆਨ ਰੱਖਣਾ ਚਾਹੀਦਾ ਹੈ। ਅੱਖਾਂ ਨੂੰ ਠੰਢਕ ਪਸੰਦ ਹੈ, ਰੋਜ਼ ਸਵੇਰੇ ਉੱਠ ਠੰਢੇ ਪਾਣੀ ਨਾਲ ਅੱਖਾਂ ਨੂੰ ਸਾਫ਼ ਕਰਨਾ ਨਾ ਭੁੱਲੋ। ਸਾਫ਼ ਗਿਲਾਸ ਵਿਚ ਪਾਣੀ ਲੈ ਕੇ ਚੁਲੀ ਭਰ ਕੇ ਅੱਖਾਂ 'ਤੇ ਪਾਣੀ ਛੱਡੋ। ਧਿਆਨ ਰੱਖੋ ਕਿ ਪਲਕਾਂ ਝਪਕੋ ਨਾ। ਇਹ ਤਰ੍ਹਾਂ ਪੰਜ ਸੱਤ ਵਾਰ ਕਰ ਲੈਣ ਨਾਲ ਅੱਖਾਂ ਸਾਫ਼ ਅਤੇ ਸਿਹਤਮੰਦ ਅਨੁਭਵ ਕਰਨ ਲਗਦੀਆਂ ਹਨ।

ਅੱਖਾਂ ਨੂੰ ਧੂੜ ਅਤੇ ਗਰਮੀ ਤੋਂ ਬਚਾਈ ਰੱਖਣ

ਰਵਿੰਦਰ ਝਾਅ

ਲਈ ਹਫ਼ਤੇ ਵਿਚ ਦੋ ਵਾਰ ਵਿਸ਼ੇਸ਼ ਮਿਹਨਤ ਕਰਨੀ ਚਾਹੀਦੀ ਹੈ। ਇਸ ਲਈ ਇਕ ਬਾਲਟੀ ਸਾਫ਼ ਪਾਣੀ ਵਿਚ ਸਾਹ ਰੋਕ ਕੇ ਆਪਣੇ ਸਿਰ ਨੂੰ ਉਸ ਪਾਣੀ ਵਿਚ ਏਨਾ ਡੁਬਾਓ ਕਿ ਅੱਖਾਂ, ਨੱਕ, ਮੂੰਹ ਸਭ ਪੂਰੀ ਤਰ੍ਹਾਂ ਨਾਲ ਡੁੱਬ ਜਾਣ। ਹੁਣ ਉਸ ਪਾਣੀ ਅੰਦਰ ਅੱਖਾਂ ਖੋਲ੍ਹਣ, ਬੰਦ ਕਰਨ ਅਤੇ ਪੁਤਲੀਆਂ ਨੂੰ ਇਧਰ-ਉਧਰ ਘੁਮਾਉਣ ਦੀ ਕੋਸ਼ਿਸ਼ ਕਰੋ। ਜਦੋਂ ਸਾਹ ਲੈਣਾ ਹੋਵੇ ਤਾਂ ਸਿਰ ਬਾਹਰ ਕਰ ਲਓ। ਦੋ-ਚਾਰ ਵਾਰ ਇਸ ਤਰ੍ਹਾਂ ਅਭਿਆਸ ਕਰਨ ਨਾਲ ਅੱਖਾਂ ਸਾਫ਼ ਅਤੇ ਠੰਢੀਆਂ ਹੋ ਜਾਂਦੀਆਂ ਹਨ।

ਅੱਖਾਂ ਦੇ ਡਾਕਟਰਾਂ ਅਨੁਸਾਰ ਵਿਟਾਮਿਨ 'ਏ' ਅੱਖਾਂ ਲਈ ਚੰਗਾ ਹੁੰਦਾ ਹੈ। ਸਾਡੀਆਂ ਅੱਖਾਂ ਦੇ 'ਰੈਟੀਨਾ' ਦੋਸ਼ਾਂ ਵਿਚ ਜੋ ਪ੍ਰਤੀਕਿਰਿਆ ਹੁੰਦੀ ਹੈ, ਉਸ ਲਈ ਵਿਟਾਮਿਨ 'ਏ' ਦੀ ਭਰਪੂਰ ਮਾਤਰਾ ਵਿਚ ਮੌਜੂਦਗੀ ਜ਼ਰੂਰ ਹੋਣੀ ਚਾਹੀਦੀ ਹੈ। ਵਿਟਾਮਿਨ 'ਏ' ਦੀ ਕਮੀ ਨਾਲ ਰਤੌਂਧੀ ਹੋਣ ਲਗਦੀ ਹੈ। ਅੱਖਾਂ ਦੀ ਕੰਜਕਟਾਈਵਾ ਦੇ ਕੋਸ਼ ਮੋਟੇ, ਪਰਤਦਾਰ ਅਤੇ ਸੁੱਕੇ 'ਚੋਂ ਜਾਂਦੇ ਹਨ ਅਤੇ ਆਪਣੀ ਚਮਕ ਗਵਾ ਦਿੰਦੇ ਹਨ। ਅੱਖਾਂ ਤੋਂ ਪਾਣੀ ਵਗਣ ਲਗਦਾ ਹੈ। ਧੁੱਪ ਵਿਚ ਕੁਝ ਵੀ ਦੇਖ ਸਕਣਾ ਮੁਸ਼ਕਿਲ ਹੋ ਜਾਂਦਾ ਹੈ ਅਤੇ ਆਪਣੀ ਰੌਸ਼ਨੀ ਗਵਾ ਬੈਠਦਾ ਹੈ। ਵਿਟਾਮਿਨ 'ਏ' ਵਾਲੇ ਭੋਜਨ ਜਿਵੇਂ ਦੁੱਧ, ਮੱਖਣ, ਟਮਾਟਰ, ਗਾਜਰ, ਹਰੀਆਂ ਸਬਜ਼ੀਆਂ, ਦੀ ਵਿਸ਼ੇਸ਼ ਤੌਰ 'ਤੇ ਵਰਤੋਂ ਕਰਨੀ ਚਾਹੀਦੀ ਹੈ।

ਅੱਖਾਂ ਨੂੰ ਸਾਫ਼ ਅਤੇ ਮਜ਼ਬੂਤ ਬਣਾਈ ਰੱਖਣ ਵਿਚ ਤ੍ਰਿਫਲਾ ਪਾਣੀ ਕਾਫ਼ੀ ਗੁਣਕਾਰੀ ਹੈ। ਕਿਸੇ ਸਾਫ਼-ਸੁਥਰੇ ਮਿੱਟੀ ਦੇ ਭਾਂਡੇ ਜਾਂ ਸਟੀਲ ਦੇ ਭਾਂਡੇ ਵਿਚ ਇਕ-ਦੋ ਚਮਚ ਤ੍ਰਿਫਲਾ ਚੂਰਨ ਨੂੰ ਰਾਤ ਨੂੰ ਇਕ ਗਿਲਾਸ ਪਾਣੀ ਵਿਚ ਭਿਉਂ ਦਿੱਤਾ ਜਾਵੇ ਅਤੇ ਸਵੇਰੇ ਉਸ ਨੂੰ ਸਾਫ਼ ਹੱਥਾਂ ਨਾਲ ਲੈ ਕੇ ਅੱਖਾਂ ਧੋਣ ਨਾਲ ਅੱਖਾਂ ਦੀ ਸਫ਼ਾਈ ਦੇ ਨਾਲ-ਨਾਲ ਕੁਦਰਤੀ ਪੋਸ਼ਣ ਵੀ ਉਨ੍ਹਾਂ ਨੂੰ ਮਿਲਦਾ ਰਹੇਗਾ।

ਅੱਖਾਂ ਨੂੰ ਨੀਂਦ ਨਾਲ ਆਰਾਮ ਮਿਲਦਾ ਹੈ, ਸੋ ਪੂਰੀ ਨੀਂਦ ਲੈਣ ਵਿਚ ਗ਼ਲਤੀ ਨਾ ਵਰਤੀ ਜਾਵੇ। ਚੌਬੀ ਘੰਟੇ ਵਿਚ ਘੱਟ ਤੋਂ ਘੱਟ ਛੇ-ਸੱਤ ਘੰਟੇ ਸੌਣ ਨਾਲ ਅੱਖਾਂ ਚੁਸਤ ਅਤੇ ਸਹੀ ਰਹਿੰਦੀਆਂ ਹਨ। ਅੱਖਾਂ ਨੂੰ ਕਮਜ਼ੋਰ ਅਤੇ ਬਿਮਾਰ ਬਣਾਉਣ ਦੇ ਮੁੱਖ ਸਾਧਨ ਮੋਬਾਈਲ, ਟੈਲੀਵਿਜ਼ਨ ਅਤੇ ਕੰਪਿਊਟਰ ਦੀ ਜ਼ਿਆਦਾ ਵਰਤੋਂ ਵੀ ਹੈ। ਦੇਖਦੇ ਸਮੇਂ ਇਕ ਟਕ ਨਾ ਦੇਖੋ ਅਤੇ ਕੰਪਿਊਟਰ 'ਤੇ ਜ਼ਿਆਦਾ ਦੇਰ ਕੰਮ ਨਾ ਕਰੋ।

ਅੱਖਾਂ ਨਾਲ ਬਾਰੀਕ ਕੰਮ ਦੇਖਦੇ ਸਮੇਂ ਵੀ ਉਨ੍ਹਾਂ ਨੂੰ ਵਿਚਾਲੇ-ਵਿਚਾਲੇ ਅਰਾਮ ਦਿੱਤਾ ਜਾਣਾ ਜ਼ਰੂਰੀ ਹੈ। ਜੇਕਰ ਪੜ੍ਹਾਈ ਕਰ ਰਹੇ ਹੋ ਜਾਂ ਸਿਲਾਈ, ਕਢਾਈ ਕਰ ਰਹੇ ਹੋ ਤਾਂ 20 ਮਿੰਟ ਬਾਅਦ ਕੰਮ ਬੰਦ ਕਰਕੇ ਥੋੜ੍ਹੀ ਦੇਰ ਤੱਕ ਦੋਵਾਂ ਹੱਥਾਂ ਦੀਆਂ ਹਥੇਲੀਆਂ ਨਾਲ ਅੱਖਾਂ ਬੰਦ ਰੱਖਣ ਨਾਲ ਉਨ੍ਹਾਂ ਦੀ ਥਕਾਵਟ ਦੂਰ ਹੋ ਜਾਂਦੀ ਹੈ।

ਜੇਕਰ ਅੱਖਾਂ ਥੱਕੀਆਂ-ਥੱਕੀਆਂ ਜਿਹੀਆਂ ਲੱਗ ਰਹੀਆਂ ਹਨ ਤਾਂ ਗੁਲਾਬ ਜਲ ਮਿਲੇ ਪਾਣੀ ਨਾਲ ਸਾਫ਼ ਰੂੰ ਭਿਉਂ ਕੇ ਅੱਖਾਂ 'ਤੇ ਰੱਖਣ ਨਾਲ ਰਾਹਤ ਮਿਲਦੀ ਹੈ ਅਤੇ ਤਰੋਤਾਜ਼ਾ ਮਹਿਸੂਸ ਹੁੰਦੀਆਂ ਹਨ। ਸਵੇਰ ਸਮੇਂ ਅੱਧੀਆਂ ਖੁੱਲ੍ਹੀਆਂ ਅੱਖਾਂ ਨਾਲ ਕੁਝ ਸੈਕਿੰਡ ਤੱਕ ਸੂਰਜ ਦੀ ਰੌਸ਼ਨੀ ਨੂੰ ਦੇਖਣਾ ਅਤੇ ਫਿਰ ਅੱਖਾਂ ਬੰਦ ਕਰਨਾ ਅਤੇ ਰਾਤ ਨੂੰ ਚੰਦਰਮਾ ਦੇ ਨਾਲ ਵੀ ਇਸ ਪ੍ਰਕਿਰਿਆ ਕਰਨ ਨਾਲ ਅੱਖਾਂ ਦੀ ਸਹੀ ਕਸਰਤ ਹੁੰਦੀ ਹੈ।

ਅੱਖਾਂ ਦੇ ਡਾਕਟਰ ਦੀ ਸਲਾਹ ਅਨੁਸਾਰ ਐਨਕ ਦੀ ਵਰਤੋਂ ਕਰਨੀ ਸਹੀ ਹੁੰਦੀ ਹੈ। ਗ਼ਲਤ ਸ਼ੀਸ਼ੇ ਦਾ ਪ੍ਰਭਾਵ ਅੱਖਾਂ 'ਤੇ ਬੁਰਾ ਪੈਂਦਾ ਹੈ।

# ਬੰਦੇ ਖੋਜੁ ਦਿਲ ਹਰ ਰੋਜ

ਹਰਪ੍ਰੀਤ ਕੌਰ ਸੰਧੂ



ਮਨੁੱਖ ਦੀਆਂ ਸਾਰੀਆਂ ਇੱਛਾਵਾਂ, ਸੰਭਾਵਨਾਵਾਂ, ਤਰੱਕੀਆਂ, ਸਵਾਲ, ਜਵਾਬ ਸਭ ਕੁਝ ਉਸ ਦੇ ਮਨ ਵਿੱਚ ਹੀ ਹਨ। ਮਨੁੱਖ ਦਾ ਮਨ ਸਥੂਲ ਨਹੀਂ ਸੂਖਮ ਹੈ। ਉਸ ਦੀ ਸਮਰੱਥਾ ਕਿਸੇ ਵੀ ਸੁਪਰ ਕੰਪਿਊਟਰ ਤੋਂ ਜ਼ਿਆਦਾ ਹੈ। ਬਸ ਸਮੱਸਿਆ ਇਹ ਹੈ ਕਿ ਬੰਦਾ ਆਪਣੇ ਮਨ ਵਿੱਚ ਉਤਰਨ ਦੀ ਕੋਸ਼ਿਸ਼ ਨਹੀਂ ਕਰਦਾ। ਬੰਦਾ ਸਾਰਾ ਜ਼ੋਰ ਦੂਜੇ ਦੇ ਮਨ ਨੂੰ ਪੜ੍ਹਨ ਲਈ ਲਾ ਦਿੰਦਾ ਹੈ। ਸਾਰੀ ਜ਼ਿੰਦਗੀ ਪਰਮਾਤਮਾ ਨੂੰ ਮਨ ਵਿੱਚ ਵਸਾਉਣ ਦੀ ਕੋਸ਼ਿਸ਼ ਵਿੱਚ ਲੱਗਾ ਰਹਿੰਦਾ ਹੈ। ਉਹ ਇਹ ਸਮਝਦਾ ਹੀ ਨਹੀਂ ਕਿ ਪਰਮਾਤਮਾ ਮਨ ਵਿੱਚ ਹੀ ਤਾਂ ਹੈ।

ਜਿਵੇਂ ਮਿਰਗ ਕਸਤੂਰੀ ਨੂੰ ਜੰਗਲ ਵਿੱਚ ਲੱਭਦਾ ਫਿਰਦਾ ਹੈ, ਇਸੇ ਤਰ੍ਹਾਂ ਮਨੁੱਖ ਆਪਣੇ ਸਵਾਲਾਂ ਦੇ ਜਵਾਬ ਲੱਭਣ ਲਈ ਜ਼ਿੰਦਗੀ ਭਰ ਭਟਕਦਾ ਹੈ। ਉਸ ਦੀਆਂ ਕਈ ਜਗਿਆਸਾਵਾਂ ਹਨ, ਕਈ ਸਵਾਲ ਹਨ। ਇਨ੍ਹਾਂ ਦੀ ਖੋਜ ਵਿੱਚ ਉਹ ਭਟਕਦਾ ਹੈ। ਕਿਤਾਬਾਂ ਪੜ੍ਹਦਾ ਹੈ। ਨਵੀਆਂ ਨਵੀਆਂ ਖੋਜਾਂ ਬਾਰੇ ਜਾਣਕਾਰੀ ਪ੍ਰਾਪਤ ਕਰਦਾ ਹੈ, ਪਰ ਉਸ ਦੇ ਹੱਥ ਪੱਲੇ ਬਹੁਤੀ ਵਾਰ ਕੁਝ ਵੀ ਨਹੀਂ ਪੈਂਦਾ। ਉਹ ਬਹੁਤ ਕੋਸ਼ਿਸ਼ ਕਰਦਾ ਹੈ ਕਿ ਦੂਸਰਿਆਂ ਨੂੰ ਸਮਝ ਲਵੇ, ਪਰ ਇਹ ਨਹੀਂ ਸਮਝਦਾ ਕਿ ਸਮਝ ਤਾਂ ਉਸ ਨੂੰ ਖ਼ੁਦ ਦੀ ਵੀ ਨਹੀਂ ਆਈ।

ਅੱਜਕੱਲ੍ਹ ਦੇ ਸਮੇਂ ਵਿੱਚ ਬਹੁਤ ਸਾਰੀਆਂ ਸਰੀਰਕ ਬਿਮਾਰੀਆਂ ਅਜਿਹੀਆਂ ਹਨ ਜਿਨ੍ਹਾਂ ਦੀ ਸ਼ੁਰੂਆਤ ਮਨ ਤੋਂ ਹੁੰਦੀ ਹੈ। ਮਨੁੱਖ ਡਾਕਟਰਾਂ ਦੇ ਇਲਾਜ ਦੇ ਝਮੇਲਿਆਂ ਵਿੱਚ ਉਲਝ ਕੇ ਸਰੀਰਕ ਤੌਰ ’ਤੇ ਬਿਮਾਰੀ ਨੂੰ ਹਰਾਉਣਾ ਚਾਹੁੰਦਾ ਹੈ। ਕੋਈ ਨਹੀਂ ਜਾਣਦਾ ਕਿ ਇਸ ਤੋਂ ਨਿਜਾਤ ਪਾਉਣ ਦਾ ਤਰੀਕਾ ਉਸ ਦੇ ਅੰਦਰ ਹੈ। ਉਸ ਨੂੰ ਇਹ ਕਦੇ ਵੀ ਪਤਾ ਨਹੀਂ ਲੱਗਦਾ ਕਿ ਉਸ ਦੇ ਅੰਦਰ ਕਿਹੜੀ ਸ਼ਕਤੀ ਹੈ। ਉਸ ਸ਼ਕਤੀ ਨੂੰ ਸਮਝਣਾ ਤਾਂ ਬਹੁਤ ਦੂਰ ਦੀ ਗੱਲ ਹੈ, ਮਨੁੱਖ ਨੂੰ ਉਸ ਬਾਰੇ ਅੰਦਾਜ਼ਾ ਵੀ ਨਹੀਂ ਹੁੰਦਾ।

ਸਾਡੇ ਮਨ ਦੇ ਤਿੰਨ ਹਿੱਸੇ ਹਨ। ਅਚੇਤ ਮਨ, ਸੁਚੇਤ ਮਨ ਤੇ ਅਰਧ ਚੇਤਨ ਮਨ। ਚੇਤਨ ਜਾਂ ਸੁਚੇਤ ਮਨ ਉਹ ਹੈ ਜਿਸ ਨੂੰ ਅਸੀਂ ਜਾਣਦੇ ਹਾਂ, ਸਮਝਦੇ ਹਾਂ। ਸਾਡਾ ਦਿਮਾਗ਼ ਜਿਸ ਤਰ੍ਹਾਂ ਚੱਲ ਰਿਹਾ ਹੈ, ਜਿਸ ਤਰ੍ਹਾਂ ਦੀ ਸਾਡੀ ਸੋਚ ਹੈ ਉਸ ਤੋਂ ਅਸੀਂ ਜਾਣੂ ਹੁੰਦੇ ਹਾਂ, ਪਰ ਸਾਡੀ ਜ਼ਿੰਦਗੀ ’ਤੇ ਬਹੁਤਾ ਅਸਰ ਅਰਧ ਚੇਤਨ ਮਨ ਦਾ ਹੈ। ਉਹ ਮਨ ਜਿਸ ਤੋਂ ਅਸੀਂ ਜਾਣੂ ਨਹੀਂ। ਇਸ ਨੂੰ ਅੰਗਰੇਜ਼ੀ ਵਿੱਚ ਸਬਕੌਨਸ਼ੀਅਸ ਮਾਈਂਡ ਵੀ ਕਹਿੰਦੇ ਹਨ। ਬਹੁਤ ਵਾਰ ਹੁੰਦਾ ਹੈ ਕਿ ਕੋਈ ਘਟਨਾ ਵਾਪਰਦੀ ਹੈ ਤੇ ਸਾਨੂੰ ਲੱਗਦਾ ਹੈ ਕਿ ਇਹ ਸਾਨੂੰ ਪਹਿਲਾਂ ਹੀ ਲੱਗਦਾ ਸੀ ਕਿ ਹੋਵੇਗਾ। ਇੱਥੇ ਅਰਧ ਚੇਤਨ ਮਨ ਕੰਮ ਕਰ ਰਿਹਾ ਹੈ। ਮਨੁੱਖੀ ਮਨ ਦੀ ਅਪਾਰ ਸ਼ਕਤੀ ਉਸ ਦੇ ਅਰਧ ਚੇਤਨ ਮਨ ਵਿੱਚ ਪਈ ਹੈ।

ਮਨੁੱਖ ਦੀ ਹਰ ਬਿਮਾਰੀ ਦਾ ਇਲਾਜ ਉਸ ਦੇ ਅਰਧ ਚੇਤਨ ਮਨ ਕੋਲ ਹੈ। ਮਨੋਵਿਗਿਆਨਕ ਕਹਿੰਦੇ ਨੇ ਕਿ ਜਦੋਂ ਮਨੁੱਖ ਕੌਮਾ ਵਿੱਚ ਪਿਆ ਹੁੰਦਾ ਹੈ ਉਦੋਂ ਵੀ ਉਹ ਗੱਲਾਂ ਨੂੰ ਸੁਣਦਾ ਤੇ ਸਮਝਦਾ ਹੈ। ਇਹ ਠੀਕ ਹੈ ਕਿ ਉਸ ਦਾ ਜਵਾਬ ਨਹੀਂ ਦੇ ਸਕਦਾ। ਅਧਿਆਤਮ ਨੇ ਮਨ ਨੂੰ ਪਰਮਾਤਮਾ ਦਾ ਰੂਪ ਦੱਸਿਆ ਹੈ। ਅਸੀਂ ਇਸ ਨੂੰ ਪਰਮਾਤਮਾ ਦਾ ਅੰਸ਼ ਵੀ ਕਹਿ ਸਕਦੇ ਹਾਂ। ਇਹ ਉਸ ਸ਼ਕਤੀ ਦਾ ਹਿੱਸਾ ਹੈ ਜਿਸ ਨਾਲ ਇਹ ਬ੍ਰਹਿਮੰਡ ਚੱਲ ਰਿਹਾ ਹੈ। ਜਿਸ ਬੰਦੇ ਨੂੰ ਇਸ ਦੀ ਸਮਝ ਆ ਜਾਵੇ ਉਹ ਦੁਨੀਆ ’ਤੇ ਕਾਬੂ ਪਾ ਲੈਂਦਾ ਹੈ। ਦੁਨੀਆ ’ਤੇ ਕਾਬੂ ਪਾ ਲੈਣ ਦਾ ਭਾਵ ਇਹ ਨਹੀਂ ਕਿ ਦੁਨੀਆ ਨੂੰ ਜਿੱਤ ਲੈਂਦਾ ਹੈ। ਇਸ ਦਾ ਅਰਥ ਹੈ ਕਿ ਉਸ ਨੂੰ ਜ਼ਿੰਦਗੀ ਦੀ ਸਮਝ ਆ ਜਾਂਦੀ ਹੈ।

ਅਸੀਂ ਆਪਣੇ ਅਚੇਤ ਮਨ ਤੋਂ ਜਾਣੂ ਨਹੀਂ। ਇਸ ਨੂੰ ਅਨਕੌਨਸ਼ੀਅਸ ਮਾਈਂਡ ਵੀ ਕਿਹਾ ਜਾਂਦਾ ਹੈ। ਇਸ ਬਾਰੇ ਸਾਨੂੰ ਕੁਝ ਵੀ ਨਹੀਂ ਪਤਾ। ਇਸ ’ਤੇ ਬਹੁਤ ਖੋਜ ਹੋ ਰਹੀ ਹੈ। ਮਨੁੱਖ ਦਾ ਚੇਤਨ ਅਤੇ ਅਰਧ ਚੇਤਨ ਮਨ ਹੀ ਉਸ ਦੀ ਜ਼ਿੰਦਗੀ ਦਾ ਆਧਾਰ ਹੈ। ਜਦੋਂ ਅਧਿਆਤਮ ਇਹ ਕਹਿੰਦਾ ਹੈ ਕਿ ਆਪਣੇ ਮਨ ਵਿੱਚ ਹੀ ਤੁਸੀਂ ਹਰ ਸਵਾਲ ਦਾ ਜਵਾਬ ਪਾਉਂਦੇ ਹੋ ਤਾਂ ਇਸ ਦਾ ਮਤਲਬ ਇਹ ਹੈ ਕਿ ਤੁਹਾਡੇ ਮਨ ਦੀ ਸ਼ਕਤੀ ਤੁਹਾਡੇ ਲਈ ਬਹੁਤ ਮਦਦਗਾਰ ਸਿੱਧ ਹੋ ਸਕਦੀ ਹੈ। ਕਹਿੰਦੇ ਨੇ ਜਿਸ ਨੇ ਮਨ ਨੂੰ ਜਿੱਤ ਲਿਆ, ਉਸ ਨੇ ਜੱਗ ਨੂੰ ਜਿੱਤ ਲਿਆ। ਮਨ ’ਤੇ ਕਾਬੂ ਪਾਉਣ ਦੀ ਗੱਲ ਅਧਿਆਤਮ ਕਰਦਾ ਹੈ। ਇਹ ਬਹੁਤ ਕਠਿਨ ਰਾਹ ਹੈ। ਇਸ ਦਾ ਪਾਂਧੀ ਕੋਈ ਵਿਰਲਾ ਹੀ ਹੁੰਦਾ ਹੈ।

ਜਦੋਂ ਅਸੀਂ ਗੁਰਬਾਣੀ ਵਿੱਚੋਂ ਇਸ ਗੱਲ ਨੂੰ ਪੜ੍ਹਦੇ ਹਾਂ; ਬੰਦੇ ਖੋਜੁ ਦਿਲ ਹਰ ਰੋਜ।। ਤਾਂ ਸਾਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਸਾਨੂੰ ਹਰ ਰੋਜ਼ ਆਪਣੇ ਦਿਲ ਵਿੱਚ ਉਤਰ ਕੇ ਵੇਖਣਾ ਚਾਹੀਦਾ ਹੈ। ਇਹ ਦੇਖਣਾ ਚਾਹੀਦਾ ਹੈ ਕਿ ਕਿਸ ਸਮੇਂ ਅਸੀਂ ਕੀ ਮਹਿਸੂਸ ਕੀਤਾ? ਕਿਸ ਗੱਲ ਨੇ ਸਾਨੂੰ ਖ਼ੁਸ਼ੀ ਦਿੱਤੀ ਜਾਂ ਸਕੂਨ ਦਿੱਤਾ। ਕਿਸ ਗੱਲ ’ਤੇ ਮਨ ਬਾਅਦ ਵਿੱਚ ਪਰੇਸ਼ਾਨ ਹੋਇਆ? ਕਿਸ ਗੱਲ ਦਾ ਮਨ ਨੂੰ ਅਫ਼ਸੋਸ ਹੋਇਆ?

ਬਹੁਤ ਵਾਰ ਅਜਿਹਾ ਹੁੰਦਾ ਹੈ ਕਿ ਕਿ ਸਾਨੂੰ ਆਪਣੀ ਕਹੀ ਕਿਸੇ ਗੱਲ ਦਾ, ਆਪਣੇ ਕੀਤੇ ਕਿਸੇ ਕੰਮ ਦਾ ਪਛਤਾਵਾ ਹੁੰਦਾ ਹੈ। ਅਸੀਂ ਕਿਸੇ ਕੰਮ ਨੂੰ ਕਰਨ ਤੋਂ ਕੁਝ ਅਰਸੇ ਬਾਅਦ ਇਸ ਗੱਲ ਨੂੰ ਸਮਝ ਲੈਂਦੇ ਹਾਂ ਕਿ ਅਸੀਂ ਸਹੀ ਕੀਤਾ ਹੈ ਜਾਂ ਗ਼ਲਤ। ਸਿਆਣੇ ਕਹਿੰਦੇ ਨੇ ਮਨ ਦੀ ਗੱਲ ਸੁਣ ਲੈਣੀ ਚਾਹੀਦੀ ਹੈ ਖ਼ਾਸ ਤੌਰ ’ਤੇ ਪਹਿਲੀ ਗੱਲ। ਜੋ ਪਹਿਲੀ ਗੱਲ ਤੁਹਾਡੇ ਮਨ ਵਿੱਚ ਆਵੇ ਉਹ ਹਮੇਸ਼ਾਂ ਸਹੀ ਹੁੰਦੀ ਹੈ। ਬਾਅਦ ਵਿੱਚ ਤੁਸੀਂ ਆਪਣਾ ਤਰਕ ਇਸਤੇਮਾਲ ਕਰਕੇ ਗੱਲ ਨੂੰ ਬਦਲ ਵੀ ਲੈਂਦੇ ਹੋ। ਜੇ ਆਪਣੇ ਦਿਲ ਨੂੰ ਖੋਜ ਕੇ ਦੇਖਿਆ ਜਾਵੇ ਤਾਂ ਇਹ ਪਤਾ ਲੱਗ ਜਾਂਦਾ ਹੈ ਕਿ ਦਿਨ ਵਿੱਚ ਅਸੀਂ ਕਿੱਥੇ ਕਿੱਥੇ ਗ਼ਲਤੀ ਕੀਤੀ ਹੈ। ਕਿਵੇਂ ਅਸੀਂ ਕਿਸੇ ਦਾ ਮਨ ਦੁਖਾਇਆ ਹੈ। ਸਾਡੇ ਕਿਸ ਕੰਮ ਨਾਲ ਸਾਡੇ ਆਪਣਿਆਂ ਨੂੰ ਦੁੱਖ ਹੋਇਆ ਹੈ। ਅਜਿਹਾ ਕੀ ਕੀਤਾ ਹੈ ਜਿਸ ਨਾਲ ਕਿਸੇ ਨੂੰ ਸਕੂਨ ਮਿਲਿਆ ਹੈ। ਇਹ ਸਭ ਕੁਝ ਮਨ ਵਿੱਚ ਹੀ ਸਾਂਭਿਆ ਹੁੰਦਾ ਹੈ। ਮਨੁੱਖ ਦਾ ਮਨ ਬੇਈਮਾਨ ਨਹੀਂ ਹੁੰਦਾ। ਬਸ ਸਿਰਫ਼ ਮਨ ਦੀ ਗੱਲ ਸੁਣ ਕੇ ਸਮਝਿਆ ਜਾਵੇ ਤਾਂ। ਜਦੋਂ ਅਸੀਂ ਤਰਕ ਨਾਲ, ਦਲੀਲ ਨਾਲ ਆਪਣੀ ਗੱਲ ਨੂੰ ਸਹੀ ਸਾਬਤ ਕਰਨ ਦੀ ਕੋਸ਼ਿਸ਼ ਕਰਦੇ ਹਾਂ ਤਾਂ ਬਹੁਤੀ ਵਾਰ ਅਸੀਂ ਗ਼ਲਤ ਵੀ ਹੁੰਦੇ ਹਾਂ। ਤਿੱਬਤੀ ਲਾਮਾ ਦਾ ਕਹਿਣਾ ਹੈ ਕਿ ਮਨੁੱਖ ਦਾ ਮਨ ਇੱਕ ਬਾਂਦਰ ਵਾਂਗ ਹੈ। ਇਹ ਕਦੇ ਵੀ ਕਿਤੇ ਟਿਕੇ ਨਹੀਂ ਰਹਿ ਸਕਦਾ। ਇਸ ਨੇ ਇੱਧਰੋਂ ਉੱਧਰ ਤੇ ਉੱਧਰੋਂ ਇੱਧਰ ਭਟਕਦੇ ਹੀ ਰਹਿਣਾ ਹੈ। ਇਸ ਲਈ ਉਹ ਧਿਆਨ ਲਾਉਣ ਦੀ ਇੱਕ ਬੜੀ ਵਧੀਆ ਪ੍ਰਕਿਰਿਆ ਦੱਸਦਾ ਹੈ। ਉਸ ਦਾ ਕਹਿਣਾ ਹੈ ਕਿ ਸਾਨੂੰ ਆਪਣਾ ਧਿਆਨ ਆਪਣੇ ਸਾਹਾਂ ’ਤੇ ਕੇਂਦਰਿਤ ਕਰਨਾ ਚਾਹੀਦਾ ਹੈ। ਆਉਂਦੇ ਜਾਂਦੇ ਹਰ ਸਾਹ ਨੂੰ ਮਹਿਸੂਸ ਕਰਨਾ ਚਾਹੀਦਾ ਹੈ। ਇੱਕ ਵਾਰ ਇਸ ਤਰ੍ਹਾਂ ਕਰਕੇ ਦੇਖੋ ਤੁਸੀਂ ਆਪਣੇ ਆਪ ਨੂੰ ਇੱਕ ਵਿਲੱਖਣ ਹੀ ਸੰਸਾਰ ਵਿੱਚ ਅਤੇ ਵਿਲੱਖਣ ਹੀ ਅਹਿਸਾਸ ਵਿੱਚ ਮਹਿਸੂਸ ਕਰੋਗੇ।

ਕਹਿੰਦੇ ਇੱਕ ਬੰਦਾ ਕਿਸੇ ਸੰਤ ਕੋਲ ਗਿਆ ਕਿ ਮੈਨੂੰ ਪਰਮਾਤਮਾ ਨੂੰ ਪ੍ਰਾਪਤ ਕਰਨ ਦਾ ਕੋਈ ਤਰੀਕਾ ਦੱਸੋ। ਸੰਤ ਨੇ ਕਿਹਾ ਕਿ ਇਹ ਤਾਂ ਖੋਜ ਦਾ ਰਾਹ ਹੈ। ਹਰੇਕ ਦਾ ਆਪਣਾ ਆਪਣਾ ਹੈ। ਇਸ ਦਾ ਕੋਈ ਇੱਕ ਰਾਹ ਨਹੀਂ। ਖ਼ੁਦ ਨੂੰ ਆਤਮਸਾਤ ਕਰਨਾ ਪੈਂਦਾ ਹੈ, ਪਰ ਉਹ ਨੌਜਵਾਨ ਉਸ ਦੇ ਮਗਰ ਹੀ ਪੈ ਗਿਆ। ਸੰਤ ਨੇ ਖਹਿੜਾ ਛੁਡਾਉਣ ਲਈ ਉਸ ਨੂੰ ਕਹਿ ਦਿੱਤਾ ਕਿ ਇਸ ਭਜਨ ਦਾ ਸਵੇਰੇ ਤੇ ਸ਼ਾਮ ਜਾਪ ਕਰਨਾ ਹੈ, ਪਰ ਇਸ ਵਿੱਚ ਇੱਕ ਸ਼ਰਤ ਹੈ। ਭਜਨ ਕਰਦਿਆਂ ਬਾਂਦਰ ਦਾ ਖ਼ਿਆਲ ਨਹੀਂ ਆਉਣਾ ਚਾਹੀਦਾ। ਨੌਜਵਾਨ ਖ਼ੁਸ਼ੀ ਖ਼ੁਸ਼ੀ ਘਰ ਗਿਆ, ਪਰ ਜੋ ਭਾਣਾ ਵਾਪਰਿਆ ਉਸ ਨੇ ਕਦੇ ਸੋਚਿਆ ਵੀ ਨਹੀਂ ਸੀ। ਹੁਣ ਉਹ ਜਦੋਂ ਵੀ ਕਦੇ ਧਿਆਨ ਲਾਵੇ ਮਨ ਵਿੱਚ ਬਾਂਦਰ ਦਾ ਖ਼ ?ਆਲ ਆ ਜਾਵੇ। ਇਹ ਸੋਚੇ ਕਿ ਬਾਂਦਰ ਬਾਰੇ ਨਹੀਂ ਸੋਚਣਾ, ਪਰ ਬਾਂਦਰ ਮਨ ਵਿੱਚੋਂ ਜਾਵੇ ਹੀ ਨਾ। ਉਹ ਫਿਰ ਉਸੇ ਸੰਤ ਕੋਲ ਗਿਆ। ਆਪਣੀ ਸਮੱਸਿਆ ਦੱਸੀ। ਸੰਤ ਨੇ ਕਿਹਾ ਕਿ ਉਹ ਬਾਂਦਰ ਤੇਰੇ ਮਨ ਵਿੱਚ ਹੈ ਕਿਤੇ ਬਾਹਰ ਨਹੀਂ।

ਜੇ ਹਰ ਬੰਦਾ ਹਰ ਰੋਜ਼ ਆਪਣੇ ਦਿਲ ਨੂੰ ਖੋਜੇ, ਆਪਣੇ ਦਿਲ ਨੂੰ ਫਰੋਲ ਕੇ ਵੇਖੇ, ਆਪਣੇ ਦਿਲ ਤੋਂ ਆਪਣੇ ਸਵਾਲਾਂ ਦੇ ਜਵਾਬ ਪੁੱਛੇ ਤਾਂ ਇਹ ਸੰਭਵ ਹੀ ਨਹੀਂ ਕਿ ਉਹ ਕਦੇ ਕੋਈ ਗ਼ਲਤ ਕੰਮ ਕਰ ਸਕੇ। ਉਸ ਨੇ ਜੋ ਕਰ ਲਿਆ, ਉਸ ਦਾ ਉਸ ਨੂੰ ਪਛਤਾਵਾ ਹੋਏਗਾ। ਅੱਗੇ ਤੋਂ ਉਹ ਕਦੇ ਅਜਿਹਾ ਕੋਈ ਕੰਮ ਨਹੀਂ ਕਰੇਗਾ ਜਿਸ ਨਾਲ ਕਿਸੇ ਨੂੰ ਨੁਕਸਾਨ ਹੋਵੇ ਜਾਂ ਕਿਸੇ ਦਾ ਦਿਲ ਦੁਖੇ।

ਆਪਣੀ ਜ਼ਿੰਦਗੀ ਨੂੰ ਸੁਖਾਲਾ ਬਣਾਉਣ ਦਾ ਸਭ ਤੋਂ ਵਧੀਆ ਰਾਹ ਇਹੀ ਹੈ ਕਿ ਹਰ ਰੋਜ਼ ਆਪਣੇ ਦਿਲ ਨੂੰ ਖੋਜੋ। ਦੇਖੋ ਉਸ ਦੇ ਅੰਦਰ ਕੀ ਚੱਲ ਰਿਹਾ ਹੈ। ਜੇਕਰ ਕਿਤੇ ਕੋਈ ਘ੍ਰਿਣਾ ਹੈ, ਉਸ ਨੂੰ ਮਿਟਾ ਦਿਓ। ਉਹ ਤੁਹਾਡਾ ਨੁਕਸਾਨ ਹੀ ਕਰ ਰਹੀ ਹੈ। ਆਪਣੇ ਦਿਲ ਵਿੱਚ ਦੁਨੀਆ ਲਈ ਮੁਹੱਬਤ ਰੱਖੋ। ਜਦੋਂ ਤੁਸੀਂ ਆਪਣੇ ਅੰਦਰ ਝਾਕੋਗੇ ਤਾਂ ਤੁਹਾਨੂੰ ਆਪਣਾ ਕੋਹਜ ਦਿਖੇਗਾ। ਫਿਰ ਤੁਸੀਂ ਉਸ ਕੋਹਜ ਨੂੰ ਸਾਫ਼ ਕਰਨ ਦੀ ਕੋਸ਼ਿਸ਼ ਕਰੋਗੇ। ਇਸ ਤਰ੍ਹਾਂ ਤੁਹਾਡਾ ਮਨ ਸ਼ਾਂਤ ਤੇ ਸੰਤੁਸ਼ਟ ਹੋ ਜਾਵੇਗਾ। ਸ਼ਾਂਤ ਮਨ ਨਾਲ ਹਮੇਸ਼ਾਂ ਦੂਜਿਆਂ ਨਾਲ ਚੰਗਾ ਵਿਹਾਰ ਹੁੰਦਾ ਹੈ। ਇਸ ਤਰ੍ਹਾਂ ਦੂਜੇ ਵੀ ਖ਼ੁਸ਼ ਰਹਿਣਗੇ। ਬਸ ਜ਼ਰੂਰੀ ਹੈ ਕਿ ਹਰ ਰੋਜ਼ ਕੁਝ ਸਮਾਂ ਆਪਣੇ ਦਿਲ ਨੂੰ ਖੋਜਣ ’ਤੇ ਲਾਇਆ ਜਾਵੇ। ਜ਼ਿੰਦਗੀ ਨੂੰ ਸੁਖਾਲੀ ਬਣਾਉਣ ਦਾ ਇਹ ਸਭ ਤੋਂ ਸੌਖਾ ਤੇ ਕਾਰਗਰ ਤਰੀਕਾ ਹੈ।






# ਪੀੜ੍ਹੀਆਂ ਦਾ ਸਫ਼ਰ; ਕੱਲ੍ਹ, ਅੱਜ ਤੇ ਭਲਕ



**ਜਗਦੀਸ਼ ਸਿੰਘ ਗਣੇਸ਼ਪੁਰ**

ਮਨੁੱਖੀ ਇਤਿਹਾਸ ਸਿਰਫ਼ ਸਾਲਾਂ ਜਾਂ ਸਦੀਆਂ ਨਾਲ ਨਹੀਂ, ਸਗੋਂ ਪੀੜ੍ਹੀਆਂ ਦੇ ਨਾਮਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ। ਹਰ ਪੀੜ੍ਹੀ ਆਪਣੇ ਨਾਲ ਇੱਕ ਵੱਖਰਾ ਸੰਸਾਰ, ਵੱਖਰੇ ਸੁਪਨੇ ਅਤੇ ਵੱਖਰੀਆਂ ਚੁਣੌਤੀਆਂ ਲਿਆਉਂਦੀ ਹੈ। ਪੱਛਮੀ ਸਮਾਜ ਸ਼ਾਸਤਰੀਆਂ ਨੇ 20ਵੀਂ ਸਦੀ ਦੇ ਮੱਧ ਵਿੱਚ ਪੀੜ੍ਹੀਆਂ ਨੂੰ ਨਾਮ ਦੇਣ ਦੀ ਰੀਤ ਸ਼ੁਰੂ ਕੀਤੀ। ਇਹ ਸਦੀਵੀ ਸੱਚ ਹੈ ਕਿ ਇਤਿਹਾਸ ਸਿਰਫ਼ ਜੰਗਾਂ, ਖੋਜਾਂ ਜਾਂ ਕ੍ਰਾਂਤੀਆਂ ਨਾਲ ਹੀ ਨਹੀਂ ਲਿਖਿਆ ਜਾਂਦਾ ਸਗੋਂ ਇਹ ਉਨ੍ਹਾਂ ਲੋਕਾਂ ਦੇ ਜੀਵਨ-ਚਿੰਨ੍ਹਾਂ ਵਿੱਚ ਵੀ ਵੱਸਦਾ ਹੈ ਜਿਨ੍ਹਾਂ ਨੇ ਉਹ ਸਮਾਂ ਬਿਤਾਇਆ ਹੋਵੇ। ਉਨ੍ਹਾਂ ਦੇ ਸੁਪਨੇ, ਜੀਵਨ-ਸ਼ੈਲੀਆਂ ਤੇ ਮੁਸ਼ਕਿਲਾਂ ਮਿਲ ਕੇ ਇੱਕ ਪੀੜ੍ਹੀ ਬਣਾਉਂਦੀਆਂ ਹਨ। ਸਾਈਲੈਂਟ ਪੀੜ੍ਹੀ ਤੋਂ ਲੈ ਕੇ ਅੱਜ ਦੀ ਅਲਫ਼ਾ ਪੀੜ੍ਹੀ ਤੱਕ, ਹਰ ਨਾਮ 'ਚ ਇੱਕ ਕਹਾਣੀ ਹੈ: ਹੌਸਲੇ ਦੀ, ਬਦਲਾਅ ਦੀ ਅਤੇ ਉਮੀਦ ਦੀ।

'ਜੈਨਰੇਸ਼ਨ ਜ਼ੈੱਡ' ਨੇਪਾਲ ਦੇ ਘਟਨਾਕ੍ਰਮ ਤੋਂ ਬਾਅਦ ਦੁਨੀਆ 'ਚ ਅੱਜਕੱਲ੍ਹ ਇੱਕ ਚਰਚਿਤ ਸ਼ਬਦ ਹੈ ਕਿਉਂਕਿ ਇਹ ਨੌਜਵਾਨਾਂ ਦੀ ਬਦਲਦੀ ਸੋਚ ਦਾ ਪ੍ਰਤੀਕ ਹੈ। ਜੈਨਰੇਸ਼ਨ ਜ਼ੈੱਡ ਨਵੀਨਤਾ, ਸੁਤੰਤਰਤਾ ਅਤੇ ਸਮਾਜਿਕ ਪ੍ਰਭਾਵ ਦਾ ਪ੍ਰਤੀਕ ਬਣ ਰਹੀ ਹੈ, ਜਿਸ ਕਾਰਨ ਉਹ ਗੱਲਬਾਤ ਦਾ ਕੇਂਦਰ ਹੈ। ਮੋਮਬੱਤੀਆਂ ਤੋਂ ਸਮਾਰਟਫੋਨਾਂ ਤੱਕ, ਚੁੱਪ ਤੋਂ ਗਲੋਬਲ ਆਵਾਜ਼ਾਂ ਤੱਕ, ਹਰ ਪੀੜ੍ਹੀ ਨੇ ਇਤਿਹਾਸ ਦੀ ਮਸ਼ਾਲ ਫੜ ਭਵਿੱਖ ਦੀ ਪੀੜ੍ਹੀ ਦਾ ਰਾਹ ਰੁਸ਼ਨਾਇਆ ਹੈ। ਆਓ, ਇਸ ਹੀ ਸੰਦਰਭ 'ਚ ਇਨ੍ਹਾਂ ਪੀੜ੍ਹੀਆਂ ਬਾਬਤ ਗੱਲਬਾਤ ਕਰੀਏ।

**ਲਾਸਟ ਜੈਨਰੇਸ਼ਨ** (1883-1900) : ਲਾਸਟ ਯਾਨੀ ਕਿ ਗੁੰਮ ਹੋਈ ਪੀੜ੍ਹੀ, ਉਹ ਜਨਸੰਖਿਆ ਸਮੂਹ ਸੀ ਜੋ ਪਹਿਲੇ ਵਿਸ਼ਵ ਯੁੱਧ ਦੌਰਾਨ ਸ਼ੁਰੂਆਤੀ ਬਾਲਗਤਾ ਤੱਕ ਪਹੁੰਚਿਆ ਸੀ। 'ਲਾਸਟ' ਇਸ ਲਈ ਕਿਹਾ ਗਿਆ ਕਿਉਂਕਿ ਉਹ ਜੰਗ ਦੇ ਜ਼ਖ਼ਮਾਂ ਅਤੇ ਆਪਣੀ ਪਛਾਣ ਦੀ ਬੇਚੈਨ ਖੋਜ ਵਿੱਚ ਗੁੰਮ ਹੋ ਗਏ ਸਨ। ਇਹ ਉਸ ਨੌਜਵਾਨ ਪੀੜ੍ਹੀ ਨੂੰ ਕਿਹਾ ਜਾਂਦਾ ਹੈ ਜੋ ਪਹਿਲੇ ਵਿਸ਼ਵ ਯੁੱਧ (1914-1918) ਦੌਰਾਨ ਅਤੇ ਇਸ ਤੋਂ ਬਾਅਦ ਜਵਾਨ ਹੋਈ। ਯੁੱਧ ਦੀ ਭਾਰੀ ਤਬਾਹੀ, ਬੇਹਿਸਾਬ ਜਾਨਾਂ ਦੇ ਨੁਕਸਾਨ ਅਤੇ ਸਮਾਜਿਕ ਉਥਲ-ਪੁਥਲ ਕਾਰਨ ਇਹ ਪੀੜ੍ਹੀ ਰਵਾਇਤੀ ਦੇਸ਼ ਭਗਤੀ, ਨੈਤਿਕਤਾ ਅਤੇ ਸਥਿਰਤਾ ਵਾਲੀਆਂ ਕਦਰਾਂ-ਕੀਮਤਾਂ ਤੋਂ ਨਿਰਾਸ਼ ਹੋ ਗਈ। ਲੇਖਕਾਂ, ਕਲਾਕਾਰਾਂ ਅਤੇ ਵਿਚਾਰਕਾਂ ਨੇ ਪੁਰਾਣੇ ਨਿਯਮਾਂ ਨੂੰ ਰੱਦ ਕਰਦੇ ਹੋਏ ਜ਼ਿੰਦਗੀ ਦੇ ਨਵੇਂ ਅਰਥ ਲੱਭਣ ਦੀ ਕੋਸ਼ਿਸ਼ ਕੀਤੀ। ਇਹ ਪੀੜ੍ਹੀ ਅਧਿਕਾਰ 'ਤੇ ਸਵਾਲ ਉਠਾਉਂਦੀ, ਜੈਜ਼ ਸੰਗੀਤ, ਯਾਤਰਾਵਾਂ ਅਤੇ ਆਧੁਨਿਕ ਜੀਵਨਸ਼ੈਲੀ ਨੂੰ ਅਪਣਾਉਂਦੀ ਹੋਈ ਵੀ ਅੰਦਰੋਂ ਡੂੰਘੀ ਨਿਰਾਸ਼ਾ ਛੁਪਾਉਣ ਦਾ ਯਤਨ ਕਰਦੀ ਸੀ।

**ਗ੍ਰੇਟੈਸਟ ਜੈਨਰੇਸ਼ਨ** (1901-1927) : ਗ੍ਰੇਟੈਸਟ ਜੈਨਰੇਸ਼ਨ ਉਹ ਮਰਦਾਂ ਅਤੇ ਔਰਤਾਂ ਦੀ ਪੀੜ੍ਹੀ ਨੂੰ ਕਿਹਾ ਜਾਂਦਾ ਹੈ ਜੋ ਮਹਾਂਮੰਦੀ (1930 ਦੇ ਦਹਾਕੇ) ਦੇ ਸਮੇਂ ਵਿੱਚ ਜਵਾਨ ਹੋਏ ਅਤੇ ਦੂਜੇ ਵਿਸ਼ਵ ਯੁੱਧ (1939-1945) ਵਿੱਚ ਲੜੇ ਜਾਂ ਉਸ ਦੀ ਜਿੱਤ ਵਿੱਚ ਯੋਗਦਾਨ ਪਾਇਆ। ਮੁਸ਼ਕਿਲ ਹਾਲਾਤ ਨੇ ਉਨ੍ਹਾਂ ਵਿੱਚ ਹਿੰਮਤ, ਬਲੀਦਾਨ ਅਤੇ ਸਹਿਨਸ਼ੀਲਤਾ ਵਰਗੇ ਗੁਣ ਪੈਦਾ ਕੀਤੇ। ਕਈ ਲੋਕ ਸੈਨਿਕਾਂ ਵਜੋਂ ਜੰਗ ਵਿੱਚ ਉਤਰੇ, ਜਦੋਂਕਿ ਹੋਰਾਂ ਨੇ ਫੈਕਟਰੀਆਂ, ਖੇਤਾਂ ਅਤੇ ਕਮਿਊਨਿਟੀਆਂ ਵਿੱਚ ਕੰਮ ਕਰਕੇ ਯੁੱਧ ਯਤਨਾਂ ਨੂੰ ਸਮਰਥਨ ਦਿੱਤਾ। ਉਹ ਆਰਥਿਕ ਤੰਗੀਆਂ, ਰਾਸ਼ਨਬੰਦੀ ਅਤੇ ਨਿੱਜੀ ਨੁਕਸਾਨਾਂ ਦੇ ਬਾਵਜੂਦ ਫਰਜ਼ ਅਤੇ ਦੇਸ਼ ਭਗਤੀ ਦੀ ਮਜ਼ਬੂਤ ਭਾਵਨਾ ਨਾਲ ਇਕੱਠੇ ਰਹੇ। ਜੰਗ ਤੋਂ ਬਾਅਦ ਉਨ੍ਹਾਂ ਨੇ ਦੇਸ਼ਾਂ ਨੂੰ ਦੁਬਾਰਾ ਖੜ੍ਹਾ ਕੀਤਾ, ਆਰਥਿਕ ਵਿਕਾਸ ਨੂੰ ਗਤੀ ਦਿੱਤੀ ਅਤੇ ਆਧੁਨਿਕ ਲੋਕਤੰਤਰ, ਨਾਗਰਿਕ ਅਧਿਕਾਰਾਂ ਅਤੇ ਤਕਨੀਕੀ ਤਰੱਕੀ ਦੀ ਨੀਂਹ ਰੱਖੀ।

**ਸਾਈਲੈਂਟ (ਚੁੱਪ) ਪੀੜ੍ਹੀ** (1928-1945): ਮੰਦਭਾਗੀ ਮਹਾਂਮੰਦੀ ਤੇ ਦੂਜੇ ਵਿਸ਼ਵ ਯੁੱਧ ਦੇ ਦੌਰ ਵਿੱਚ ਜਨਮੀ ਇਹ ਪੀੜ੍ਹੀ ਸਰੋਤਾਂ ਦੀ ਘਾਟ, ਜੰਗ ਦੇ ਡਰ ਅਤੇ ਤਿਆਗ ਦੇ ਮਾਹੌਲ 'ਚ ਪਲੀ। ਇਹ 'ਚੁੱਪ' ਇਸ ਲਈ ਨਹੀਂ ਸੀ ਕਿ ਉਨ੍ਹਾਂ ਕੋਲ ਆਵਾਜ਼ ਨਹੀਂ ਸੀ, ਪਰ ਇਸ ਲਈ ਕਿ ਜਿਊਣ ਲਈ ਸਹਿਣਸ਼ੀਲਤਾ ਤੇ ਅਨੁਸ਼ਾਸਨ ਲਾਜ਼ਮੀ ਸਨ। ਇਹ ਉਹ ਲੋਕ ਹਨ ਜੋ ਦੂਜੇ ਵਿਸ਼ਵ ਯੁੱਧ ਦੌਰਾਨ ਜਿਉਂਦੇ ਰਹੇ। ਇਹ ਨਾਮ 1950 ਦੇ ਦਹਾਕੇ ਦੇ ਟਾਈਮ ਮੈਗਜ਼ੀਨ ਦੇ ਇੱਕ ਲੇਖ ਤੋਂ ਆਇਆ ਹੈ ਅਤੇ ਇਸ ਤੱਥ ਵੱਲ ਇਸ਼ਾਰਾ ਕਰਦਾ ਹੈ ਕਿ ਇਸ ਪੀੜ੍ਹੀ ਦੇ ਬੱਚਿਆਂ ਨੂੰ ਦੇਖਿਆ ਜਾਣਾ ਅਤੇ ਸੁਣਿਆ ਨਾ ਜਾਣਾ ਸਿਖਾਇਆ ਗਿਆ ਸੀ।

**ਬੇਬੀ ਬੂਮਰਜ਼** (1946-1964) : ਜਦੋਂ ਜੰਗ ਖ਼ਤਮ ਹੋਈ ਤਾਂ ਸ਼ਾਂਤੀ ਤੇ ਆਸ ਨੇ ਜਨਮ ਦਰ ਵਧਾਈ, ਇਸ ਲਈ ਇਨ੍ਹਾਂ ਨੂੰ 'ਬੇਬੀ ਬੂਮਰਜ਼' ਕਿਹਾ ਗਿਆ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਜਨਮ ਦਰ ਦੇ ਵੱਡੇ ਵਾਧੇ ਕਾਰਨ ਉਨ੍ਹਾਂ ਦਾ ਨਾਮ ਇਸ ਤਰ੍ਹਾਂ ਰੱਖਿਆ ਗਿਆ ਹੈ। ਇਹ ਸਮੂਹ 1946 'ਚ ਸ਼ੁਰੂ ਹੁੰਦਾ ਹੈ ਅਤੇ 1964 ਦੇ ਆਸਪਾਸ ਪੈਦਾ ਹੋਏ ਲੋਕਾਂ ਨਾਲ ਖ਼ਤਮ ਹੁੰਦਾ ਹੈ, ਜਦੋਂ ਜਨਮ ਦਰ ਦੁਬਾਰਾ ਘਟਣੀ ਸ਼ੁਰੂ ਹੋਈ। ਇਹ ਪੀੜ੍ਹੀ ਨਵੀਂ ਖੁਸ਼ਹਾਲੀ ਵਿੱਚ ਵਧੀ, ਟੈਲੀਵਿਜ਼ਨ ਨੇ ਘਰਾਂ ਨੂੰ ਰੌਸ਼ਨ ਕੀਤਾ, ਟੀਕਾਕਰਨ ਨੇ ਬਿਮਾਰੀਆਂ ਨੂੰ ਹਰਾਇਆ ਤੇ ਅਰਥ-ਵਿਵਸਥਾਵਾਂ ਵਿੱਚ ਤੇਜ਼ੀ ਆਈ। ਇਨ੍ਹਾਂ ਨੇ ਪਰਿਵਾਰ, ਨੌਕਰੀ ਤੇ ਸੁਰੱਖਿਆ ਨੂੰ ਪ੍ਰਮੁੱਖਤਾ ਦਿੱਤੀ, ਪਰ ਉਨ੍ਹਾਂ ਦੀ ਖਪਤ ਨੇ ਵਾਤਾਵਰਨ ਤੇ ਅਰਥ-ਵਿਵਸਥਾ ਉੱਤੇ ਭਾਰੀ ਬੋਝ ਵੀ ਛੱਡਿਆ।

**ਜੈਨਰੇਸ਼ਨ ਐਕਸ** (1965-1980): ਜੈਨਰੇਸ਼ਨ ਐਕਸ ਨੂੰ ਅਕਸਰ 'ਇਤਿਹਾਸ ਦਾ ਵਿਚਕਾਰਲਾ ਬੱਚਾ' ਵੀ ਕਿਹਾ ਜਾਂਦਾ ਹੈ। ਇਨ੍ਹਾਂ ਨੇ ਐਨਾਲਾਗ ਤੋਂ ਡਿਜ਼ੀਟਲ ਤੱਕ ਦਾ ਸਫ਼ਰ ਆਪਣੀਆਂ ਅੱਖਾਂ ਨਾਲ ਵੇਖਿਆ। ਇਨ੍ਹਾਂ ਕੋਲ ਟਾਈਪਰਾਈਟਰ ਵੀ ਸੀ ਅਤੇ ਨਿੱਜੀ ਕੰਪਿਊਟਰ ਵੀ। ਇਨ੍ਹਾਂ ਨੇ ਚਿੱਠੀਆਂ ਵੀ ਲਿਖੀਆਂ ਅਤੇ ਈ-ਮੇਲ ਵੀ ਭੇਜੀਆਂ। ਕੰਮਕਾਜੀ ਜੀਵਨ 'ਚ ਇਨ੍ਹਾਂ ਨੇ ਲਚਕੀਲੇਪਣ ਤੇ ਸੰਤੁਲਨ ਦੀ ਕਦਰ ਕੀਤੀ। ਇਹ ਪੂਰੀ ਤਰ੍ਹਾਂ ਨਿਸ਼ਚਿਤ ਨਹੀਂ ਹੈ ਕਿ ਇਹ ਪੀੜ੍ਹੀ ਕਿੱਥੋਂ ਸ਼ੁਰੂ ਹੁੰਦੀ ਹੈ ਅਤੇ ਕਿੱਥੋਂ ਖ਼ਤਮ ਹੁੰਦੀ ਹੈ, ਪਰ ਇਹ ਲਗਭਗ 1980 ਤੋਂ 1995 ਤੱਕ ਪੈਦਾ ਹੋਏ ਹਨ।

**ਮਿਲੇਨੀਅਲਸ/ਜੈਨਰੇਸ਼ਨ ਵਾਈ** (1981-1996) : ਇਸ ਜੈਨਰੇਸ਼ਨ ਦੇ ਸਮੇਂ ਦੌਰਾਨ ਜਵਾਨ ਹੋਏ ਮਿਲੇਨੀਅਲਸ ਨੇ ਇੰਟਰਨੈੱਟ ਦੇ ਯੁੱਗ ਵਿੱਚ ਅੱਖਾਂ ਖੋਲ੍ਹੀਆਂ। ਇਨ੍ਹਾਂ ਦੀ ਸਫਲਤਾ ਸਿਰਫ਼ ਪੈਸੇ ਨਾਲ ਨਹੀਂ ਸਗੋਂ ਤਜਰਬਿਆਂ ਨਾਲ ਮਾਪੀ ਜਾਂਦੀ ਹੈ। ਇਨ੍ਹਾਂ ਦੀ ਯੋਗਤਾ ਦੀ ਪਰਖ ਯਾਤਰਾਵਾਂ, ਰਚਨਾਤਮਕਤਾ ਅਤੇ ਸੁਤੰਤਰਤਾ ਨਾਲ ਕੀਤੀ ਜਾਂਦੀ ਹੈ, ਪਰ ਇਨ੍ਹਾਂ ਦਾ ਰਸਤਾ ਆਸਾਨ ਨਹੀਂ ਸੀ। ਕਰਜ਼ੇ ਅਤੇ ਨੌਕਰੀਆਂ ਦੀ ਅਸਥਿਰਤਾ ਨੇ ਉਨ੍ਹਾਂ ਨੂੰ ਬਹੁਤ ਕੁਝ ਸਿਖਾਇਆ। ਫਿਰ ਵੀ ਇਨ੍ਹਾਂ ਨੇ ਉੱਦਮਤਾ, ਨਵ-ਸੋਚ ਅਤੇ ਆਲਮੀ ਸਰਗਰਮੀਆਂ 'ਚ ਆਪਣੀ ਪਛਾਣ ਬਣਾਈ। ਇਸ ਪੀੜ੍ਹੀ ਨੂੰ ਸਵਾਲ ਪੁੱਛਣ ਵਾਲੀ ਪੀੜ੍ਹੀ ਵੀ ਕਿਹਾ ਜਾਂਦਾ ਹੈ।

**ਜੈਨਰੇਸ਼ਨ ਜ਼ੈੱਡ** (1997-2012): ਇਹ ਸੱਚੇ ਡਿਜ਼ੀਟਲ ਹਨ। ਸਮਾਰਟਫੋਨ ਅਤੇ ਸੋਸ਼ਲ ਮੀਡੀਆ ਦੇ ਦੌਰ ਵਿੱਚ ਜਨਮੀ ਇਸ ਪੀੜ੍ਹੀ ਲਈ ਜਾਣਕਾਰੀ ਦੇ ਸਮੁੰਦਰ ਵਿੱਚ ਸੱਚ ਤੇ ਝੂਠ ਨੂੰ ਵੱਖ ਕਰਨਾ ਸਭ ਤੋਂ ਵੱਡੀ ਚੁਣੌਤੀ ਹੈ। ਜੈਨ ਜ਼ੈੱਡ ਨੇ ਪਹਿਲੀ ਵਾਰ ਸੰਸਾਰ ਨੂੰ ਸੱਚੇ ਅਰਥਾਂ ਵਿੱਚ 'ਗਲੋਬਲ ਪਿੰਡ' ਬਣਾਇਆ। ਉਨ੍ਹਾਂ ਨੇ ਡਿਜ਼ੀਟਲ ਦਰਵਾਜ਼ੇ ਖੋਲ੍ਹੇ ਜਿੱਥੇ ਅਲਫਾ ਪੀੜ੍ਹੀ ਨੇ ਅੰਦਰ ਵਧਣਾ ਸੀ। ਅੱਜ ਦਾ ਸਮਾਂ ਜਨਰੇਸ਼ਨ ਜ਼ੈੱਡ ਦਾ ਹੈ। ਉਨ੍ਹਾਂ ਦੇ ਮਾਪਿਆਂ ਜਾਂ ਦਾਦੇ-ਦਾਦੀਆਂ ਨੇ ਡਿਜ਼ੀਟਲ ਦੁਨੀਆ ਵਿੱਚ ਹੌਲੀ-ਹੌਲੀ ਕਦਮ ਰੱਖਿਆ ਸੀ, ਪਰ ਜਨਰੇਸ਼ਨ ਜ਼ੈੱਡ ਉਸ ਦੇ ਅੰਦਰ ਹੀ ਜੰਮਿਆ ਹੈ। ਉਨ੍ਹਾਂ ਦੇ ਬਚਪਨ ਦੇ ਸਾਥੀ ਟਾਈਪਰਾਈਟਰ ਜਾਂ ਟੀਵੀ ਨਹੀਂ, ਸਗੋਂ ਸਮਾਰਟਫੋਨ, ਸੋਸ਼ਲ ਮੀਡੀਆ ਅਤੇ ਵਾਈ-ਫਾਈ ਸਨ। ਉਨ੍ਹਾਂ ਦੇ ਹੱਥ ਵਿੱਚ ਸਕਰੀਨ ਹੀ ਕਲਾਸਰੂਮ ਹੈ, ਖੇਡ ਮੈਦਾਨ ਹੈ ਅਤੇ ਦੋਸਤਾਂ ਦੀ ਸਭਾ ਵੀ। ਉਹ ਯੂਟਿਊਬ ਵੀਡੀਓਜ਼ ਰਾਹੀਂ ਸਿੱਖਦੇ ਹਨ, ਇੰਸਟਾਗ੍ਰਾਮ ਰਾਹੀਂ ਦੋਸਤ ਬਣਾਉਂਦੇ ਹਨ ਅਤੇ ਡਿਸਕੋਰਡ ਰਾਹੀਂ ਵਿਚਾਰ ਸਾਂਝੇ ਕਰਦੇ ਹਨ। ਇਸ ਸਰਹੱਦ ਰਹਿਤ ਡਿਜ਼ੀਟਲ ਦੁਨੀਆ ਦੇ ਕਿਸੇ ਵੀ ਕੋਨੇ ਨਾਲ ਆਸਾਨੀ ਨਾਲ ਗੱਲ ਕਰ ਸਕਦੇ ਹਨ।

**ਜੈਨਰੇਸ਼ਨ ਅਲਫ਼ਾ** (2013-2025): ਮਿਲੇਨੀਅਲਜ਼ ਅਤੇ ਜੈਨਰੇਸ਼ਨ ਜ਼ੈੱਡ ਤੋਂ ਬਾਅਦ ਹੁਣ ਦੁਨੀਆ ਜੈਨਰੇਸ਼ਨ ਅਲਫਾ ਦਾ ਸਵਾਗਤ ਕਰ ਰਹੀ ਹੈ। ਇਹ ਉਹ ਬੱਚੇ ਹਨ ਜੋ ਲਗਭਗ 2010 ਤੋਂ ਬਾਅਦ ਜੰਮੇ ਹਨ। ਅੱਜ ਦੇ ਬੱਚੇ ਜੈਨ ਅਲਫ਼ਾ ਪੀੜ੍ਹੀ ਦੇ ਹਨ। ਇਹ ਮਿਲੇਨੀਅਲ ਮਾਪਿਆਂ ਦੇ ਬੱਚੇ ਅਤੇ ਜੈਨਰੇਸ਼ਨ ਜੈੱਡ ਦੇ ਛੋਟੇ ਭਰਾ-ਭੈਣ ਹਨ। ਇਹ ਸਮਾਰਟ ਡਿਵਾਈਸਾਂ, ਮਸ਼ੀਨੀ ਸੂਝ-ਬੂਝ ਅਤੇ ਵਰਚੁਅਲ ਕਲਾਸਰੂਮਾਂ ਦੇ ਯੁੱਗ ਵਿੱਚ ਵਧ ਰਹੇ ਹਨ। ਇਨ੍ਹਾਂ ਲਈ ਕੋਡਿੰਗ ਉਸ ਤਰ੍ਹਾਂ ਹੀ ਆਮ ਹੋਵੇਗੀ ਜਿੰਨੀ ਬੂਮਰਜ਼ ਲਈ ਲਿਖਾਈ ਸੀ। ਅਲਫ਼ਾ ਪੀੜ੍ਹੀ ਏਆਈ ਅਤੇ ਮਨੁੱਖੀ ਜੀਵਨ ਦੇ ਸਾਂਝੇ ਸੰਸਾਰ ਦੀ ਨੀਂਹ ਰੱਖੇਗੀ। ਉਨ੍ਹਾਂ ਲਈ ਮਨੁੱਖ ਅਤੇ ਮਸ਼ੀਨ ਦਾ ਇਕੱਠੇ ਕੰਮ ਕਰਨਾ ਆਮ ਗੱਲ ਹੋਵੇਗੀ। ਜਿੱਥੇ ਜੈਨਰੇਸ਼ਨ ਜ਼ੈੱਡ 'ਵਾਈ-ਫਾਈ' ਵਿੱਚ ਜੰਮੀ, ਉੱਥੇ ਜਨਰੇਸ਼ਨ ਅਲਫਾ ਆਰਟੀਫਿਸ਼ਿਅਲ ਇੰਟੈਲੀਜੈਂਸ ਵਿੱਚ ਪਲ ਰਹੀ ਹੈ।

**ਅੱਗੇ ਆਉਣ ਵਾਲੀਆਂ ਪੀੜ੍ਹੀਆਂ**

**ਜੈਨਰੇਸ਼ਨ ਬੀਟਾ** (2025-2039): ਜਨਰੇਸ਼ਨ ਬੀਟਾ ਉਹ ਪੀੜ੍ਹੀ ਹੋਵੇਗੀ ਜੋ 21ਵੀਂ ਸਦੀ ਦੇ ਦੂਜੇ ਹਿੱਸੇ ਦੀ ਰੂਪ-ਰੇਖਾ ਤਿਆਰ ਕਰੇਗੀ। ਜਿੱਥੇ ਅਲਫ਼ਾ ਨੇ ਮਨੁੱਖ ਅਤੇ ਮਸਨੂਈ ਦੀ ਦੋਸਤੀ ਬਣਾਈ, ਉੱਥੇ ਹੀ ਬੀਟਾ ਇਹ ਨਿਰਧਾਰਤ ਕਰੇਗੀ ਕਿ ਇਹ ਦੋਸਤੀ ਕਿੰਨੀ ਡੂੰਘੀ ਜਾਂ ਖ਼ਤਰਨਾਕ ਹੋਵੇਗੀ। ਜੈਨਰੇਸ਼ਨ ਬੀਟਾ, ਦੁਨੀਆ ਵਿੱਚ ਆਪਣਾ ਪ੍ਰਵੇਸ਼ ਕਰਨ ਲਈ ਤਿਆਰ ਹੈ। 2025 ਅਤੇ 2039 ਦੇ ਵਿਚਕਾਰ ਪੈਦਾ ਹੋਏ ਬੱਚਿਆਂ ਵਾਲੇ ਇਸ ਸਮੂਹ ਦੇ 2035 ਤੱਕ ਵਿਸ਼ਵ ਆਬਾਦੀ ਦਾ 16 ਪ੍ਰਤੀਸ਼ਤ ਬਣਨ ਦੀ ਉਮੀਦ ਹੈ, ਜਿਸ ਵਿੱਚ ਬਹੁਤ ਸਾਰੇ 22ਵੀਂ ਸਦੀ ਦੀ ਸ਼ੁਰੂਆਤ ਦੇਖਣ ਦੀ ਸੰਭਾਵਨਾ ਰੱਖਦੇ ਹਨ। ਜਨਰੇਸ਼ਨ ਬੀਟਾ ਇੱਕ ਨਾਮਕਰਨ ਪਰੰਪਰਾ ਦੀ ਪਾਲਣਾ ਕਰਦਾ ਹੈ ਜੋ ਜਨਰੇਸ਼ਨ ਅਲਫ਼ਾ ਨਾਲ ਸ਼ੁਰੂ ਹੋਇਆ ਸੀ ਜਿਸ ਵਿੱਚ ਮਨੁੱਖੀ ਇਤਿਹਾਸ ਵਿੱਚ ਇੱਕ ਨਵੇਂ ਯੁੱਗ ਨੂੰ ਦਰਸਾਉਣ ਲਈ ਯੂਨਾਨੀ ਵਰਣਮਾਲਾ ਦੀ ਵਰਤੋਂ ਕੀਤੀ ਗਈ ਹੈ।

**ਜੈਨਰੇਸ਼ਨ ਗਾਮਾ** (2040-2059): ਇਹ ਪੀੜ੍ਹੀ ਸ਼ਾਇਦ ਪਹਿਲੀ ਵਾਰ ਮਨੁੱਖ ਅਤੇ ਏਆਈ ਦੀ ਗਹਿਰੀ ਸਾਂਝ ਨੂੰ ਆਮ ਜੀਵਨ ਵਿੱਚ ਵੇਖੇਗੀ। ਮਨੁੱਖੀ ਸਰੀਰ ਨਾਲ ਟੈਕਨਾਲੋਜੀ ਦਾ ਮਿਲਾਪ (Bio-Tech Integration) ਉਨ੍ਹਾਂ ਲਈ ਆਮ ਗੱਲ ਹੋ ਸਕਦੀ ਹੈ। ਜਲਵਾਯੂ ਤਬਦੀਲੀ ਅਤੇ ਪੁਲਾੜ ਖੋਜ ਉਨ੍ਹਾਂ ਦੇ ਬਚਪਨ ਦੀਆਂ ਕਹਾਣੀਆਂ ਦਾ ਹਿੱਸਾ ਹੋਣਗੇ। ਜਿੱਥੇ ਅਲਫ਼ਾ ਨੂੰ ਏਆਈ ਟਿਊਟਰ ਮਿਲੇ, ਬੀਟਾ ਨੂੰ ਹੋਲੋਗ੍ਰਾਫਿਕ ਅਧਿਆਪਕ, ਨੈਨੋ-ਲੈਬ ਅਤੇ ਵਰਚੁਅਲ ਯੂਨੀਵਰਸਿਟੀਆਂ ਮਿਲਣਗੀਆਂ। ਉਹ ਮਨੁੱਖੀ ਦਿਮਾਗ਼ ਨਾਲ ਸਿੱਧੇ ਜੁੜੇ ਡਿਜ਼ੀਟਲ ਡਿਵਾਈਸ ਰਾਹੀਂ ਗਿਆਨ ਹਾਸਲ ਕਰ ਸਕਦੇ ਹਨ।










## ਭਗਤ ਰਵਿਦਾਸ ਜੀ



ਭਗਤ ਰਵਿਦਾਸ ਬਨਾਰਸ ਵਿੱਚ ਆਏ,
ਜਗ ਤਾਰਨ ਰਵਿਦਾਸ ਜੀ ਆਏ,
ਪ੍ਰਭੂ ਭਗਤੀ ਦਾ ਰੰਗ ਸੀ ਚੜ੍ਹਿਆ,
ਕਰ ਕੇ ਭਗਤੀ ਪ੍ਰਭੂ ਨੂੰ ਪਾਇਆ,
ਰੋਮ ਰੋਮ ਵਿੱਚ ਨਾਮ ਸਮਾਇਆ,
ਭਗਤੀ ਕਰਕੇ ਸਭ ਤੋਂ ਉੱਚ ਬਣੇ,
ਵੱਡੇ ਲੋਕਾਂ ਦੇ ਵੀ ਗੁਰੂ ਬਣੇ,
ਉੱਚ ਕਹਾਉਣ ਵਾਲਿਆਂ ਨੇ ਸੀਸ ਝੁਕਾਏ,
ਇਸ ਤਰਾਂ ਭਗਤ ਰਵਿਦਾਸ ਗੁਰੂ ਕਹਾਏ,
ਦੁਨੀਆਂ ਨੂੰ ਮਨੁੱਖਤਾ ਦਾ ਪਾਠ ਪੜ੍ਹਾ ਕੇ,
ਰਾਜਿਆਂ ਨੂੰ ਵੀ ਚਰਨੀ ਲਾ ਕੇ,
ਪ੍ਰਭੂ ਭਗਤੀ ਦੇ ਵਿੱਚ ਸਮਾ ਕੇ ,
ਸਭ ਤੋਂ ਉੱਚ ਰਵਿਦਾਸ ਜੀ ਕਹਾਏ,
ਲੋਕਾਂ ਦੇ ਜੀਵਨ ਦੀ ਹਾਲਤ ਸੁਧਾਰੀ,
ਓਹ ਵੀ ਚਰਨੀ ਲੱਗੇ ਜੋ ਵੱਡੇ ਹੰਕਾਰੀ,
ਏਨੀ ਭਗਤੀ ਉੱਚੀ ਓਹਨਾਂ ਦੀ ਸੀ,
ਪ੍ਰਭੂ ਬੈਠੇ ਕੁਟੀਆ ਓਹਨਾਂ ਦੀ ਸੀ,
ਗੰਗਾ ਮਾਤਾ ਖੁਦ ਪਰਗਟ ਹੋ ਗਏ,
ਭਗਤ ਰਵਿਦਾਸ ਜੀ ਦੇ ਸਨਮੁੱਖ ਹੋਗੇ,
ਲੋਕਾਂ ਦਾ ਜੀਵਨ ਸੁਧਾਰਨ,
ਭਗਤ ਰਵਿਦਾਸ ਜੀ ਆਏ ਕੁਲ ਤਾਰਨ,
ਏਨੀ ਭਗਤੀ ਰਵਿਦਾਸ ਜੀ ਕਰਗੇ,
ਵਿੱਚ ਪਾਣੀ ਦੇ ਓਹਨਾਂ ਦੇ ਪੱਥਰ ਤਰਗੇ,
ਜਦ ਤੱਕ ਦੁਨੀਆਂ ਰਹਿਣੀ ਏਥੇ,
ਭਗਤ ਰਵਿਦਾਸ ਦਾ ਨਾਮ ਸਦਾ ਰਹਿਣਾ,
ਅਸੀਂ ਓਹਨਾਂ ਦਾ ਨਾਮ ਜਪਦੇ ਰਹਿਣਾ,
ਬਾਬਾ ਜੀ ਸਾਨੂੰ ਵਿਸ਼ਵਾਸ ਹੈ ਪੂਰਾ,
ਤੁਸੀਂ ਸਹਿਰ ਵਸਾ ਤਾ ਬੇਗਮ ਪੁਰਾ,
ਬੇਗਮ ਪੁਰੇ ਦੇ ਵਾਸੀ ਬਣਾ ਲਓ ,
ਉਸ ਤੋਂ ਉੱਪਰ ਕੁਛ ਨੀ ਲੈਣਾ,
ਸਾਡੇ ਕੋਲ ਮੱਤ ਹੈ ਥੋੜੀ ਹੌਲੀ,
ਗੁਰੂ ਰਵਿਦਾਸ ਜੀ ਸਾਡੀ ਝੋਲੀ,
ਤੁਸੀਂ ਨਾਮ ਦੀ ਬਖਸ਼ਿਸ ਕਰਦੋ,
ਜੀਵਨ ਨਾਮ ਖੁਸ਼ੀਆਂ ਨਾਲ ਭਰਦੋ।
ਧਰਮਿੰਦਰ ਤੇ ਵੀ ਕਿਰਪਾ ਕਰਦੋ।



ਧਰਮਿੰਦਰ ਸਿੰਘ ਮੁੱਲਾਂਪੁਰੀ

## ਮੇਰੀ ਮਾਂ-ਬੋਲੀ ਪੰਜਾਬੀ

ਮੇਰੀ ਮਾਂ-ਬੋਲੀ ਪੰਜਾਬੀ,
ਜਿਸ ਦੀ ਟੌਹਰ ਨਵਾਬੀ।
ਇਹ ਦਾ ਵਿਰਸਾ ਬੜਾ ਮਹਾਨ,
ਮਾਂ-ਬੋਲੀ ਮੇਰੀ ਜਾਨ।

ਇਸ ਨਾਲ ਹੀ ਮੇਰੀ ਪਹਿਚਾਣ,
ਸਾਰੀ ਦੁਨੀਆਂ 'ਚ ਇਹਦੀ ਉੱਚੀ ਸਾਨ।
ਮਿੱਠੀ-ਮਿੱਠੀ ਇਹ ਦਿਲ ਦੀ ਬੋਲੀ,
ਨੱਚੇ ਟੱਪੇ ਜਦ ਡਗਾ ਲਾਵੇ ਢੋਲੀ।

ਹਵਾਵਾਂ ਦੇ ਨਾਲ ਰਲ ਰਸ ਘੋਲੇ,
ਗੁੱਝੇ ਭੇਦ ਦਿਲਾਂ ਦੇ ਖੋਲੇ।
ਗੁਰੂਆਂ ਨੇ ਰਚੀ ਇਸ ਵਿੱਚ ਬਾਣੀ,
ਜਿਸਨੂੰ ਸਤਿਕਾਰ ਨਾਲ ਪੜ੍ਹਨ ਪ੍ਰਾਣੀ।

ਇਸਦੀ ਸੁਗੰਧ ਮਿੱਠੀ ਗੁਲਾਬ ਤੋਂ,
ਸਤਲੁਜ ਰਾਗ ਸੁਣੇ ਰਾਵੀ,ਚਨਾਬ ਤੋਂ।
ਮਾਂ-ਬੋਲੀ ਦਾ ਦਿਲੋਂ ਕਰਾਂ ਸਤਿਕਾਰ,
'ਗਗਨ' ਮਾਂ ਬੋਲੀ ਨੂੰ ਕਰੇ ਪਿਆਰ।

ਗਗਨਦੀਪ ਕੌਰ ਧਾਲੀਵਾਲ

## ਨਕਲੀ ਚਿਹਰੇ.....

ਪਹਿਲਾਂ ਵਰਗੇ ਲੋਕ ਰਹੇ ਨਾ,
ਨਾ ਪਹਿਲਾਂ ਵਰਗੀਆਂ ਪ੍ਰੀਤਾਂ।
ਨਕਲੀ ਨਕਲੀ ਚਿਹਰੇ ਨੇ ਤੇ,
ਖੋਟੀਆਂ ਜਿਹੀਆਂ ਨੀਤਾਂ।
ਪਹਿਲਾਂ ਵਰਗੇ....
ਪਹਿਲੋਂ ਪਿਆਰ ਸੀ ਸੱਚੇ ਸੁੱਚੇ,
ਇਬਾਦਤ ਵਰਗੀਆਂ ਯਾਰੀਆਂ।
ਹੁਣ ਤਾਂ ਛੁਰੀਆਂ ਪਿੱਠਾਂ ਦੇ ਵਿੱਚ,
ਭਾਈਆਂ ਯਾਰਾਂ ਮਾਰੀਆਂ।
ਜਹਿਰ ਮਿਲਾ ਦੇ ਗਏ ਚੂਰੀ,
ਤਰਸ ਨਾ ਮਨ ਵਿੱਚ ਮੀਤਾਂ।
ਪਹਿਲਾਂ ਵਰਗੇ.....
ਮਾਇਆ ਪਿੱਛੇ ਪਾਗਲ ਹੋਏ,
ਛੋਟੇ ਵੱਡੇ ਕਰ ਲਏ ਕਾਰੇ।
ਝੂਠੀਆਂ ਕਸਮਾਂ ਖਾ ਕੇ ਮੁੱਕਰੇ,
ਤੇਰੇ ਮੇਰੇ ਸੱਭ ਡਕਾਰੇ।
ਝੂਠੇ ਖੁਸੀ ਗਮੀ ਦੇ ਚੋਜ ਤੇ,
ਦਿਖਾਵੇ ਰਹਿ ਗਈਆਂ ਰੀਤਾਂ।
ਪਹਿਲਾਂ ਵਰਗੇ.....
ਤੁਰ ਗਏ ਕਈ 'ਕੱਠੀ ਕਰਦੇ,
ਹੁਣ ਨਵਿਆਂ ਕੁੰਡਲੀ ਮਾਰੀ।
ਸਾਰਾ ਜਹਾਨ ਜਿੱਤ ਕੇ ਏਸ,
ਮਾਇਆ ਤੋਂ ਦੁਨੀਆਂ ਹਾਰੀ।
ਰੋਂਦੇ ਹਉਕੇ ਲੈ ਕੇ ਰਿਸ਼ਤੇ,
ਵਿੱਚ ਮਨਜੀਤ ਦੇ ਗੀਤਾਂ।
ਪਹਿਲਾਂ ਵਰਗੇ.....



ਮਨਜੀਤ ਕੌਰ ਧੀਮਾਨ

## ਤਾੜੀ..

ਇਕ ਹੱਥੀਂ ਨਾਂਹ
ਵਜੇ ਕਦੇ ਤਾੜੀ
ਲੋਕੀ ਵਜਾਉਣ ਨੂੰ
ਫਿਰਦੇ ਨੇ
ਕਸੂਰ ਕਦੇ ਇਕ ਦਾ
ਨਹੀਂ ਹੁੰਦਾ
ਬੇਕਸੂਰ ਨੂੰ ਕਸੂਰਵਾਰ
ਬਣਾਉਣ ਨੂੰ ਫਿਰਦੇ ਨੇ
ਝੂਠ ਕਦੇ ਸੱਚ ਨਹੀਂ
ਬਣ ਸਕਦਾ ਪਰ ਲੋਕੀ
ਝੂਠ ਨੂੰ ਸੱਚ ਬਣਾਉਣ ਨੂੰ
ਅਕਸਰ ਸੋਚਦੇ ਨੇ
ਸਾਡੀ ਕਲਮ ਅਕਸਰ
ਸੱਚ ਹੈ ਬੋਲਦੀ ਲੋਕੀ
ਸਾਡੀ ਕਲਮ ਨੂੰ ਦਵਾਉਣ ਨੂੰ
ਕਿਉਂ ਨਿੱਤ ਸੋਚਦੇ ਨੇ
ਇਕ ਹੱਥੀਂ ਨਹੀਂ
ਕਦੇ ਵੱਜਦੀ ਤਾੜੀ
ਲੋਕੀ ਵਜਾਉਣ ਨੂੰ
ਕਿਉਂ ਫਿਰਦੇ ਨੇ....



ਗੁਰਿੰਦਰ ਸਿੰਘ ਪੰਜਾਬੀ

## ਬਸ ਇਹੀ ਗੱਲ ਸਹੀ ਨੀ

ਤੂੰ ਵੀ ਸਹੀ, ਮੈਂ ਵੀ ਸਹੀ
ਬਸ ਇਹੀ ਗੱਲ ਸਹੀ ਨੀ।

ਤੇਰੇ ਸੁਪਨਿਆਂ ਲਈ
ਕੁਰਬਾਨ ਸਾਡੀ ਜਿੰਦਗੀ
ਕੌਡੀ ਭਾਅ 'ਚ ਰੁਲੇ
ਸਾਡੀ ਹਰ ਗੱਲ ਕਹੀ
ਬਸ ਇਹੀ ਗੱਲ ਸਹੀ ਨੀ।

ਸਾਨੂੰ ਤਾਂਘ ਰਹੇ ਸਦਾ
ਦੁੱਖ ਤੇਰੇ ਨੂੰ ਮਿਟਾਉਣ ਦੀ
ਤੈਨੂੰ ਰਤਾ ਨਾ ਮਲਾਲ
ਸਾਡੇ ਤੇ ਕੀ ਬਣੀ ਪਈ
ਬਸ ਇਹੀ ਗੱਲ ਸਹੀ ਨੀ।

ਦੋਵੇਂ ਸਹੀ ਹੁੰਦੇ ਅਸੀਂ
ਕਈ ਵਾਰੀ ਸੱਜਣਾ
ਸੋਚ ਦਾ ਫਰਕ "ਕੰਮੋ"
ਜੋ ਹੈ ਬਣੀ ਪਈ
ਬਸ ਇਹੀ ਗੱਲ ਸਹੀ ਨੀ।

ਕਿਸੇ ਪਿੱਛੇ ਲੱਗੀਏ ਨਾ
ਹੱਸ ਹਰ ਬਿਤਾਈਏ ਪਲ
ਜਿੰਦਗੀ ਏ ਦਿੰਦੀ ਧੋਖਾ
ਇਹ ਸਦਾ ਨਾ ਰਹਿੰਦੀ ਬਈ
ਬਸ ਇਹੀ ਗੱਲ ਸਹੀ ਨੀ।



ਕਰਮਜੀਤ ਕੌਰ

## ਸੱਜਣਾ ਵੇ

ਤੇਰੀ ਮੇਰੀ ਪ੍ਰੀਤ ਕਹਾਣੀ ਸੱਜਣਾ ਵੇ।
ਹੁੰਦੇ ਜਿੱਦਾਂ ਅੱਗ ਤੇ ਪਾਣੀ ਸੱਜਣਾ ਵੇ।
ਗੈਰਾਂ ਤੇ ਕੀ ਦੋਸ਼ ਕਿਸੇ ਤੇ ਸ਼ਿਕਵਾ ਕੀ,
ਦੁਸ਼ਮਣ ਤਾਂ ਹੈ ਆਪਣੀ ਢਾਣੀ ਸੱਜਣਾ ਵੇ।
ਪੱਥਰਾਂ ਵਰਗੇ ਸ਼ਹਿਰੀਂ ਅੱਜ ਵੀ ਚੱਲਦੀ ਏ,
ਮਜਨੂੰ ਵਾਲੀ ਰੀਤ ਪੁਰਾਣੀ ਸੱਜਣਾ ਵੇ।
ਕਿਹੜੇ ਕਿਹੜੇ ਮਸਲੇ ਤੂੰ ਸੁਲਝਾਵੇਂਗਾ,
ਹਰ ਪਾਸੇ ਹੈ ਉਲਝੀ ਤਾਣੀ ਸੱਜਣਾ ਵੇ।
ਦੌਲਤ ਸ਼ੁਹਰਤ ਨਾਲ ਕਿਸੇ ਦੇ ਜਾਣੀ ਨਾ,
ਭਾਵੇਂ ਹੋਵੇ ਰਾਜਾ ਰਾਣੀ ਸੱਜਣਾ ਵੇ।
'ਆਤਮ' ਸਾਡੀ ਭਟਕਣ ਕਦੇ ਵੀ ਮੁਕਣੀ ਨਾ,
ਬੇਸ਼ੱਕ ਰਾਹ ਦੀ ਖਾਕ ਵੀ ਛਾਣੀ ਸੱਜਣਾ ਵੇ।

-ਡਾ. ਆਤਮਾ ਸਿੰਘ ਗਿੱਲ
9878883680

## ਮਾਂ ਬੋਲੀ

ਅੰਬਰਸਰਨੀ ਤਾਈ ਹੈ ਇੱਕ।
ਦਿੱਲੀ ਵਾਲੀ ਭਰਜਾਈ ਹੈ ਇੱਕ।
ਗਵਾਂਢਣ ਇੱਕ ਹਿਮਾਚਲ ਤੋਂ ਹੈ।
ਚਾਚੀ ਵੀ ਉਤਰਾਂਚਲ ਤੋਂ ਹੈ।

ਮਾਝੀ ਦੇ ਵਿੱਚ ਤਾਈ ਬੋਲਦੀ।
ਸ਼ੁੱਧ ਹਿੰਦੀ ਭਰਜਾਈ ਬੋਲਦੀ।
ਗਵਾਂਢਣ ਬੋਲੇ ਸਦਾ ਪਹਾੜੀ।
ਗੜ੍ਹਵਾਲੀ ਚਾਚੀ ਨੂੰ ਪਿਆਰੀ।

ਪਰ ਸਭਨਾਂ ਦੀ ਜਿੰਨੀ ਔਲਾਦ।
ਜੰਮੀ ਪਲੀ ਹੈ ਵਿੱਚ ਪੁਆਧ।
ਸਿਰਫ ਪੁਆਧੀ ਬੋਲਣ ਸਾਰੇ।
ਇੱਤਰਾਂ, ਕਿੱਤਰਾਂ, ਖ਼ਾਰੇ, ਮ੍ਹਾਰੇ।

ਕੋਈ ਨਾ ਬੋਲੇ ਮਾਂ ਦੀ ਬੋਲੀ।
ਬੋਲਣ ਬੱਸ ਗਰਾਂ ਦੀ ਬੋਲੀ।
ਬੋਲਦੇ ਨੇ ਜੋ ਪਿਉ, ਪੜਦਾਦੇ।
ਜਾਂ ਸੀ ਬੋਲਦੇ ਲੱਗੜਦਾਦੇ।

ਫੇਰ ਇਹਨਾਂ ਦੀ ਇਹ ਜੋ ਬੋਲੀ।
ਮਾਂ ਬੋਲੀ ਹੈ ਜਾਂ ਪਿਉ ਬੋਲੀ ?
ਚੱਲੋ ਚੱਕਰਾਂ ਵਿੱਚ ਨਾ ਪਈਏ।
ਗੱਲ ਸਰਸਰੀ ਕਰ ਹੀ ਲਈਏ।

ਅਸਲ 'ਚ ਮਾਂ ਬੋਲੀ ਹੈ ਤਾਂ।
ਬੱਚਾ ਜੰਮੇ ਕਿਸੇ ਵੀ ਥਾਂ।
ਬੁੱਝੋ ਜਦ ਰਿਸ਼ਤਿਆਂ ਦੇ ਨਾਂ।
ਸਭ ਤੋਂ ਪਹਿਲਾਂ ਆਖੇ ਮਾਂ।

ਮੌਮ, ਮੰਮੀ ਜਾਂ ਮਾਈ ਆਖੇ।
ਬੇਬੇ ਜਾਂ ਫਿਰ ਝਾਈ ਆਖੇ।
ਹੋਰ ਹੋਵੇ ਕੋਈ ਪਾਲਣਹਾਰ।
ਮਾਂ ਕਹਿਕੇ ਹੀ ਲਵੇ ਪਿਆਰ।

ਜੋ ਬੋਲੀ ਨੂੰ ਕਹਿਣਾ ਮਾਂ।
ਸਿਰਫ ਹੈ ਇੱਕ ਜਜਬਾਤੀ ਨਾਂ।
ਕੁੱਝ ਵੀ ਹੈ ਪਰ ਜਚਦਾ ਬਹੁਤ ਹੈ।
ਫਬਦਾ, ਸੋਂਹਦਾ, ਪਚਦਾ ਬਹੁਤ ਹੈ।

ਸਿਆਣਿਆਂ ਏਥੇ ਸਿਆਣਪ ਵਰਤੀ।
ਰਿਸ਼ਤੇ ਵਰਗੀ ਬੋਲੀ ਕਰਤੀ।
ਭਰ ਦਿੱਤੇ ਨੇ ਗੂੜ੍ਹੇ ਰੰਗ।
ਮੋਹ, ਮਮਤਾ ਤੇ ਲਾਡ ਦੇ ਸੰਗ।

ਨਾਮ ਨੂਮ ਹੈ ਛੋਟਾ ਮਸਲਾ।
ਨਹੀਂ ਵੱਡਾ ਜਾਂ ਮੋਟਾ ਮਸਲਾ।
ਮਸਲਾ ਬੱਸ ਪਕਿਆਈ ਦਾ ਹੈ।
ਰੁਸ਼ਨਾਈ, ਸੋਖਿਆਈ ਦਾ ਹੈ।

ਘੜਾਮੇਂ ਵਾਲਿਆ ਛੱਡ ਵੀ ਗੱਲ।
ਧਿਆਨ ਜਰਾ ਧਰ ਆਪਣੇ ਵੱਲ।
ਗੁਰਬਿੰਦਰ ਨੂੰ ਕੌਣ ਪਛਾਣੇ ?
ਜੋ ਜਾਣੇ ਰੋਮੀ ਨੂੰ ਜਾਣੇ।
ਜੋ ਜਾਣੇ ਬੱਸ ਰੋਮੀ ਜਾਣੇ।



ਰੋਮੀ ਘੜਾਮੇਂ ਵਾਲਾ।

## ਅਣਕਹੇ ਦਰਦ

ਦਰਦ ਛੁਪਾਇਆਂ ਛੁਪਦੇ ਨਹੀਂ,
ਮਨ ਅੰਦਰ ਕਰ ਘਰ ਜਾਂਦੇ ਨੇ।

ਬਣ ਗ਼ਮ ਰਿੱਝ ਕੇ ਦਿਲ ਅੰਦਰ,
ਅਹਿਸਾਸਹੀਣ ਹੋ ਮਰ ਜਾਂਦੇ ਨੇ।

ਪ੍ਰੇਮ ਮੁਹੱਬਤ ਕਹਿਣ ਨੂੰ ਗੱਲ ਹੈ,
ਰਾਤੀਂ ਵਿੱਚ ਝਨਾਂ ਤਰ ਜਾਂਦੇ ਨੇ।

ਜੰਗਲ਼ ਬੇਲੇ, ਥਲਾਂ ਵਿੱਚ ਸੜਕੇ,
ਵਾਅਦੇ ਵਫ਼ਾ ਵੀ ਕਰ ਜਾਂਦੇ ਨੇ।

ਹੋਠ ਖ਼ਮੋਸ਼ ਤੇ ਜਜ਼ਬਾਤ ਨਮੋਸ਼,
ਸੀਨੇ ਦੇ ਅੰਦਰ ਜਰ ਜਾਂਦੇ ਨੇ।

ਖੁਸ਼ੀਆਂ ਹਾਸੇ ਛੋੜ ਕੇ ਭੈਰਵੀ,
ਆਪਣੀ ਮੌਤ ਹੀ ਮਰ ਜਾਂਦੇ ਨੇ।

ਦੇਖੇ ਦਿਲਬਰ ਨਜ਼ਰ ਚੁਰਾ ਕੇ,
ਸੀਨੇ ਅੰਦਰੋਂ ਤਾਂ ਠਰ ਜਾਂਦੇ ਨੇ।

ਪੁੰਨਿਆ ਦਿਸੇ ਮੱਸਿਆ ਜਿਹੀ,
ਹੰਝੂ ਤਾਰੇ ਬਣ 2 ਵਰ੍ਹ ਜਾਂਦੇ ਨੇ।

ਪ੍ਰੀਤ ਨੂੰ ਜਾਣਕੇ ਪਾਕ ਪਵਿੱਤਰ,
ਭਵਜਲ ਸਾਗਰ ਤਰ ਜਾਂਦੇ ਨੇ।

ਪੱਲੇ ਜਿਨ੍ਹਾਂ ਦੇ ਇਸ਼ਕ ਹਕੀਕੀ,
ਬੁੱਲ੍ਹੇ ਜੇਹੇ ਮੁਜ਼ਰਾ ਕਰ ਜਾਂਦੇ ਨੇ।

ਉੱਤਰਣ ਨਕਾਬ ਰਿਸ਼ਤਿਆਂ ਤੋਂ,
ਜੀਂਦੇ ਜੀਅ ਬੰਦੇ ਮਰ ਜਾਂਦੇ ਨੇ।

ਕੂੰਜ ਕੁਆਰੀ ਨਜ਼ਰਾਂ ਮਾਰੀ ਦੇ,
ਦੁਨੀਆਂ ਤੋਂ ਹੰਝੂ ਡਰ ਜਾਂਦੇ ਨੇ ।

ਬੱਚੇ ਲੱਖ ਅੱਜ ਕਦਰ ਨ ਕਰਦੇ,
ਪਰ ਮਾਪੇ ਤਾਂ ਦੁੱਖ ਜਰ ਜਾਂਦੇ ਨੇ।

ਪੀਰ ਫ਼ਕੀਰ ਗੁਰੂ ਇੰਞ ਦੱਸਦੇ,
ਪੁੰਨ ਦੇ ਪੱਕੇ ਜੱਗ ਸਰ ਜਾਂਦੇ ਨੇ।

ਸੇਵਾ ਸਿੰਘ 'ਨੂਰਪੁਰੀ'

## ਮਾਂ



ਰੱਖ ਕੇ ਨੌਂ ਮਹੀਨੇ ਆਪਣੀ ਕੁੱਖ ਦੇ ਅੰਦਰ,
ਜਗ ਦੇਖਣੇ ਦੇ ਯੋਗ ਮਾਂ ਨੇ ਬਣਾਇਆ।
ਮੈਨੂੰ ਪਾਲਣ ਲਈ ਲੱਖ ਮੁਸੀਬਤਾਂ ਝੱਲੀਆਂ,
ਗੋਦੀ ਚੁੱਕ ਚੁੱਕ ਕੇ ਮਾਂ ਨੇ ਆਪ ਖਿਡਾਇਆ।
ਗਿੱਲੀ ਥਾਂ ਤੇ ਮਾਂ ਰਹੀ ਆਪ ਸੌਂਦੀ,
ਪਰ ਮੈਨੂੰ ਸੁੱਕੀ ਥਾਂ ਤੇ ਪਾਇਆ।
ਪਹਿਲਾਂ ਰੋਂਦੀ ਸੀ ਪਰ ਬੋਲ ਨਾ ਸਕਦੀ,
ਸਿਰਫ ਮਾਂ ਨੇ ਬੋਲਣਾ ਸਿਖਾਇਆ।
ਮਾਂ ਦੀ ਦੇਣ ਨਹੀਂ ਕੋਈ ਦੇ ਸਕਦਾ,
ਚਾਹੇ ਬੰਦਾ ਕੋਈ ਕਿੱਡਾ ਵੀ ਅਮੀਰ ਬਣਜੇ।
ਜਿਹੜਾ ਮਾਂ ਬਾਪ ਦੀ ਕਰੇ ਹਰ ਪਲ ਸੇਵਾ,
ਉਹ ਫਿਰ ਚੰਗਾ ਇਨਸਾਨ ਬਣਜੇ।
ਮਰ ਜੇ ਮਾਂ ਜੇ ਤਰਸਦੀ ਪਾਣੀ ਖਾਤਿਰ,
ਫਿਰ ਪੁੱਤਾਂ ਨੂੰ ਦੁੱਧ ਚੁੰਘਾਉਣ ਦਾ ਕੀ ਫਾਇਦਾ।
ਚੰਗਾ ਪੁੱਤ ਬਣ ਕੇ ਕਰੀ ਨਾ ਜੇ ਸੇਵਾ,
ਤਾਂ ਫਿਰ ਪੁੱਤ ਕਹਾਉਣ ਦਾ ਕੀ ਫਾਇਦਾ।

ਰਾਜਿੰਦਰ ਰਾਣੀ
ਪਿੰਡ ਗੰਢੂਆਂ ਜ਼ਿਲ੍ਹਾ ਸੰਗਰੂਰ

# ਹਰ ਮਰਜ ਦੀ ਦਵਾਈ ਨਹੀਂ ਹਨ ਜੜੀ-ਬੂਟੀ

ਇਹ ਗੱਲ ਮੁਸ਼ਕਲ ਪੈਦਾ ਕਰਦੀ ਹੈ, ਜਦੋਂ ਅਸੀਂ ਇਹ ਮੰਨ ਲੈਂਦੇ ਹਾਂ ਕਿ ਜੇਕਰ ਇਸ ਜੜੀ-ਬੂਟੀਆਂ ਨੇ ਇਸ ਰਲ ਵਿੱਚ ਇਸ ਵਿਅਕਤੀ ਨੂੰ ਲਾਭ ਪਹੁੰਚਾਇਆ ਹੈ, ਤਾਂ ਮੈਨੂੰ ਵੀ ਮਿਲੇਗਾ। ਜਿਵੇਂ ਕਿ ਐਲੋਪੈਥੀ ਦੀਆਂ ਦਵਾਈਆਂ ਹਰ ਵਿਅਕਤੀ ’ਤੇ ਪ੍ਰਭਾਵ ਪਾਉਂਦੀਆਂ ਹਨ, ਉਸੇ ਤਰ੍ਹਾਂ ਜੜੀ-ਬੂਟੀਆਂ ਵਾਲੀਆਂ ਦਵਾਈਆਂ ਵੀ ਜ਼ਰੂਰੀ ਨਹੀਂ ਹਨ ਕਿ ਹਰ ਵਿਅਕਤੀ ਤੇ ਹੋਣ। ਜੜੀ-ਬੂਟੀਆਂ ਤੋਂ ਸੌ ਫੀਸਦੀ ਫਾਇਦੇ ਦੀ ਉਮੀਦ ਕਰਨਾ ਸਹੀ ਨਹੀਂ ਹੈ।

ਹਰਬਲ, ਯਾਨੀ ਜੜੀ-ਬੂਟੀਆਨ ਕਿਸੇ ਤਰ੍ਹਾਂ ਘੱਟ ਦਵਾਈਆਂ ਦੀ ਸਹੂਲਤ ਨਹੀਂ ਹੈ। ਪਰ ਇਸਨੂੰ ਚਮਤਕਾਰ ਸਮਝਣਾ ਵੀ ਗਲਤ ਹੈ। ਹਰ ਮਰਜ ਦੀ ਦਵਾਈ ਜੜੀ-ਬੂਟੀਆਂ ਵਾਲੀ ਨਹੀਂ ਹੁੰਦੀ। ਪਰ ਅੱਜਕੱਲ੍ਹ ਹਰਬਲ ਸ਼ਬਦ ਭਰੋਸੇ ਦੀ ਗਰੰਟੀ ਬਣ ਗਿਆ ਹੈ। ਕਿਸੇ ਵੀ ਉਤਪਾਦ ’ਤੇ ਹਰਬਲ, ਨੈਚੁਰਲ ਜਾਂ ਆਯੂਰਵੇਦੀ ਲਿਖਿਆ ਦੇਖ ਕੇ ਹੀ ਮੰਨ ਲੈਂਦੇ ਹਨ ਕਿ ਸੌ ਫੀਸਦੀ ਸੁਰੱਖਿਅਤ ਹੋਵੇਗੀ, ਬਿਨਾਂ ਸਾਈਡ ਇਫੈਕਟ ਦੇ, ਪਰ ਇਹ ਸਹੀ ਗੱਲ ਨਹੀਂ ਹੈ।

**ਹਰ ਇੱਕ ਦਸ਼ਾ ਵਿੱਚ ਸੁਰੱਖਿਅਤ ਨਹੀਂ :** ਇਹ ਸਮਝਣਾ ਜ਼ਰੂਰੀ ਹੈ ਕਿ ਕੁਦਰਤ ਵਿੱਚ ਹਰ ਚੀਜ਼ ਸੁਰੱਖਿਅਤ ਨਹੀਂ ਹੁੰਦੀ। ਧੂਰਾ, ਆਕ ਆਦਿ ਕੁਦਰਤੀ ਦਵਾਈਦਾਰ ਪੌਦੇ ਹਨ, ਪਰ ਇਨ੍ਹਾਂ ਦੇ ਮਾੜੇ ਪ੍ਰਭਾਵ ਵੀ ਪੂਰੀ ਦੁਨੀਆ ਨੂੰ ਜਾਣਦੇ ਹਨ। ਇਸੇ ਤਰ੍ਹਾਂ ਬਹੁਤ ਸਾਰੀਆਂ ਜੜ੍ਹੀਆਂ ਬੂਟੀਆਂ ਗਲਤ ਮਾਤਰਾ ਵਿੱਚ, ਗਲਤ ਤਰੀਕੇ ਨਾਲ ਪੈਦਾ ਕਰਨ ਅਤੇ ਗਲਤ ਵਿਅਕਤੀ ਨੂੰ ਦਿੱਤੇ ਜਾਣ ’ਤੇ ਫਾਇਦੇ ਦੀ ਬਜਾਏ ਨੁਕਸਾਨ ਕਰ ਸਕਦੀਆਂ ਹਨ। ਇਸ ਲਈ ਅੱਖਾਂ ਬੰਦ ਕਰਕੇ ਹਰਬਲ ਦੀ ਵਰਤੋਂ ਕਰਨਾ ਜਾਂ ਇਸਨੂੰ ਕਿਸੇ ਕਿਸਮ ਦੇ ਮਾੜੇ ਪ੍ਰਭਾਵਾਂ ਤੋਂ ਮੁਕਤ ਮੰਨਣਾ ਭੁੱਲ ਜਾਂਦਾ ਹੈ। ਬਹੁਤ ਸਾਰੇ ਲੋਕ ਹਰਬਲ ਦੀ ਵਰਤੋਂ ਇਸ ਲਈ ਕਰਨ ਲੱਗਦੇ ਹਨ, ਜੇਕਰ ਇਹ ਫਾਇਦਾ ਨਹੀਂ ਵੀ ਪਹੁੰਚਾਏਗੀ ਤਾਂ ਨੁਕਸਾਨ ਹੀ ਨਹੀਂ ਕਰੇਗੀ। ਕਿਉਂਕਿ ਹਰਬਲ ਵਿੱਚ ਕਿਸੇ ਕਿਸਮ ਦੇ ਕੋਈ ਮਾੜੇ ਪ੍ਰਭਾਵ ਨਹੀਂ ਹੁੰਦੇ। ਪਰ ਅਜਿਹਾ ਨਹੀਂ ਹੈ। ਜੜੀ-ਬੂਟੀਆਂ ਵਾਲੀਆਂ ਦਵਾਈਆਂ ਨਾ ਸਿਰਫ਼ ਨੁਕਸਾਨ ਪਹੁੰਚਾ ਸਕਦੀਆਂ ਹਨ, ਸਗੋਂ ਉਨ੍ਹਾਂ ਤੋਂ ਮਾੜੇ ਪ੍ਰਭਾਵ ਵੀ ਸੰਭਵ ਹਨ। ਇਸ ਲਈ ਹਰਬਲ ਦੀ ਵਰਤੋਂ ਕਰਦੇ ਹੋਏ ਵੀ ਮਾਹਿਰਾਂ ਦੀ ਸਲਾਹ ਲੈਣਾ ਜ਼ਰੂਰੀ ਹੈ। ਆਪਣੇ ਆਪ ਵਿੱਚ ਕੋਈ ਧਾਰਨਾ ਨਾ ਬਣਾਓ।

**ਚਮਤਕਾਰ ਨਾ ਮੰਨੋ :** ਜਿਵੇਂ ਹੀ ਅਸੀਂ ਜੜੀ-ਬੂਟੀਆਂ ਨੂੰ ਚਮਤਕਾਰ ਜਾਂ ਜਾਦੂਈ ਸਮਝਦੇ ਹਾਂ, ਉਸੇ ਤਰ੍ਹਾਂ ਸਮੱਸਿਆ ਪੈਦਾ ਹੋ ਜਾਂਦੀ ਹੈ। ਬਹੁਤ ਸਾਰੇ ਲੋਕ ਜਦੋਂ ਐਲੋਪੈਥੀ ਵਿੱਚ ਕੋਈ ਤੁਰੰਤ ਰਾਹਤ ਨਹੀਂ ਮਿਲਦੀ, ਤਾਂ ਇਹ ਸੋਚ ਕੇ ਜੜੀ-ਬੂਟੀਆਂ ਦੇ ਇਲਾਜ ’ਤੇ ਆ ਜਾਂਦੇ ਹਨ ਕਿ ਇਨ੍ਹਾਂ ਤੋਂ ਭਾਵੇਂ ਤੁਰੰਤ ਲਾਭ ਨਾ ਹੋਵੇ, ਪਰ ਨੁਕਸਾਨ ਕੁਝ ਹੀ ਹੋਵੇਗਾ ਅਤੇ ਅੰਤ ਵਿੱਚ ਫਾਇਦਾ ਹੀ ਹੋਵੇਗਾ। ਭਾਵ ਕੋਈ ਸਾਈਡ ਇਫੈਕਟ ਨਹੀਂ ਹੋਵੇਗਾ। ਪਰ ਇਹ ਧਾਰਨਾਵਾਂ ਗਲਤ ਹਨ। ਅਸਲ ਵਿੱਚ ਇਸ ਤਰ੍ਹਾਂ ਦੀ ਧਾਰਨਾ ਬਣਨਾ ਜੜੀ-ਬੂਟੀਆਂ ਦੇ ਮਾਰਕੀਟਿੰਗ ਦਾ ਕਮਾਲ ਹੈ। ਕਈ ਕੰਪਨੀਆਂ ਧਡਲੇ ਤੋਂ ਕਹਿੰਦੀਆਂ ਹਨ ਕਿ ਇਹ ਜੜੀ-ਬੂਟੀਆਂ ਸੌ ਫੀਸਦੀ ਨੈਚੁਰਲ ਹਨ ਅਤੇ ਇਹਨਾਂ ਵਿੱਚ ਕਿਸੇ ਤਰ੍ਹਾਂ ਦਾ ਕੋਈ ਸਾਈਡ ਇਫੈਕਟ ਨਹੀਂ ਹੁੰਦਾ, ਨਾਲ ਹੀ ਉਹ ਇਨ੍ਹਾਂ ਦੇ ਨਾਲ ਸੌ ਫੀਸਦੀ ਵਰਗਾ ਪੱਕਾ ਇਲਾਜ ਉਸ ਤੋਂ ਚਸਪਾਨ ਕਰ ਦਿੰਦੇ ਹਨ। ਇਹ ਸਭ ਕੁਝ ਵਿਗਿਆਨਕ ਪਰਖ ’ਤੇ ਖਰਾ ਨਹੀਂ ਉਤਰਦਾ। ਇਹ ਸਿੱਧੇ ਪ੍ਰਚਾਰ ਦਾ ਭੰਡਾਰ ਹਨ। ਅਜਿਹੇ ਵਿੱਚ ਕਿਸੇ ਵੀ ਜੜੀ-ਬੂਟੀ ਤੋਂ ਸੌ ਫੀਸਦੀ ਫਾਇਦੇ ਦੀ ਉਮੀਦ ਕਰਨਾ ਸਹੀ ਨਹੀਂ ਹੈ। ਇਹ ਵੀ ਆਪਣੇ ਆਪ ਵਿੱਚ ਮੁਸ਼ਕਲ ਪੈਦਾ ਕਰਦਾ ਹੈ, ਜਦੋਂ ਅਸੀਂ ਮੰਨ ਲੈਂਦੇ ਹਾਂ ਕਿ ਜੇਕਰ ਇਸ ਜੜੀ-ਬੂਟੀਆਂ ਨੇ ਇਸ ਰਲੇਵੇਂ ਵਿੱਚ ਇਸ ਵਿਅਕਤੀ ਨੂੰ ਲਾਭ ਪਹੁੰਚਾਇਆ ਹੈ, ਤਾਂ ਮੈਨੂੰ ਵੀ ਮਿਲੇਗਾ। ਇਹ ਗੱਲ ਸਹੀ ਨਹੀਂ ਹੈ। ਜਿਵੇਂ ਕਿ ਐਲੋਪੈਥੀ ਦੀਆਂ ਦਵਾਈਆਂ ਜ਼ਰੂਰੀ ਨਹੀਂ ਹਨ ਕਿ ਹਰ ਵਿਅਕਤੀ ’ਤੇ ਅਸਰ ਕਰਨ, ਉਸੇ ਤਰ੍ਹਾਂ ਜੜੀ-ਬੂਟੀਆਂ ਵਾਲੀਆਂ ਦਵਾਈਆਂ ਵੀ ਜ਼ਰੂਰੀ ਨਹੀਂ ਹੈ ਕਿ ਹਰ ਵਿਅਕਤੀ ਉੱਤੇ ਅਸਰਕਾਰੀ ਹੋਵੇ। ਕਈ ਵਾਰ ਬਹੁਤ ਸਾਰੇ ਲੋਕ ਡਾਕਟਰਾਂ ਦੀਆਂ ਭਾਰੀ ਫੀਸਾਂ ਅਤੇ ਉਨ੍ਹਾਂ ਦੁਆਰਾ ਕਰਵਾਏ ਜਾਣ ਵਾਲੇ ਮਹਿੰਗੇ ਟੈਸਟਾਂ ਤੋਂ ਬਚਣ ਲਈ ਜੜੀ-ਬੂਟੀਆਂ ਦੇ ਇਲਾਜ ਦੀ ਸ਼ਰਨ ਵਿੱਚ ਆਉਂਦੇ ਹਨ। ਪਰ ਇਹ ਤੁਹਾਡੀ ਆਪਣੀ ਸਮੱਸਿਆ ਹੋ ਸਕਦੀ ਹੈ, ਇਸ ਲਈ ਹਰਬਲ ਦਵਾਈਆਂ ਜ਼ਿੰਮੇਵਾਰ ਨਹੀਂ ਹਨ। ਇਸ ਲਈ ਹਰਬਲ ਤੋਂ ਚਮਤਕਾਰ ਦੀ ਉਮੀਦ ਨਾ ਕਰੋ।




ਡਾ. ਵਿਜੈ ਗਰਗ
ਸਾਬਕਾ ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ
9465682110

**ਹਰ ਰੋਗ ਦਾ ਇੱਕੋ ਜਿਹਾ ਇਲਾਜ ਨਹੀਂ :** ਕੁਝ ਅਜਿਹੀਆਂ ਬਿਮਾਰੀਆਂ ਹੁੰਦੀਆਂ ਹਨ ਜਿਨ੍ਹਾਂ ਵਿੱਚ ਜੜੀ-ਬੂਟੀਆਂ ਦੀ ਦਵਾਈ ਸਿਰਫ਼ ਸਹਾਇਕ ਹੋ ਸਕਦੀ ਹੈ ਪਰ ਮੁੱਖ ਇਲਾਜ ਉਨ੍ਹਾਂ ਤੋਂ ਨਹੀਂ ਹੁੰਦਾ। ਜਿਵੇਂ ਕਿ ਹਾਰਟ ਅਟੈਕ, ਬ੍ਰੇਨ ਸਟ ?ਰੋਕ ਜਾਂ ਬ੍ਰੈਨ ਹੈਮਰੇਜ ਅਤੇ ਹੋਰ ਗੰਭੀਰ ਬਿਮਾਰੀਆਂ, ਇਨ੍ਹਾਂ ਮੁਸ਼ਕਲਾਂ ਦਾ ਇਲਾਜ ਹਰਬਲ ਕੋਲ ਨਹੀਂ ਹੈ। ਇਹਨਾਂ ਲਈ ਹਸਪਤਾਲ, ਸਰਜਰੀ ਅਤੇ ਨਿਗਰਾਨੀ ਦੇ ਘੇਰੇ ਵਿੱਚ ਰਹਿਣਾ ਪੈਂਦਾ ਹੈ। ਇਸੇ ਤਰ੍ਹਾਂ ਟਾਈਫਾਈਡ, ਟੀਬੀ ਦੇ ਗੰਭੀਰ ਇਨਫੈਕਸ਼ਨ ਦਾ ਇਲਾਜ ਵੀ ਜੜੀ-ਬੂਟੀਆਂ ਦੀਆਂ ਦਵਾਈਆਂ ਕੋਲ ਨਹੀਂ ਹੈ। ਫਿਰ ਵੀ ਜਦੋਂ ਲੋਕ ਜੜੀ-ਬੂਟੀਆਂ ਨੂੰ ਹਰ ਤਰ੍ਹਾਂ ਦੀਆਂ ਮੁਸੀਬਤਾਂ ਦਾ ਚਮਤਕਾਰੀ ਉਪਾਅ ਸਮਝ ਕੇ ਉਨ੍ਹਾਂ ’ਤੇ ਬੇਲੋੜਾ ਬੋਝ ਪਾਉਂਦੇ ਹਨ, ਤਾਂ ਨਾ ਸਿਰਫ਼ ਉਮੀਦਾਂ ਟੁੱਟ ਜਾਂਦੀਆਂ ਹਨ ਸਗੋਂ ਬਹੁਤ ਸਾਰੇ ਲੋਕਾਂ ਨੂੰ ਲੱਗਦਾ ਹੈ ਕਿ ਜੜ੍ਹੀਆਂ ਬੂਟੀਆਂ ’ਤੇ ਭਰੋਸਾ ਕਰਨਾ ਹੀ ਗਲਤ ਹੈ।

**ਜੋਖਮ ਲੈਣ ਦੀ ਸੀਮਾ :** ਨਾ ਤਾਂ ਜੜੀ-ਬੂਟੀਆਂ ’ਤੇ ਬਹੁਤ ਜ਼ਿਆਦਾ ਵਿਸ਼ਵਾਸ ਕਰਨਾ ਸਹੀ ਹੁੰਦਾ ਅਤੇ ਨਾ ਹੀ ਅਵਿਸ਼ਵਾਸ। ਸ਼ੂਗਰ, ਹਾਈ ਬਲੱਡ ਪ੍ਰੈਸ਼ਰ, ਕੈਂਸਰ ਵਰਗੀਆਂ ਬਿਮਾਰੀਆਂ ਦਾ ਇਲਾਜ ਜੜੀ-ਬੂਟੀਆਂ ਕੋਲ ਨਹੀਂ ਹੈ। ਜੜੀ ਬੂਟੀਆਂ ਤੁਹਾਡੀ ਸਿਰਫ਼ ਜੀਵਨ ਸ਼ੈਲੀ ਵਿੱਚ ਸੁਧਾਰ ਕਰ ਸਕਦੀਆਂ ਹਨ, ਪਚਣ ਸੁਧਾਰ ਕਰ ਸਕਦੀਆਂ ਹਾਂ, ਨੀਂਦ ਬਿਹਤਰ ਕਰ ਸਕਦੀ ਹੈ, ਇਮਿਊਨ ਵਿੱਚ ਸਹਾਇਤਾ ਕਰ ਸਕਦੀ ਹੈ ਅਤੇ ਇਹਨਾਂ ਦੇ ਇਨ੍ਹਾਂ ਪ੍ਰਭਾਵਾਂ ਦੇ ਚਲਦੇ ਹੋਏ ਤੁਸੀਂ ਜ਼ਿੰਦਗੀ ਅਤੇ ਮੌਤ ਦੇ ਖਦਸ਼ੇ ਵਾਲੀਆਂ ਬਿਮਾਰੀਆਂ ਵਿੱਚ ਇਹਨਾਂ ’ਤੇ ਭਰੋਸੇ ਦਾ ਜੋਖਮ ਨਹੀਂ ਚੁੱਕ ਸਕਦੇ। ਇਹ ਸਮਝਣਾ ਪਵੇਗਾ।

**ਮਨਮਾਨੇ ਵਰਤੋਂ ਨੂੰ ਕਹੋ ਨਾ :** ਜੜੀ-ਬੂਟੀਆਂ ਦੀ ਵਰਤੋਂ ਵਿੱਚ ਵੀ ਵਿਗਿਆਨਕ ਨਿਗਰਾਨੀ, ਉਨ੍ਹਾਂ ਦੀ ਸ਼ੁੱਧਤਾ ਅਤੇ ਖੁਰਾਕ ’ਤੇ ਗੰਭੀਰ ਧਿਆਨ ਦੇਣਾ ਜ਼ਰੂਰੀ ਹੁੰਦਾ ਹੈ। ਇਹ ਨਹੀਂ ਹੋ ਸਕਦਾ ਕਿ ਕੋਈ ਜੜੀ-ਬੂਟੀਆਂ ਨੂੰ ਤੁਸੀਂ ਮਨਮਾਨੇ ਢੰਗ ਨਾਲ ਖਾਓ, ਇਹ ਮੰਨ ਕੇ ਕਿ ਕਿਹੜਾ ਰਸਾਇਣ ਹੈ। ਉਹਨਾਂ ਦਾ ਵੀ ਇੱਕ ਮਿਆਰੀਕਰਨ ਹੁੰਦਾ ਹੈ ਅਤੇ ਜਿਵੇਂ ਕਿ ਉਤਪਾਦ ਵਿੱਚ ਸ਼ੁੱਧਤਾ ਦੀ ਗਰੰਟੀ ਜ਼ਰੂਰੀ ਹੁੰਦੀ ਹੈ, ਉਸੇ ਤਰ੍ਹਾਂ ਉਹਨਾਂ ਦੇ ਉਪਯੋਗੀ ਹੋਣ ਲਈ ਉਹਨਾਂ ਨੂੰ ਸ਼ੁੱਧ ਹੋਣਾ ਚਾਹੀਦਾ ਹੈ।

**ਇਹ ਸਾਵਧਾਨੀਆਂ ਵਰਤੋ :** ਕਿਸੇ ਵੀ ਜੜੀ-ਬੂਟੀਆਂ ਦੀ ਵਰਤੋਂ ਕਰਨ ਤੋਂ ਪਹਿਲਾਂ ਨਿਦਾਨ ਕਰਵਾਓ। ਜਦੋਂ ਵੀ ਤੁਸੀਂ ਬਾਜ਼ਾਰ ਤੋਂ ਕੋਈ ਜੜੀ-ਬੂਟੀਆਂ ਦਾ ਉਤਪਾਦ ਖਰੀਦਦੇ ਹੋ, ਤਾਂ ਉਸ ਦੇ ਬਿਨਾਂ ਕਿਸੇ ਮਾੜੇ ਪ੍ਰਭਾਵ ਵਾਲੇ ਵਾਕ ’ਤੇ ਭਰੋਸਾ ਨਾ ਕਰੋ। ਗਰਭ ਅਵਸਥਾ, ਗੁਰਦੇ, ਜਿਗਰ, ਦਿਲ ਦੀ ਦੌਰੇ ਵਿੱਚ ਬਿਨਾਂ ਸਲਾਹ ਦੇ ਕਦੇ ਵੀ ਕੋਈ ਜੜੀ-ਬੂਟੀਆਂ ਵਾਲੀ ਦਵਾਈ ਨਾ ਲਓ। ਇੱਕ ਹੋਰ ਗੱਲ ਇਹ ਹੈ ਕਿ ਬਲੱਡ ਥਿਨਰ, ਸ਼ੂਗਰ ਅਤੇ ਬੀਪੀ ਦੀਆਂ ਦਵਾਈਆਂ ਦੇ ਨਾਲ ਜੜੀ-ਬੂਟੀਆਂ ਵਾਲੀਆਂ ਦਵਾਈਆਂ ਨੂੰ ਨਾ ਮਿਲਾਓ। ਦੋ ਹਫ਼ਤਿਆਂ ਵਿੱਚ ਲਾਭ ਨਾ ਦਿਖਾਈ ਦਿਓ ਤਾਂ ਡਾਕਟਰ ਤੋਂ ਜ਼ਰੂਰ ਮਿਲੋ, ਇਸੇ ਤਰ੍ਹਾਂ ਕਈ ਮਹੀਨਿਆਂ ਤੱਕ ਬਿਨਾਂ ਕਿਸੇ ਫਾਇਦੇ ਦੇ ਇਲਾਜ ਨਾ ਕਰੋ ਤਾਂ ਬਿਹਤਰ ਹੈ।

# ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਵਿਚਕਾਰ ਵੱਧਦਾ ਫਾਸਲਾ

ਪਿਛਲੇ ਕੁਝ ਸਾਲਾਂ ਵਿੱਚ ਸਿੱਖਿਆ ਮਾਹਿਰਾਂ ਅਤੇ ਵਿਦਿਆਰਥੀ ਇੱਕ ਦੂਜੇ ਦੇ ਖਿਲਾਫ ਵੱਧਦੇ ਫਾਸਲੇ ਦਾ ਸਾਹਮਣਾ ਕਰ ਰਹੇ ਹਨ ਅਤੇ ਦੇਸ਼ ਭਰ ਦੇ ਸਕੂਲਾਂ ਵਿੱਚ ਇਹ ਵੱਧਦਾ ਫਾਸਲਾ ਇੱਕ ਵੱਡੀ ਸਮੱਸਿਆ ਬਣ ਕੇ ਉੱਭਰ ਰਿਹਾ ਹੈ। ਇਹ ਪਾੜਾ ਜੋ ਤੇਜ਼ੀ ਨਾਲ ਵਿਕਸਤ ਹੋ ਰਹੀਆਂ ਤਕਨੀਕਾਂ, ਬਦਲਦੇ ਸਮਾਜਿਕ ਨਿਯਮਾਂ ਅਤੇ ਵਿਕਸਤ ਹੁੰਦੀਆਂ ਸਿੱਖਿਆ ਦੀਆਂ ਉਮੀਦਾਂ ਦੁਆਰਾ ਪ੍ਰੇਰਿਤ ਹੈ ਸਿੱਖਣ ਅਤੇ ਸਿਖਾਉਣ ਲਈ ਮਹੱਤਵਪੂਰਨ ਚੁਣੌਤੀਆਂ ਪੈਦਾ ਕਰਦਾ ਹੈ।

**ਡਿਜ਼ੀਟਲ ਫਾਸਲਾ :** ਇੱਕ ਸਭ ਤੋਂ ਪ੍ਰਮੁੱਖ ਕਾਰਕ ਜੋ ਇਸ ਵੱਧਦੇ ਫਾਸਲੇ ਵਿੱਚ ਯੋਗਦਾਨ ਦੇ ਰਿਹਾ ਹੈ ਉਹ ਹੈ ਡਿਜ਼ੀਟਲ ਸਿੱਖਿਆ। ਅੱਜ ਦੇ ਵਿਦਿਆਰਥੀ ਜਿਨ੍ਹਾਂ ਨੂੰ ਅਕਸਰ ਡਿਜ਼ੀਟਲ ਨਿਵਾਸੀ ਕਿਹਾ ਜਾਂਦਾ ਹੈ, ਇੱਕ ਐਸੇ ਯੁੱਗ ਵਿੱਚ ਵੱਡੇ ਹੋਏ ਹਨ ਜੋ ਤਕਨੀਕ ਨਾਲ ਭਰਪੂਰ ਹੈ। ਉਹ ਸੋਸ਼ਲ ਮੀਡੀਆ, ਆਨਲਾਈਨ ਗੇਮਿੰਗ ਅਤੇ ਵੱਖ-ਵੱਖ ਡਿਜ਼ੀਟਲ ਪਲੇਟਫਾਰਮਾਂ ਵਿੱਚ ਨਿਪੁੰਨ ਹਨ। ਇਸਦੇ ਵਿਰੁੱਧ, ਬਹੁਤ ਸਾਰੇ ਅਧਿਆਪਕ ਖਾਸ ਕਰਕੇ ਉਹ ਅਧਿਆਪਕ ਜਿਹਨਾਂ ਨੇ ਆਪਣੇ ਕੈਰੀਅਰ ਦੀ ਸ਼ੁਰੂਆਤ ਤਕਨੀਕ ਦੇ ਬੂਮ ਤੋਂ ਪਹਿਲਾਂ ਕੀਤੀ—ਨਵੀਨਤਮ ਟੂਲਾਂ ਅਤੇ ਰੁਝਾਨਾਂ ਨਾਲ ਸਾਂਝ ਪਾਉਣ ਵਿੱਚ ਮੁਸ਼ਕਲ ਮਹਿਸੂਸ ਕਰਦੇ ਹਨ।

ਵੱਖ ਵੱਖ ਸੰਸਥਾਵਾਂ ਦੁਆਰਾ ਕੀਤੇ ਗਏ ਹਾਲੀਆ ਸਰਵੇਖਣ ਦੇ ਅਨੁਸਾਰ 60% ਤੋਂ ਜ਼ਿਆਦਾ ਅਧਿਆਪਕਾਂ ਨੇ ਰਿਪੋਰਟ ਕੀਤਾ ਕਿ ਉਹ ਆਪਣੇ ਪਾਠਾਂ ਵਿੱਚ ਤਕਨੀਕ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸ਼ਾਮਲ ਕਰਨ ਲਈ ਤਿਆਰ ਨਹੀਂ ਮਹਿਸੂਸ ਕਰਦੇ। ਇਸ ਕਮੀ ਕਾਰਨ ਦੋਹਾਂ ਪੱਖਾਂ ’ਤੇ ਨਿਰਾਸ਼ਾ ਉੱਭਰ ਸਕਦੀ ਹੈ, ਕਿਉਂਕਿ ਵਿਦਿਆਰਥੀ ਉਸ ਸਮੇਂ ਬੇਪਰਵਾਹ ਹੋ ਸਕਦੇ ਹਨ ਜਦੋਂ ਪਾਠ ਉਨ੍ਹਾਂ ਦੇ ਡਿਜ਼ੀਟਲ ਜੀਵਨਸ਼ੈਲੀ ਨਾਲ ਜੁੜੇ ਨਹੀਂ ਹੁੰਦੇ।

**ਬਦਲਦੀਆਂ ਸੰਚਾਰ ਸ਼ੈਲੀਆਂ :** ਵਿਦਿਆਰਥੀਆਂ ਦੇ ਸੰਚਾਰ ਕਰਨ ਦਾ ਢੰਗ ਵੀ ਨਾਟਕੀ ਤੌਰ ’ਤੇ ਬਦਲ ਗਿਆ ਹੈ। ਟੈਕਸਟਿੰਗ ਅਤੇ ਤੁਰੰਤ ਸੁਨੇਹੇ ਭੇਜਣ ਦੇ ਚੜ੍ਹਦੇ ਰੁਝਾਨ ਨਾਲ, ਬਹੁਤ ਸਾਰੇ ਨੌਜਵਾਨ ਲੋਕ ਈਮੇਲਾਂ ਦੇ ਮੁਕਾਬਲੇ ਛੋਟੀਆਂ, ਗੈਰ-ਰਸਮੀ ਗੱਲਬਾਤਾਂ ਨੂੰ ਤਰਜ਼ੀਹ ਦਿੰਦੇ ਹਨ। ਅਧਿਆਪਕ ਜੋ ਅਕਸਰ ਹੋਰ ਪਰੰਪਰਾਗਤ ਸੰਚਾਰ ਦੇ ਢੰਗ ’ਤੇ ਨਿਰਭਰ ਕਰਦੇ ਹਨ, ਵਿਦਿਆਰਥੀਆਂ ਨਾਲ ਜੁੜਨ ਵਿੱਚ ਔਖ ਮਹਿਸੂਸ ਕਰ ਸਕਦੇ ਹਨ।

ਸਿੱਖਿਆ ਮਨੋਵਿਗਿਆਨੀ ਦੱਸਦੇ ਹਨ ਕਿ ਸੰਚਾਰ ਸ਼ੈਲੀਆਂ ਵਿੱਚ ਪੀੜ੍ਹੀਵਾਰ ਫਾਸਲਾ ਸਮਝਦਾਰੀ ਅਤੇ ਵਿਅਕਤੀਗਤ ਅਨੁਭਵਾਂ ਨੂੰ ਪੈਦਾ ਕਰ ਸਕਦਾ ਹੈ। ਜਦੋਂ ਵਿਦਿਆਰਥੀਆਂ ਨੂੰ ਮਹਿਸੂਸ ਹੁੰਦਾ ਹੈ ਕਿ ਉਨ੍ਹਾਂ ਦੀਆਂ ਆਵਾਜ਼ਾਂ ਨਹੀਂ ਸੁਣੀਆਂ ਜਾਂਦੀਆਂ ਜਾਂ ਸਮਝੀਆਂ ਜਾਂਦੀਆਂ, ਤਾਂ ਇਹ ਬੇਪਰਵਾਹੀ ਅਤੇ ਵਿਵਹਾਰਕ ਮੁੱਦਿਆਂ ਦੀਆਂ ਚਿੰਤਾਵਾਂ ਦਾ ਕਾਰਨ ਬਣ ਸਕਦਾ ਹੈ।

**ਬਦਲਦੀਆਂ ਸਿੱਖਿਆ ਦੀਆਂ ਉਮੀਦਾਂ :** ਇਸ ਤੋਂ ਇਲਾਵਾ, ਸਿੱਖਿਆ ਦੀਆਂ ਉਮੀਦਾਂ ਵੀ ਬਦਲ ਰਹੀਆਂ ਹਨ। ਅੱਜ ਦੇ ਵਿਦਿਆਰਥੀਆਂ ਨੂੰ ਨਾ ਸਿਰਫ ਅਕਾਦਮਿਕ ਤੌਰ ’ਤੇ ਵਧੀਆ ਕਰਨ ਦੀ ਉਮੀਦ ਕੀਤੀ ਜਾਂਦੀ ਹੈ ਸਗੋਂ ਉਹਨਾਂ ਨੂੰ ਨਿਰਣਾਇਕ ਸੋਚ, ਭਾਵਨਾਤਮਕ ਬੁੱਧੀ ਅਤੇ ਅਨੁਕੂਲਤਾ ਵਿਕਸਤ ਕਰਨ ਦੀ ਵੀ ਉਮੀਦ ਕੀਤੀ ਜਾਂਦੀ ਹੈ। ਸਿੱਖਿਆ ਦੇ ਇਸ ਬਹੁ-ਪੱਖੀ ਦ੍ਰਿਸ਼ਟੀਕੋਣ ਨੇ ਅਧਿਆਪਕਾਂ ’ਤੇ ਵਾਧੂ ਦਬਾਅ ਪੈਦਾ ਕੀਤਾ ਹੈ, ਜੋ ਪਾਠਕ੍ਰਮਾਂ ਦੀਆਂ ਲੋੜਾਂ ਅਤੇ ਵਿਦਿਆਰਥੀਆਂ ਦੇ ਸਮੁੱਚੇ ਵਿਕਾਸ ਦੀ ਲੋੜਾਂ ਨੂੰ ਸੰਤੁਲਿਤ ਕਰਨ ਲਈ ਕੰਮ ਕਰਨਾ ਚਾਹੁੰਦੇ ਹਨ।


ਡਾ. ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ
ਪੰਜਾਬ।

ਸਿੱਖਿਆ ਸਿਖਲਾਈ ਸੰਸਥਾਵਾਂ ਦੀ ਇੱਕ ਰਿਪੋਰਟ ਦਰਸਾਉਂਦੀ ਹੈ ਕਿ ਜਦੋਂ ਕਿ 85% ਅਧਿਆਪਕ ਮੰਨਦੇ ਹਨ ਕਿ ਉਹ ਅਕਾਦਮਿਕ ਸਮੱਗਰੀ ਸਿਖਾਉਣ ਲਈ ਤਿਆਰ ਹਨ, ਕੇਵਲ 40% ਮਹਿਸੂਸ ਕਰਦੇ ਹਨ ਕਿ ਉਹ ਸਮਾਜਿਕ-ਭਾਵਨਾ ਸਿਖਾਈ ਦੇਣ ਲਈ ਪ੍ਰਭਾਵਸ਼ਾਲੀ ਹਨ। ਇਹ ਅੰਤਰ ਵਿਦਿਆਰਥੀਆਂ ਨੂੰ ਮਹਿਸੂਸ ਕਰਵਾ ਸਕਦਾ ਹੈ ਕਿ ਉਹਨਾਂ ਦਾ ਸਮਰਥਨ ਨਹੀਂ ਕੀਤਾ ਜਾ ਰਿਹਾ।

**ਜਮਾਤ ਦੀਆਂ ਗਤੀਵਿਧੀਆਂ ’ਤੇ ਪ੍ਰਭਾਵ :** ਵੱਧਦਾ ਫਾਸਲਾ ਜਮਾਤ ਦੀਆਂ ਗਤੀਵਿਧੀਆਂ ਵਿੱਚ ਵੀ ਦਿਖਾਈ ਦੇ ਰਿਹਾ ਹੈ। ਅਧਿਆਪਕ ਮਨੋਵਿਗਿਆਨਿਕ ਸੁਭਾਅ ਦੇ ਮੁੱਦਿਆਂ ਅਤੇ ਵਿਦਿਆਰਥੀਆਂ ਤੋਂ ਵਧਦੀ ਬੇਪਰਵਾਹੀ ਦੇ ਵਧਦੇ ਕੇਸਾਂ ਦੀ ਰਿਪੋਰਟ ਕਰ ਰਹੇ ਹਨ, ਜਦੋਂ ਕਿ ਵਿਦਿਆਰਥੀਆਂ ਨੇ ਮਹਿਸੂਸ ਕੀਤਾ ਹੈ ਕਿ ਉਹਨਾਂ ਦੀ ਵਿਚਾਰਧਾਰਾ ਨੂੰ ਕੀਮਤੀ ਨਹੀਂ ਸਮਝਿਆ ਜਾਂਦਾ। ਵਿਦਿਆਰਥੀਆਂ ਅਨੁਸਾਰ ਕਈ ਵਾਰੀ ਇਹ ਮਹਿਸੂਸ ਹੁੰਦਾ ਹੈ ਕਿ ਉਹਨਾਂ ਦੇ ਅਧਿਆਪਕ ਸਿਰਫ ਇਹ ਨਹੀਂ ਸਮਝਦੇ ਕਿ ਵਿਦਿਆਰਥੀ ਕਿੰਨਾਂ ਹਾਲਾਤਾਂ ਵਿੱਚੋਂ ਗੁਜ਼ਰ ਰਹੇ ਹਨ।

ਇਸ ਮੁੱਦੇ ਦਾ ਸਾਹਮਣਾ ਕਰਨ ਲਈ, ਕੁਝ ਸਕੂਲ ਪ੍ਰੋਗ੍ਰਾਮ ਲਾਗੂ ਕਰ ਰਹੇ ਹਨ ਜੋ ਵਿਦਿਆਰਥੀਆਂ ਅਤੇ ਅਧਿਆਪਕਾਂ ਦਰਮਿਆਨ ਵਧੀਆ ਸੰਚਾਰ ਅਤੇ ਸਮਝ ਬਣਾਉਣ ’ਤੇ ਕੇਂਦ੍ਰਿਤ ਹਨ। ਸਮਾਨ-ਸਤਹ ਮੈਨਟਰਿੰਗ, ਸਹਿ-ਯੋਜਨਾ ਪ੍ਰੋਜੈਕਟ ਅਤੇ ਨਿਯਮਿਤ ਫੀਡਬੈਕ ਸੈਸ਼ਨਾਂ ਵਰਗੇ ਉਪਰਾਲੇ ਇਸ ਫਾਸਲੇ ਨੂੰ ਪੁੱਟਣ ਅਤੇ ਵਿਦਿਆਰਥੀ ਅਤੇ ਅਧਿਆਪਕ ਦੇ ਵਿਚਕਾਰ ਸੁਖਾਲੇ ਵਾਤਾਵਰਨ ਬਣਾਉਣ ਲਈ ਡਿਜ਼ਾਈਨ ਕੀਤੇ ਗਏ ਹਨ।

**ਭਵਿੱਖ ਵੱਲ ਦੇਖਣਾ :** ਜਿਵੇਂ ਕਿ ਸਿੱਖਿਆ ਮਾਹਰ ਅਤੇ ਵਿਦਿਆਰਥੀ ਇਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਨ। ਇਹ ਸਾਫ਼ ਹੈ ਕਿ ਵੱਧਦੇ ਫਾਸਲੇ ਦਾ ਸਾਹਮਣਾ ਕਰਨ ਲਈ ਸਿੱਖਿਆ ਪ੍ਰਣਾਲੀ ਦੇ ਹਰ ਪੱਖ ਤੋਂ ਇਕੱਠੇ ਹੋ ਕੇ ਕੋਸ਼ਿਸ਼ ਕਰਨ ਦੀ ਲੋੜ ਹੈ। ਤਕਨੀਕ ਇੰਟੀਗ੍ਰੇਸ਼ਨ, ਸੰਚਾਰ ਰਣਨੀਤੀਆਂ ਅਤੇ ਸਮਾਜਿਕ-ਭਾਵਨਾ ਸਿਖਾਈ ’ਤੇ ਕੇਂਦ੍ਰਿਤ ਪੇਸ਼ਾਵਰ ਵਿਕਾਸ ਪ੍ਰੋਗ੍ਰਾਮ ਅਧਿਆਪਕਾਂ ਨੂੰ ਉਹਨਾਂ ਦੇ ਵਿਦਿਆਰਥੀਆਂ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਜੁੜਨ ਲਈ ਲੋੜੀਂਦੇ ਟੂਲਾਂ ਨਾਲ ਸਜਾਇਆ ਜਾ ਸਕਦਾ ਹੈ।

ਇਸ ਤੋਂ ਇਲਾਵਾ ਵਿਦਿਆਰਥੀਆਂ ਅਤੇ ਅਧਿਆਪਕਾਂ ਦਰਮਿਆਨ ਖੁੱਲ੍ਹੀ ਗੱਲਬਾਤ ਨੂੰ ਉਤਸ਼ਾਹਿਤ ਕਰਨਾ ਆਪਸੀ ਤਾਲਮੇਲ ਅਤੇ ਸਮਝ ਬਣਾਉਣ ਵਿੱਚ ਮਦਦਗਾਰ ਹੋ ਸਕਦਾ ਹੈ। ਇੱਕ ਦੂਜੇ ਦੇ ਨਜ਼ਰੀਏ ਨੂੰ ਮੰਨ ਕੇ ਅਤੇ ਸਾਂਝੇ ਟੀਚਿਆਂ ਵੱਲ ਮਿਲ ਕੇ ਕੰਮ ਕਰਕੇ ਦੋਵੇਂ ਪੱਖ ਇੱਕ ਸੁਖਦਾਈ ਅਤੇ



ਉਤਪਾਦਕ ਸਿੱਖਣ ਵਾਲਾ ਵਾਤਾਵਰਨ ਬਣਾਉਣ ’ਚ ਯੋਗਦਾਨ ਦੇ ਸਕਦੇ ਹਨ।

ਜਿਸ ਯੁੱਗ ਵਿੱਚ ਸਿੱਖਿਆ ਪਹਿਲਾਂ ਤੋਂ ਵੀ ਜ਼ਿਆਦਾ ਮਹੱਤਵਪੂਰਣ ਹੈ? ਵਿਦਿਆਰਥੀਆਂ ਅਤੇ ਅਧਿਆਪਕਾਂ ਦਰਮਿਆਨ ਫਾਸਲੇ ਨੂੰ ਘਟਾਉਣਾ ਨਾ ਸਿਰਫ ਲਾਭਦਾਇਕ ਹੈ ਬਲਕਿ ਇਹ ਭਵਿੱਖ ਦੇ ਆਗੂਆਂ ਨੂੰ ਵਿਕਸਤ ਕਰਨ ਲਈ ਅਹਿਮ ਹੈ। ਜਦੋਂ ਦੋਵੇਂ ਪੱਖ ਇੱਕ ਦੂਜੇ ਨਾਲ ਮਿਲ ਕੇ ਕੰਮ ਕਰਨ ਦੀ ਕੋਸ਼ਿਸ਼ ਕਰਦੇ ਹਨ ਉਸ ਸਮੇਂ ਇਹ ਆਸ਼ਾ ਜਗਦੀ ਹੈ ਕਿ ਜਮਾਤ ਸਿੱਖਣ ਤੇ ਸਿਖਲਾਈ ਦੇ ਬਹੁਤ ਵਧੀਆ ਸਥਾਨ ਬਣ ਸਕਦੇ ਹਨ।

ਵਿਦਿਆਰਥੀਆਂ ਅਤੇ ਅਧਿਆਪਕਾਂ ਵਿਚਕਾਰ ਫਾਸਲਾ ਵੱਧ ਸਕਦਾ ਹੈ ਪਰੰਤੂ ਪਹਿਲਾਂ ਤੋਂ ਹੀ ਕੋਸ਼ਿਸ਼ ਅਤੇ ਚੰਗੀਆਂ ਨੀਤੀਆਂ ਲਾਗੂ ਕਰਕੇ ਇਸ ਪਾੜੇ ਨੂੰ ਘੱਟ ਕਰਨ ਦੀ ਇੱਛਾ ਨਾਲ ਇਸ ਚੁਣੌਤੀ ਨੂੰ ਵਿਕਾਸ ਅਤੇ ਸੰਪਰਕ ਲਈ ਇੱਕ ਮੌਕੇ ਵਿੱਚ ਬਦਲਣਾ ਸੰਭਵ ਹੈ। ਮੌਜੂਦਾ ਯੁਗ ਵਿੱਚ ਜਦੋਂ ਅਸੀਂ ਸਿੱਖਿਆ ਦੇ ਭਵਿੱਖ ਵੱਲ ਦੇਖ ਰਹੇ ਹਾਂ ਤਾਂ ਇਹ ਜਰੂਰੀ ਹੈ ਕਿ ਪੀੜ੍ਹੀਆਂ ਵਿਚਕਾਰ ਸਮਝ ਬਣਾਉਣਾ ਸਾਡੇ ਸਿੱਖਣ ਸਿਖਾਉਣ ਦੀ ਪੂਰੀ ਸੰਭਾਵਨਾ ਨੂੰ ਖੋਲ੍ਹਣ ਲਈ ਕੁੰਜੀ ਹੋਵੇਗਾ।

# Dosanjh Family AUTO GROUP

Cadillac CHEVROLET INFINITI KIA NISSAN BUICK

GMC LIVERMORE TOYOTA HYUNDAI Fremont Hyundai TOYOTA Ford ACURA

DUBLIN CHEVOLET
DUBLIN CADILLAC
DUBLIN BUICK GMC
DUBLIN KIA
DUBLIN NISSAN
DUBLIN INFINITI

FREMONT CHEVROLET
FREMONT CADILLAC
FREMONT BUICK GMC
STEVENS CREEK CHEVROLET
STEVENS CREEK CADILLAC
FREMONT HYUNDAI

CONCORD CHEVROLET
ACURA OF CONCORD
CONCORD NISSAN
LIVERMORE TOYOTA
FREMONT FORD